# ਤਤਕਰਾ


| ਕ੍ਰਮ ਅੰਕ | ਪੰਨਾ |
|---|---|
| 1. ਮੁੱਖ ਬੰਦ | 3 |
| 2. ਇਕ ਰੁੱਖ ਸੌ ਸੁੱਖ | 7 |
| 3. ਭਗਤ ਪੂਰਨ ਸਿੰਘ ਵੱਲੋਂ ਚਿਤਾਵਨੀ ਤੇ ਉਪਦੇਸ਼ | 9 |
| 4. ਹਰ ਬੰਦਾ ਆਪਣੇ ਜੀਵਨ ਵਿੱਚ ਪੰਜ ਰੁੱਖ ਜ਼ਰੂਰੀ ਲਾਵੇ | 11 |
| 5. ਧਰਤੀ ਨੂੰ ਰੇਤ ਦਾ ਮਾਰੂਥਲ ਹੋਣ ਤੋਂ ਬਚਾਉ | 13 |
| 6. ਰੁੱਖ ਲਾਉਣੇ ਨਾ ਭੁੱਲੋ | 18 |
| 7. ਰੁੱਖ (ਕਵਿਤਾ) | 19 |
| 8. ਰੁੱਖ (ਕਵਿਤਾ) | 20 |
| 9. ਰੁੱਖ (ਕਵਿਤਾ) | 21 |
| 10. ਰੁੱਖ (ਕਵਿਤਾ) | 22 |
| 11. ਹਵਾ ਨੂੰ ਸਾਫ਼ ਸੁਥਰਾ ਰੱਖਣ 'ਚ ਰੁੱਖਾਂ ਦੀ ਮਹੱਤਤਾ | 24 |
| 12. ਧਰਤੀ ਕਰੇ ਪੁਕਾਰ-ਨਾ ਲੁੱਟੋ ਕੁਦਰਤ ਦੇ ਭੰਡਾਰ | 28 |
| 13. ਮੈਂ ਰੁੱਖ ਬੋਲਦਾ ਹਾਂ (ਕਵਿਤਾ) | 31 |
| 14. ਪ੍ਰਿਥਵੀ ਦੇ ਹਰਿਆਲੇ ਫੇਫੜੇ | 33 |
| 15. ਰੁੱਖ ਤੇ ਹਵਾ | 39 |
| 16. ਕੁੱਝ ਰੁੱਖ ਮੈਨੂੰ ਪੁੱਤ ਲੱਗਦੇ ਨੇ | 40 |
| 17. ਰੁੱਖ ਧਰਤੀ ਦੀ ਖੱਲੜੀ ਹਨ | 48 |
| 18. ਰੁੱਖਾਂ ਤੋਂ ਬਣਨ ਵਾਲੇ ਕਾਗ਼ਜ਼ ਦਾ ਉਜਾੜਾ | 53 |
| 19. ਇਕੱਲਾ ਮਨੁੱਖ ਵੀ ਕਰਾਮਾਤ ਕਰ ਸਕਦੈ | 57 |
| 20. ਜੰਗਲ ਨਾ ਰਹੇ ਤਾਂ ਮਨੁੱਖ ਵੀ ਨਹੀਂ ਰਹੇਗਾ | 70 |
| 21. ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ | 77 |
| 22. ਬਿਰਖਾਂ ਬਾਝ ਨਾ ਸੋਂਹਦੀ ਧਰਤੀ | 80 |
| 23. ਬਾਬੇ ਬਿਰਖ ਤੇ ਬਿਰਖਾਂ ਵਾਲੇ ਬਾਬੇ | 85 |
| 24. ਆਉ ਹਰਿਆਲੀ ਮੋੜ ਲਿਆਈਏ | 89 |
| 25. ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ | 92 |
| 26. ਗੱਲ ਰੁੱਖਾਂ ਦੇ ਦਿਮਾਗ਼ ਦੀ... | 96 |
| 27. ਰੁੱਖ (ਕਵਿਤਾ) | 106 |
| 28. ਪਿੰਗਲਵਾੜਾ ਸੰਸਥਾ ਦੀਆਂ ਪ੍ਰਾਪਤੀਆਂ | 107 |




ਪ੍ਰਕਾਸ਼ਕ: ਡਾ: ਇੰਦਰਜੀਤ ਕੌਰ
ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ :)
ਅੰਮ੍ਰਿਤਸਰ
ਫ਼ੋਨ : 0183-2584713, 2584586
ਫ਼ੈਕਸ ਨੰ : 0183-2584586
website . www. Pingalwara.org
E-mail : pingalwara57@gmail.com

ਪੂਰਨ ਪ੍ਰਿੰਟਿੰਗ ਪ੍ਰੈਸ ਪਿੰਗਲਵਾੜਾ ਬਿਲਡਿੰਗਜ਼, ਮਾਨਾਂਵਾਲਾ ਕੰਪਲੈਕਸ
ਅੰਮ੍ਰਿਤਸਰ ।
ਅਕਤੂਬਰ 2018 ਨੂੰ ਛਾਪੀ ਗਈ 10,000
ਹੁਣ ਤਕ ਕੁੱਲ ਛਪੀ 1,50,000

**ਭੇਟਾ ਰਹਿਤ**

# ਮੁੱਖ-ਬੰਦ

## ਰੁੱਖ ਲਾਉਣੇ ਕਿਉਂ ਜ਼ਰੂਰੀ ਹਨ?

ਸਾਂਝੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸੀਂ ਮੇਰਾ ਗੀਤ ਏ ਸੁਣਨਾ
ਮੈਂ ਰੁੱਖਾਂ ਵਿੱਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ

-ਸ਼ਿਵ ਕੁਮਾਰ ਬਟਾਲਵੀ

ਮਨੁੱਖ ਤੇ ਰੁੱਖ ਦਾ ਰਿਸ਼ਤਾ ਅਟੁੱਟ ਹੈ ਅਤੇ ਸਾਧਾਰਣ ਜ਼ਿੰਦਗੀ ਵਿੱਚ ਰੁੱਖਾਂ ਦਾ ਬਹੁਤ ਮਹੱਤਵ ਹੈ ।

ਰੁੱਖ ਹਵਾ ਨੂੰ ਗੰਦੀ ਹੋਣ ਤੋਂ ਬਚਾਉਂਦੇ ਹਨ। ਇਹ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ ਅਤੇ ਕਾਰਬਨ-ਡਾਇਆਕਸਾਈਡ ਤੇ ਹੋਰ ਗੈਸਾਂ ਨੂੰ ਆਪਣੇ ਵਿੱਚ ਜਜ਼ਬ ਕਰ ਲੈਂਦੇ ਹਨ।

ਰੁੱਖ ਹਨੇਰੀ ਅਤੇ ਹੜ੍ਹਾਂ ਦੇ ਪਾਣੀ ਦੇ ਵਹਾਅ ਨਾਲ ਮਿੱਟੀ ਨੂੰ ਖੁਰਨ ਤੋਂ ਬਚਾਉਂਦੇ ਹਨ। ਰੁੱਖ ਧਰਤੀ ਦੀ ਉਪਜਾਊ-ਸ਼ਕਤੀ ਨੂੰ ਬਚਾ ਕੇ ਰੱਖਦੇ ਹਨ। ਸੂਰਜ ਦੀ ਗਰਮੀ ਨਾਲ ਜਦੋਂ ਪਹਾੜਾਂ ਤੋਂ ਬਰਫ਼ ਪਿਘਲਦੀ ਹੈ ਤਾਂ ਉਹ ਪਾਣੀ ਦੇ ਰੂਪ ਵਿੱਚ ਬੜੀ ਤੇਜ਼ੀ ਨਾਲ ਮੈਦਾਨਾਂ ਵੱਲ ਵਧਦੀ ਹੈ। ਜੇਕਰ ਪਹਾੜਾਂ ਅਤੇ ਮੈਦਾਨਾਂ ਵਿੱਚ ਰੁੱਖ ਨਾ ਲੱਗੇ ਹੋਣ ਤਾਂ ਹੜ੍ਹ ਦਾ ਇਹ ਪਾਣੀ ਉਪਜਾਊ ਮਿੱਟੀ ਨੂੰ ਆਪਣੇ ਨਾਲ ਖੋਰ ਕੇ ਦਰਿਆਵਾਂ ਵਿੱਚ ਲੈ ਜਾਂਦਾ ਹੈ ਅਤੇ ਇਸਦੀ ਉਪਜਾਊ-ਸ਼ਕਤੀ ਨਸ਼ਟ ਹੋ ਜਾਂਦੀ ਹੈ।



ਜਦੋਂ ਬਾਰਸ਼ ਹੁੰਦੀ ਹੈ ਤਾਂ ਰੁੱਖ ਮੀਂਹ ਦੇ ਪਾਣੀ ਨੂੰ ਸਿੱਧਾ ਧਰਤੀ 'ਤੇ ਡਿੱਗਣ ਤੋਂ ਰੋਕਦੇ ਹਨ ਜਿਸ ਕਰਕੇ ਪਾਣੀ ਪੱਤਿਆਂ, ਟਹਿਣੀਆਂ ਤੇ ਜੜ੍ਹਾਂ ਵਿੱਚੋਂ ਹੋ ਕੇ ਧਰਤੀ ਵਿੱਚ ਸਮਾਅ ਜਾਂਦਾ ਹੈ।ਇਸ ਤਰ੍ਹਾਂ ਰੁੱਖ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਸੋਖ ਕੇ ਧਰਤੀ ਦੇ ਹੇਠਾਂ ਵਾਲੇ ਪਾਣੀ ਦੇ ਜਲ-ਸਰੋਤਾਂ ਨੂੰ ਕਾਇਮ ਰੱਖਦੇ ਹਨ, ਜਿਨ੍ਹਾਂ ਨੂੰ ਮਗਰੋਂ ਅਸੀਂ ਚਸ਼ਮਿਆਂ ਅਤੇ ਖੂਹਾਂ ਦੇ ਰੂਪ ਵਿੱਚ ਵਰਤਦੇ ਹਾਂ।

* ਰੁੱਖ ਪਹਾੜੀ ਤੇ ਮੈਦਾਨੀ ਇਲਾਕਿਆਂ ਵਿੱਚ ਬੱਦਲਾਂ ਨੂੰ ਆਪਣੇ ਕੋਲ ਖਿੱਚ ਕੇ ਮੀਂਹ ਦਾ ਕਾਰਣ ਬਣਦੇ ਹਨ।
* ਰੁੱਖ ਪਸ਼ੂਆਂ, ਪੰਛੀਆਂ ਅਤੇ ਹੋਰ ਜੀਵਾਂ ਨੂੰ ਰੈਣ ਬਸੇਰੇ ਵਾਸਤੇ ਜਗ੍ਹਾ ਦਿੰਦੇ ਹਨ। ਇਸ ਤਰ੍ਹਾਂ ਰੁੱਖ ਜੀਵਾਂ ਦੀ ਨਸਲ ਖ਼ਤਮ ਹੋਣ ਤੋਂ ਬਚਾਉਂਦੇ ਹਨ।
* ਰੁੱਖਾਂ ਤੋਂ ਸਾਨੂੰ ਰੋਟੀ ਸੇਕਣ ਵਾਸਤੇ, ਬਾਲਣ ਤੇ ਨਿੱਤ ਵਰਤੋਂ ਵਾਸਤੇ ਲੱਕੜ ਪ੍ਰਾਪਤ ਹੁੰਦੀ ਹੈ।
* ਰੁੱਖਾਂ ਦੇ ਪੱਤੇ ਤੇ ਟਹਿਣੀਆਂ ਤੋਂ ਪਸ਼ੂਆਂ ਦੀ ਖ਼ੁਰਾਕ ਬਣਦੀ ਹੈ।
* ਰੁੱਖਾਂ ਤੋਂ ਕਈ ਕਿਸਮ ਦੀਆਂ ਵਸਤੂਆਂ ਮਿਲਦੀਆਂ ਹਨ ਜਿਹੜੀਆਂ ਦਵਾਈਆਂ ਬਣਾਉਣ ਦੇ ਕੰਮ ਆਉਂਦੀਆਂ ਹਨ । ਜੜੀ-ਬੂਟੀਆਂ, ਬੀਜ ਤੇ ਗੂੰਦ ਬਹੁਤ ਲਾਭਦਾਇਕ ਹਨ।
* ਰੁੱਖਾਂ ਤੋਂ ਕਈ ਕਿਸਮ ਦੇ ਫਲ ਅਤੇ ਫੁੱਲ ਮਿਲਦੇ ਹਨ।
* ਰੁੱਖਾਂ ਤੋਂ ਪੈਦਾ ਹੋਈ ਆਕਸੀਜਨ ਜਾਨਵਰਾਂ ਦਾ ਜੀਵਨ ਸਰੋਤ ਹੈ।
* ਰੁੱਖ ਧਰਤੀ ਦਾ ਬਹੁਮੁੱਲਾ ਖ਼ਜ਼ਾਨਾ ਹਨ । ਸਾਇੰਸਦਾਨਾਂ ਦੇ ਮੁਤਾਬਕ ਇਕ ਪੰਜਾਹ ਸਾਲਾਂ ਦੇ ਰੁੱਖ ਤੋਂ ਬਾਰਾਂ ਲੱਖ ਪੰਝੀ ਹਜ਼ਾਰ ਰੁਪਏ ਤੋਂ ਵੱਧ ਦਾ ਲਾਭ ਮਿਲ ਸਕਦਾ ਹੈ। ਇਸ ਦਾ ਬਿਓਰਾ ਇਸ ਪ੍ਰਕਾਰ ਹੈ:-

| | |
|---|---|
| * ਰੁੱਖ ਦਾ ਮੁੱਲ | 2,50,000 |
| * ਪ੍ਰਦੂਸ਼ਣ ਨੂੰ ਘੱਟ ਕਰਨ ਦਾ ਮੁੱਲ | 2,25,000 |
| * ਮਿੱਟੀ ਨੂੰ ਵਹਿਣ ਤੋਂ ਬਚਾਉਣ ਦਾ ਤੇ ਧਰਤੀ ਨੂੰ ਉਪਜਾਊ ਬਣਾਉਣ ਦਾ ਮੁੱਲ | 2,50,000 |

| | |
|---|---|
| * ਪਾਣੀ ਦੇ ਸੋਮਿਆਂ ਨੂੰ ਬਰਕਰਾਰ ਰੱਖਣ ਦਾ ਮੁੱਲ – | 2,50,000 |
| * ਜਾਨਵਰਾਂ ਤੇ ਪੰਛੀਆਂ ਦੀ ਸੁਰੱਖਿਆ | 2,50,000 |
| ਕੁੱਲ ਜੋੜ | 12,25,000 |

**ਰੁੱਖਾਂ ਤੋਂ ਪ੍ਰਾਪਤ ਲੱਕੜ, ਫਲ ਅਤੇ ਫੁੱਲਾਂ ਦੀ ਕੀਮਤ ਇਸ ਵਿੱਚ ਸ਼ਾਮਲ ਨਹੀਂ ਹੈ।**

ਕੇਵਲ ਜੰਗਲ ਹੀ ਐਸਾ ਇੱਕੋ-ਇਕ ਸਾਧਨ ਹੈ ਜਿਹੜਾ ਕਾਰਖ਼ਾਨਿਆਂ ਦੇ ਦੂਸ਼ਿਤ ਪਦਾਰਥਾਂ ਤੇ ਧੂੜ ਨੂੰ ਠੀਕ ਢੰਗ ਨਾਲ ਸ਼ੁੱਧ ਕਰਕੇ ਪ੍ਰਾਣੀ-ਮਾਤਰ ਦਾ ਜੀਵਨ ਦਾਨੀ ਬਣ ਸਕਦਾ ਹੈ। ਸ੍ਰੀ ਭਗਵਤ ਪੁਰਾਣ ਵਿੱਚ ਲਿਖਿਆ ਹੈ ਕਿ ਵੱਡੇ-ਵੱਡੇ ਰੁੱਖ ਹੋਰਨਾਂ ਨੂੰ ਛਾਂ ਦਿੰਦੇ ਹਨ ਅਤੇ ਆਪ ਸੂਰਜ ਦੀ ਤਪਸ਼ ਸਹਿੰਦੇ ਹਨ। ਉਨ੍ਹਾਂ ਉੱਤੇ ਫਲ ਵੀ ਆਪਣੇ ਲਈ ਨਹੀਂ ਹੁੰਦੇ ਬਲਕਿ ਹੋਰਾਂ ਲਈ ਹੁੰਦੇ ਹਨ। ਮਤੱਸਿਆ-ਪੁਰਾਣ ਅਨੁਸਾਰ ਜੋ ਮਨੁੱਖ ਇਕ ਖੂਹ ਖੋਦਦਾ ਹੈ, ਉਹ ਸਵਰਗ ਵਿੱਚ ਉਦੋਂ ਤਕ ਰਹਿੰਦਾ ਹੈ ਜਿੰਨੀਆਂ ਖੂਹ ਵਿੱਚ ਪਾਣੀ ਦੀਆਂ ਬੂੰਦਾਂ ਹੁੰਦੀਆਂ ਹਨ। ਦਸ ਖੂਹ ਖੋਦਣ ਦਾ ਕੰਮ ਇਕ ਤਲਾਬ ਖੋਦਣ ਦੇ ਬਰਾਬਰ ਹੈ। ਦਸ ਤਲਾਬਾਂ ਦਾ ਕੰਮ ਇਕ ਝੀਲ ਬਣਾਉਣ ਦੇ ਬਰਾਬਰ ਹੈ। ਦਸ ਝੀਲਾਂ ਦਾ ਪੁੰਨ ਉਤਨਾ ਹੀ ਮਹੱਤਵਪੂਰਨ ਹੈ ਜਿੰਨਾ ਇਕ ਨੇਕ ਪੁੱਤਰ ਦੀ ਪ੍ਰਾਪਤੀ ਦਾ ਅਤੇ ਦਸ ਨੇਕ ਪੁੱਤਰਾਂ ਦੀ ਪ੍ਰਾਪਤੀ ਇਕ ਰੁੱਖ ਲਗਾਉਣ ਦੇ ਬਰਾਬਰ ਹੈ। ਪਦਮ ਪੁਰਾਣ ਦੇ ਅਨੁਸਾਰ ਵੱਡੇ-ਵੱਡੇ ਰੁੱਖ ਈਸ਼ਵਰ ਦੇ ਹੀ ਭਿੰਨ-ਭਿੰਨ ਰੂਪ ਹਨ।

ਇਸ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜਦੋਂ ਆਸਾਮ ਦੇ ਦੌਰੇ ’ਤੇ ਗਏ ਤਾਂ ਉਹਨਾਂ ਨੇ ਜਗ੍ਹਾ-ਜਗ੍ਹਾ ਰੁੱਖ ਲਗਵਾਏ।

ਸ਼ਹਿਨਸ਼ਾਹ ਅਸ਼ੋਕ ਨੇ ਸੜਕਾਂ ’ਤੇ ਪੱਥਰਾਂ ’ਤੇ ਨਿਸ਼ਾਨ ਲਿਖਵਾ ਦਿੱਤੇ ਕਿ ਸਾਨੂੰ ਰੁੱਖ ਲਾਉਣੇ ਚਾਹੀਦੇ ਹਨ।

ਮਹਾਨ ਪਰਿਆਵਰਣ ਪ੍ਰੇਮੀ ਸ੍ਰੀ ਸੁੰਦਰ ਲਾਲ ਬਹੁਗੁਣਾ ਜੀ ਨੇ ਚਿਪਕੋ ਅੰਦੋਲਨ ਚਲਾ ਕੇ ਸਾਰੀ ਦੁਨੀਆਂ ਨੂੰ ਨਵੇਂ ਰੁੱਖ ਲਗਵਾਉਣ ਅਤੇ ਪੁਰਾਣੇ ਰੁੱਖ ਬਚਾਉਣ ਲਈ ਜਾਗਰਤ ਕੀਤਾ। ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਇਕ ਬਿਸਨੋਈ ਇਸਤਰੀ ‘ਅੰਮ੍ਰਿਤਾ ਦੇਵੀ’ ਨੇ ਰੁੱਖਾਂ ਨੂੰ ਬਚਾਉਣ ਲਈ ਆਪਣੀ ਜ਼ਿੰਦਗੀ ਦੀ ਅਹੂਤੀ ਦਿੱਤੀ।



ਸਵਰਗਵਾਸੀ ਮਹਾਨ ਸੇਵਕ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਕਿਹਾ ਕਰਦੇ ਸਨ ਕਿ ਰੁੱਖ ਲਾਉਣ ਨਾਲ ਹੀ ਅਸੀਂ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾ ਸਕਦੇ ਹਾਂ।

ਧਰਤੀ ਦੀ ਰੱਖਿਆ ਵੱਲੋਂ ਬੇਫ਼ਿਕਰ ਰਹਿ ਕੇ ਦੁਨੀਆਂ ਦੇ ਲੋਕ ਆਪਣੇ ਬੱਚਿਆਂ ਦਾ ਭਵਿੱਖ ਖ਼ਤਰੇ ਵਿੱਚ ਪਾ ਰਹੇ ਹਨ। ਇਸ ਲਈ ਜੇਕਰ ਭਿਆਨਕ ਤਬਾਹੀਆਂ ਤੋਂ ਬਚਣਾ ਚਾਹੁੰਦੇ ਹੋ ਤਾਂ ਰੁੱਖ ਲਾਉਣ ਲਈ ਕਮਰਕੱਸੇ ਕਰ ਲਉ।

ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਂ ਦੀ ਪੁਕਾਰ ਸੁਣੋ ।

ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਅਧਾਰ ਹਨ। ਜ਼ਿਆਦਾ ਤੋਂ ਜ਼ਿਆਦਾ ਰੁੱਖ ਲਾ ਕੇ ਮਾਨਵਤਾ ਦਾ ਭਲਾ ਕਰੋ। ਜੇ ਸਰਕਾਰ ਜਾਂ ਕੋਈ ਹੋਰ ਪ੍ਰਾਣੀ ਰੁੱਖ ਕੱਟਣ ਦਾ ਯਤਨ ਕਰੇ ਤਾਂ ਉਸਦਾ ਡਟ ਕੇ ਵਿਰੋਧ ਕਰੋ, ਵਰਖਾ ਰੁੱਤ ਵੇਲੇ ਹਰ ਪ੍ਰਾਣੀ ਘੱਟੋ-ਘੱਟ ਇਕ ਰੁੱਖ ਜ਼ਰੂਰ ਲਾਵੇ।

ਭਗਤ ਪੂਰਨ ਸਿੰਘ ਜੀ ਦੀ ਬਰਸੀ ਹਰ ਸਾਲ ੫ ਅਗਸਤ ਨੂੰ ਸਾਵਣ ਦੇ ਮਹੀਨੇ ਵਿੱਚ ਆਉਂਦੀ ਹੈ। ਸਾਵਣ ਦਾ ਮਹੀਨਾ ਹੀ ਰੁੱਖ ਲਗਾਉਣ ਲਈ ਢੁਕਵਾਂ ਸਮਾਂ ਹੈ।

ਆਓ, ਅਸੀਂ ਰਲ ਮਿਲ ਕੇ ਪ੍ਰਣ ਕਰੀਏ ਕਿ ਭਗਤ ਪੂਰਨ ਸਿੰਘ ਜੀ ਦੀ ਬਰਸੀ ਨੂੰ ਮਹਾਂਉਤਸਵ ਦੇ ਤੌਰ ’ਤੇ ਮਨਾਈਏ ਅਤੇ ਵੱਧ ਤੋਂ ਵੱਧ ਰੁੱਖ ਲਗਾਈਏ।

ਮੁੱਖ ਸੇਵਕਾ,
ਡਾ: ਇੰਦਰਜੀਤ ਕੌਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ।
ਫ਼ੋਨ ਨੰ: 0183-2584586, 2584713, ਫ਼ੈਕਸ 0183-2584586

# ਇਕ ਰੁੱਖ ਸੌ ਸੁੱਖ

1. ਇਸ ਵੇਲੇ ਪੰਜਾਬ ਵਿੱਚ ਰੁੱਖਾਂ ਦਾ ਰਕਬਾ ਘਟ ਕੇ ਸਿਰਫ਼ 5.5 ਪ੍ਰਤੀਸ਼ਤ ਰਹਿ ਗਿਆ ਹੈ ਜਦੋਂ ਕਿ ਇਹ ਘੱਟ ਤੋਂ ਘੱਟ ਇੱਕੀ ਪ੍ਰਤੀਸ਼ਤ ਹੋਣਾ ਚਾਹੀਦਾ ਹੈ, ਤਾਂ ਜੋ ਵਾਤਾਵਰਣ ਸੰਤੁਲਿਤ ਰਹਿ ਸਕੇ।

2. ਰੁੱਖਾਂ ਦੀ ਅਣਹੋਂਦ ਕਰਕੇ ਜ਼ਮੀਨ ਹੇਠਲੇ ਪਾਣੀ ਦੀ ਸਤਹ ਦਿਨੋ ਦਿਨ ਡਿੱਗਦੀ ਜਾ ਰਹੀ ਹੈ। ਕਈ ਪਿੰਡਾਂ ਵਿੱਚ 50-60 ਫੁੱਟ ਥੱਲੇ ਜਾ ਚੁੱਕੀ ਹੈ।

3. ਰੁੱਖਾਂ ਦੀ ਅਣਹੋਂਦ ਕਰਕੇ ਧਰਤੀ ਦੀ ਉੱਪਰਲੀ ਉਪਜਾਊ ਤਹਿ ਦੀ ਮਿੱਟੀ ਉੱਡਦੀ ਜਾ ਰਹੀ ਹੈ ਤੇ ਜ਼ਮੀਨ ਰੇਤਲੀ ਹੁੰਦੀ ਜਾ ਰਹੀ ਹੈ।

4. ਰੁੱਖਾਂ ਦੀ ਅਣਹੋਂਦ ਨਾਲ ਮੌਸਮ ਵਿੱਚ ਤਬਦੀਲੀਆਂ ਆ ਰਹੀਆਂ ਹਨ। ਕਈ ਜਗ੍ਹਾ 'ਤੇ ਬਾਰਸ਼ ਘੱਟ ਹੋ ਰਹੀ ਹੈ। ਕਈ ਥਾਵਾਂ ਹੜ੍ਹਾਂ ਦੇ ਅਸਰ ਥੱਲੇ ਆ ਗਈਆਂ ਹਨ।

5. ਰੁੱਖਾਂ ਦੀ ਅਣਹੋਂਦ ਨਾਲ ਧਰਤੀ ਥੱਲੜੇ ਪਾਣੀ ਦੇ ਵਹਾਅ ਬਦਲ ਗਏ ਹਨ। ਕਈ ਇਲਾਕੇ ਸਲ੍ਹਾਬ ਜਾਂ ਖਾਰੇਪਨ ਦੇ ਅਸਰ ਥੱਲੇ ਆ ਚੁੱਕੇ ਹਨ।

**ਇਨ੍ਹਾਂ ਅਸਰਾਂ ਹੇਠ ਜੋ ਇਲਾਕੇ ਆ ਚੁੱਕੇ ਹਨ ਉਨ੍ਹਾਂ ਦੇ ਅੰਕੜੇ ਇਸ ਪ੍ਰਕਾਰ ਹਨ:**

(ੳ) 5 ਕਰੋੜ 80 ਲੱਖ ਹੈਕਟੇਅਰ ਖੇਤੀਬਾੜੀ ਵਾਲੀ ਜ਼ਮੀਨ ਅਤੇ 60 ਲੱਖ ਹੈਕਟੇਅਰ ਜੰਗਲਾਂ ਦੀ ਜ਼ਮੀਨ ਖੁਰਨ ਨਾਲ ਪ੍ਰਭਾਵਤ ਹੋ ਚੁੱਕੀ ਹੈ।

(ਅ) ਪਿਛਲੇ ਦਸ ਸਾਲਾਂ ਵਿੱਚ ਹੜ੍ਹਾਂ ਤੋਂ ਪ੍ਰਭਾਵਤ ਜ਼ਮੀਨ ਦਾ ਰਕਬਾ 2 ਕਰੋੜ ਏਕੜ ਤੋਂ ਵਧ ਕੇ 4 ਕਰੋੜ ਏਕੜ ਹੋ ਚੁੱਕਾ ਹੈ।

(ੲ) 2 ਕਰੋੜ ਏਕੜ ਜ਼ਮੀਨ ਖਾਰੇਪਨ ਦੇ ਅਸਰ ਥੱਲੇ ਆ ਚੁੱਕੀ ਹੈ।

(ਸ) 8 ਕਰੋੜ 90 ਲੱਖ ਹੈਕਟੇਅਰ ਜ਼ਮੀਨ ਸਲ੍ਹਾਬ ਦੇ ਅਸਰ ਥੱਲੇ ਆ ਚੁੱਕੀ ਹੈ।

(ਹ) ਰੁੱਖਾਂ ਦੇ ਕੱਟਣ ਨਾਲ 66,000 ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਜਾਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਰੁੱਖ—ਮਨੁੱਖ ਅਤੇ ਕੁਦਰਤ ਦੀਆਂ ਕਰੋਧਤੀ ਸ਼ਕਤੀਆਂ ਵਿਚਕਾਰ



ਇਕ ਚੱਟਾਨ ਵਾਂਙ ਖੜ੍ਹੇ ਹੁੰਦੇ ਹਨ। ਇਹ ਝੱਖੜ, ਤੂਫ਼ਾਨ, ਮੀਂਹ ਹਨੇਰੀ, ਹੜ੍ਹ, ਗਰਮੀ ਅਤੇ ਸਰਦੀ ਵਰਗੀਆਂ ਤਾਕਤਾਂ ਨੂੰ ਸੋਧ ਸਕਦੇ ਹਨ। **ਰੁੱਖਾਂ ਦਾ ਇਕ ਵਰਗ ਕਿਲੋਮੀਟਰ ਜੰਗਲ ਆਪਣੀਆਂ ਜੜ੍ਹਾਂ ਵਿੱਚ 20,000 ਤੋਂ 30,000 ਕਿਊਬਿਕ ਮੀਟਰ ਪਾਣੀ ਰੱਖਦਾ ਹੈ।** ਇਹ ਪਾਣੀ ਮੀਂਹ ਹੇਠਲੇ ਪਾਣੀ ਦੀ ਸਤਹ ਨੂੰ ਡਿੱਗਣ ਤੋਂ ਰੋਕਦਾ ਹੈ।ਖੇਤਾਂ ਜਾਂ ਪਿੰਡਾਂ ਤੇ ਸ਼ਹਿਰਾਂ ਦੁਆਲੇ ਰੁੱਖਾਂ ਦੀ ਪੱਟੀ ਹੋਣਾ ਜ਼ਰੂਰੀ ਹੈ। ਇਕ ਵਰਗ ਕਿਲੋਮੀਟਰ ਜੰਗਲ ਵਾਤਾਵਰਣ ਵਿੱਚੋਂ 30 ਟਨ ਮਿੱਟੀ ਸਮੇਟ ਲੈਂਦਾ ਹੈ। ਇਕ ਵਰਗ ਕਿਲੋਮੀਟਰ ਜੰਗਲ ਹਰ ਰੋਜ਼ 3.7 ਮੀ: ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ।

ਭਗਤ ਪੂਰਨ ਸਿੰਘ ਜੀ ਨੇ ਅੱਜ ਤੋਂ 50 ਵਰ੍ਹੇ ਪਹਿਲਾਂ ਹੀ ਇਨ੍ਹਾਂ ਸਮੱਸਿਆਵਾਂ 'ਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ; ਪਰ ਇਸ ਉੱਪਰ ਕਿਸੇ ਵੀ ਸਰਕਾਰ ਨੇ ਵਿਸ਼ੇਸ਼ ਧਿਆਨ ਨਹੀਂ ਦਿੱਤਾ, ਜਿਸ ਕਾਰਨ ਇਹ ਸਮੱਸਿਆ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ।

ਰੁੱਖਾਂ ਦੀ ਬਿਜਾਈ ਤੇ ਉਹਨਾਂ ਦੀ ਦੇਖਭਾਲ ਦਾ ਕੰਮ ਵੱਡੇ ਪੱਧਰ 'ਤੇ ਹੋਣਾ ਚਾਹੀਦਾ ਹੈ ਜਿਸ ਵਿੱਚ ਹਰ ਕੋਈ ਘੱਟੋ-ਘੱਟ ਇਕ ਰੁੱਖ ਜ਼ਰੂਰ ਲਗਾਵੇ।

-ਪ੍ਰਕਾਸ਼ਕ

-੦-

# ਭਗਤ ਪੂਰਨ ਸਿੰਘ ਵੱਲੋਂ ਚਿਤਾਵਨੀ ਤੇ ਉਪਦੇਸ਼

ਮਸ਼ੀਨੀ ਯੁੱਗ ਨੂੰ ਅਰੰਭ ਹੋਏ 225 ਸਾਲ ਦੇ ਕਰੀਬ ਸਮਾਂ ਹੋਇਆ ਹੈ। ਮਸ਼ੀਨੀ ਸੱਭਿਅਤਾ ਦੇ ਪ੍ਰਭਾਵ ਹੇਠ ਆ ਕੇ ਮਨੁੱਖ ਨੇ ਹਵਾ, ਪਾਣੀ ਤੇ ਧਰਤੀ ਤਿੰਨਾਂ ਨੂੰ ਨਸ਼ਟ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਲੱਖਾਂ ਕਰੋੜਾਂ ਸਾਲਾਂ ਤੋਂ ਧਰਤੀ ਦੇ ਢਿੱਡ ਵਿੱਚ ਲੁਕੇ ਪਏ ਪਦਾਰਥਾਂ—ਕੋਇਲਾ, ਤੇਲ, ਲੋਹਾ, ਤਾਂਬਾ ਆਦਿ ਅਮੋਲ ਪਦਾਰਥਾਂ ਦਾ ਉਜਾੜਾ ਕਰਨ ਵਿੱਚ ਉਸਨੇ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਉਜਾੜਿਆਂ ਤੋਂ ਪੈਦਾ ਹੋਈ ਹਾਲਤ ਏਨੀ ਚਿੰਤਾਜਨਕ ਹੈ ਕਿ ਪ੍ਰਾਣੀ-ਮਾਤਰ ਦੀ ਹੋਂਦ ਹੀ ਖ਼ਤਰਿਆਂ ਵਿੱਚ ਪੈ ਚੁੱਕੀ ਹੈ। ਦੇਸ਼ ਤੇ ਦੁਨੀਆਂ ਦੀ ਅਜਿਹੀ ਚਿੰਤਾਜਨਕ ਹਾਲਤ ਇਹ ਮੰਗ ਕਰਦੀ ਹੈ ਕਿ ਲੱਖਾਂ ਨੌਜਵਾਨ ਸਾਰੀ ਉਮਰ ਕੰਵਾਰੇ ਰਹਿ ਕੇ ਦੇਸ਼ ਤੇ ਸੰਸਾਰ ਦੀ ਹਾਲਾਤ ਦੀ ਹਰ ਪੱਖ ਤੋਂ ਵੱਧ ਤੋਂ ਵੱਧ ਬਾਰੀਕੀ ਨਾਲ ਘੋਖ ਕਰਨ, ਦੇਸ਼ ਤੇ ਦੁਨੀਆਂ ਨੂੰ ਬਚਾਉਣ ਦਾ ਜੋ ਰਾਹ ਨਿਕਲੇ ਉਸਨੂੰ ਦੇਸ਼ ਅਤੇ ਦੁਨੀਆਂ ਦੇ ਇਕੱਲੇ-ਇਕੱਲੇ ਬੰਦੇ ਤਕ ਪਹੁੰਚਾਉਣ ਦਾ ਯਤਨ ਵੀ ਕਰਨ।

ਮੈਂ ਗ੍ਰਿਸਥੀ ਜੀਵਨ ਦੇ ਵਿਰੁੱਧ ਨਹੀਂ ਹਾਂ। ਗ੍ਰਿਸਥੀ ਮਾਰਗ ਵੀ ਧਰਮ ਹੈ, ਪਰ ਦੇਸ਼ ਅਤੇ ਦੁਨੀਆਂ ਦੇ ਹਾਲਾਤ ਦੀ ਮੰਗ ਹੀ ਇਹ ਹੈ ਕਿ ਅਣਗਿਣਤ ਬੰਦੇ, ਅਣਵੰਡਿਆ ਧਿਆਨ ਦੇਸ਼ ਤੇ ਦੁਨੀਆਂ ਦੇ ਮਾਮਲਿਆਂ ਦੀ ਖੋਜ ਵੱਲ ਦੇਣ ਤੇ ਆਪਣਾ ਸਾਰਾ ਜੀਵਨ ਉਸ ਖੋਜ ਦੇ ਪ੍ਰਚਾਰ ਲਈ ਅਰਪਣ ਕਰ ਦੇਣ। ਕੋਈ ਗ਼ਰੀਬ ਨੌਜਵਾਨ ਵਿਆਹ ਕਰਵਾ ਕੇ ਤੇ ਬੱਚਿਆਂ ਨੂੰ ਪੈਦਾ ਕਰਕੇ, ਨਾ ਤਾਂ ਦੇਸ਼ ਤੇ ਦੁਨੀਆਂ ਦੀ ਖੋਜ ਲਈ ਅਤੇ ਨਾ ਹੀ ਉਸਦੇ ਪ੍ਰਚਾਰ ਲਈ ਅਣਵੰਡਿਆ ਸਮਾਂ ਕੱਢ ਸਕਦਾ ਹੈ। ਜੇ ਕੋਈ ਬੰਦਾ ਸਾਰੀ ਉਮਰ ਜਤੀ-ਸਤੀ ਰਹਿਣ ਲਈ ਤਿਆਰ ਨਾ ਹੋਵੇ ਜਾਂ ਉੱਪਰ ਲਿਖੀਆਂ ਗੱਲਾਂ ਦੀ ਸੋਝੀ ਆਉਣ ਤੋਂ ਪਹਿਲਾਂ ਹੀ ਕਿਸੇ ਦਾ ਵਿਆਹ ਵੀ ਹੋ ਜਾਵੇ ਤਾਂ ਉਸ 'ਤੇ ਵੀ ਦੇਸ਼ ਤੇ ਦੁਨੀਆਂ ਦੇ ਚਿੰਤਾਜਨਕ ਹਾਲਾਤ ਕੁਝ ਪਾਬੰਦੀਆਂ ਲਾਉਂਦੇ ਹਨ। ਜੇ ਕਿਸੇ ਦਾ ਵਿਆਹ ਹੋ ਵੀ ਜਾਵੇ ਤਾਂ ਉਹ ਵੀ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ, ਲੋਕਨਾਇਕ ਜੈ ਪ੍ਰਕਾਸ਼ ਨਾਰਾਇਣ ਤੇ ਆਚਾਰੀਯਾ ਕ੍ਰਿਪਲਾਨੀ ਵਾਂਙ ਸਾਰੀ ਉਮਰ ਬ੍ਰਹਮਚਾਰੀ ਤੇ ਜਤੀ-ਸਤੀ ਰਹੇ —ਤੇ ਜੇ ਕਿਸੇ ਗ੍ਰਿਸਥੀ ਬੰਦੇ ਨੇ ਬੱਚਾ ਪੈਦਾ ਕਰਨਾ ਵੀ ਹੋਵੇ ਤਾਂ ਉਸਨੂੰ ਇੱਕ ਤੋਂ ਵੱਧ ਬੱਚਾ ਪੈਦਾ ਨਹੀਂ ਕਰਨਾ ਚਾਹੀਦਾ ਹੈ; ਕਿਉਂਕਿ ਅੱਜ ਤੋਂ 25-30 ਸਾਲ ਤਕ ਜਾਂ ਵੱਧ ਤੋਂ ਵੱਧ 40 ਸਾਲਾਂ ਤਕ ਦੇਸ਼ ਦਾ ਡੇਢ ਕਰੋੜ ਬੰਦਾ ਹਰ ਸਾਲ ਭੁੱਖ ਨਾਲ ਮਰਨਾ ਅਰੰਭ ਹੋ ਜਾਣਾ ਹੈ ਤੇ ਸੌ ਸਾਲ ਤਕ ਡੇਢ ਕਰੋੜ ਬੰਦਿਆਂ ਦੀ ਹਰ ਸਾਲ ਦੀ ਭੁੱਖ ਨਾਲ ਮੌਤ ਉਸ ਵੇਲੇ ਤਕ ਹਟੇਗੀ ਜਦ ਦੇਸ਼



ਦੀ ਅਬਾਦੀ ਘਟਦੀ ਘਟਦੀ 35 ਕਰੋੜ 'ਤੇ ਪੁੱਜ ਜਾਵੇਗੀ। ਇਸ ਸਮੇਂ ਦੇਸ਼ ਦੀ ਅਬਾਦੀ *86 ਕਰੋੜ ਹੈ ਅਤੇ ਦੁਨੀਆਂ ਦੀ ਇਸ ਸਥਿਤੀ ਨੂੰ ਸਨਮੁੱਖ ਰੱਖ ਕੇ ਇਸ ਗੱਲ ਦੀ ਲੋੜ ਹੈ ਕਿ ਕੋਈ ਬੰਦਾ ਆਪਣੇ ਜੀਵਨ ਦੇ ਤਜਰਬੇ ਦੇ ਆਧਾਰ 'ਤੇ ਇਹ ਦੱਸੇ ਕਿ ਜੇਕਰ ਚੜ੍ਹਦੀ ਜਵਾਨੀ ਵਾਲਾ ਕੋਈ ਗ਼ਰੀਬ ਬੰਦਾ ਦੇਸ਼ ਤੇ ਦੁਨੀਆਂ ਦੇ ਹਾਲਾਤ ਦੀ ਖੋਜ ਤੇ ਉਸ ਖੋਜ ਦੇ ਪ੍ਰਚਾਰ ਲਈ ਜੀਵਨ ਅਰਪਣ ਕਰਨਾ ਚਾਹੇ ਤਾਂ ਉਹ ਕਿਸ ਤਰ੍ਹਾਂ ਅਜਿਹਾ ਕਰਨ ਵਿੱਚ ਸਫਲ ਹੋ ਸਕਦਾ ਹੈ ਤੇ ਕਿਵੇਂ ਸਾਰੀ ਉਮਰ ਛੜਾ-ਛੜਾਂਗ ਰਹਿੰਦਾ ਹੋਇਆ ਪੂਰਨ ਤੌਰ 'ਤੇ ਮਨ ਦੀ ਪਵਿੱਤਰਤਾ ਦਾ ਜੀਵਨ ਬਤੀਤ ਕਰਦਾ ਹੋਇਆ ਮਸਤੀਆਂ ਭਰਪੂਰ ਖ਼ੁਸ਼ੀਆਂ ਨਾਲ ਹਰ ਪਲ ਜੀਅ ਸਕਦਾ ਹੈ। ਮੈਂ ਆਪਣੀ ਚੜ੍ਹਦੀ ਜਵਾਨੀ ਤੋਂ ਆਪਣੀ ਵਰਤਮਾਨ ਕਾਲ ਦੀ 88 ਸਾਲ ਦੀ ਉਮਰ ਤਕ ਅਜਿਹੇ ਜੀਵਨ ਵਿੱਚੋਂ ਲੰਘਿਆ ਹਾਂ ਤੇ ਲੰਘਦਾ ਜਾ ਰਿਹਾ ਹਾਂ। ਜੇਕਰ ਮੈਂ ਆਪਣੇ ਜੀਵਨ ਦੀ ਖ਼ੁਸ਼ੀ ਨੂੰ ਬਿਆਨ ਕਰਨਾ ਵੀ ਹੋਵੇ ਤਾਂ ਮੈਂ ਉਸਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਨਾਲ ਬਿਆਨ ਕਰ ਸਕਦਾ ਹਾਂ:-

**ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ॥੨॥** (ਅੰ:੧੧੮੦)

ਨਾ ਕੇਵਲ ਮੇਰੀ ਜਵਾਨੀ ਹਿਰਦੇ ਦੀ ਅਗਾਧ ਮਸਤੀ ਨਾਲ ਲੰਘੀ ਹੈ ਬਲਕਿ ਮੇਰਾ ਬੁਢਾਪਾ ਵੀ ਮਸਤੀ ਨਾਲ ਲੰਘ ਰਿਹਾ ਹੈ। ਬੁਢਾਪੇ ਬਾਰੇ ਮੈਂ ਇਹ ਲਿਖ ਦੇਣਾ ਚਾਹੁੰਦਾ ਹਾਂ ਕਿ ਜਿਸ ਢੰਗ ਨਾਲ ਬੁਢਾਪੇ ਵਿੱਚ ਮੇਰੀ ਸੰਭਾਲ ਹੋ ਰਹੀ ਹੈ ਉਹ ਕਿਸੇ ਵੀ ਅਜਿਹੇ ਘਰ ਤੋਂ ਘੱਟ ਨਹੀਂ ਜਿਸਦੇ ਪੁੱਤਰ ਧੀਆਂ ਆਪਣੇ ਮਾਂ-ਬਾਪ ਦੀ ਸੇਵਾ ਸਰਵਣ ਕੁਮਾਰ ਵਾਂਙ ਕਰਦੇ ਹੋਣ। ਸਮਾਜ ਵੱਲੋਂ ਮੇਰੇ ਬੁਢਾਪੇ ਵਿੱਚ ਮੇਰੇ ਜੀਵਨ ਦੇ ਸੁੱਖ ਦੇ ਸਾਧਨ ਮੈਨੂੰ ਬਖ਼ਸ਼ੇ ਜਾ ਰਹੇ ਹਨ। ਜਨਤਾ ਵੱਲੋਂ ਜੋ ਸੇਵਾ ਮੇਰੀ ਬਿਮਾਰੀ ਵਿੱਚ ਹੋਈ ਉਸਦੀ ਕਹਾਣੀ ਹੈਰਾਨ ਕਰ ਦੇਣ ਵਾਲੀ ਹੈ। ਇਸ ਕਰਕੇ ਬਾਕੀ ਨੌਜਵਾਨਾਂ ਨੂੰ ਇਸ ਗੱਲ ਦਾ ਫ਼ਿਕਰ ਨਹੀਂ ਕਰਨਾ ਚਾਹੀਦਾ ਕਿ ਸਾਨੂੰ ਬੁਢਾਪੇ ਵਿੱਚ ਕੌਣ ਸੰਭਾਲੇਗਾ। ਵਾਹਿਗੁਰੂ ਦੀ ਓਟ ਲੈ ਕੇ ਉਹਨਾਂ ਨੂੰ ਆਪਣੀਆਂ ਸਾਰੀਆਂ ਸ਼ਕਤੀਆਂ ਦੁਨੀਆਂ ਦੇ ਮਸਲੇ ਖੋਜਣ ਵਿੱਚ ਤੇ ਉਨ੍ਹਾਂ ਦੇ ਪ੍ਰਚਾਰ ਕਰਨ ਵਿੱਚ ਲਾ ਦੇਣੀਆਂ ਚਾਹੀਦੀਆਂ ਹਨ ।

-o-

---

*ਨੋਟ- ਸੰਨ 2018 ਵਿੱਚ ਦੇਸ਼ ਦੀ ਅਬਾਦੀ ਇਕ ਅਰਬ ੨੫ ਕਰੋੜ ਤੋਂ ਭੀ ਵਧ ਗਈ ਹੈ।

# ਹਰ ਬੰਦਾ ਆਪਣੇ ਜੀਵਨ ਵਿੱਚ ਪੰਜ ਰੁੱਖ ਜ਼ਰੂਰੀ ਲਾਵੇ

-ਭਗਤ ਪੂਰਨ ਸਿੰਘ

ਸੰਨ 1950 ਵਿੱਚ ਭਾਰਤ ਦੀ ਅਬਾਦੀ 36 ਕਰੋੜ ਸੀ। ਇਸ ਸਮੇਂ ਇਹ ਅਬਾਦੀ *86 ਕਰੋੜ ਹੈ। ਇਸ ਗਿਣਤੀ ਵਿੱਚ ਡੇਢ ਕਰੋੜ ਵਾਧਾ ਹਰ ਸਾਲ ਹੋ ਜਾਂਦਾ ਹੈ। ਸੰਨ 2000 ਤਕ ਇਸ ਅਬਾਦੀ ਨੇ ਵਧ ਕੇ 90 ਕਰੋੜ ਤਕ ਪੁੱਜ ਜਾਣਾ ਹੈ। ਸੱਤਰ ਮਿਲੀਅਨ ਏਕੜ ਫੁੱਟ ਪਾਣੀ ਦਾ ਪ੍ਰਬੰਧ 1950 ਤੋਂ ਪਹਿਲਾਂ, ਸਤਾਰਾਂ ਮਿਲੀਅਨ ਧਰਤੀ ਸਿੰਞਣ ਲਈ ਹੋ ਚੁੱਕਿਆ ਸੀ। ਉਸ ਦੇ ਪਿੱਛੋਂ 1976 ਤਕ ਇਹ ਪਾਣੀ ਦਾ ਰਕਬਾ ਵਧ ਕੇ 450 ਮਿਲੀਅਨ ਏਕੜ ਫੁੱਟ ਹੋ ਚੁੱਕਿਆ ਹੈ। 2000 ਈ: ਸੰਨ ਤਕ ਪਾਣੀ ਦੀਆਂ ਜਿੰਨੀਆਂ ਡੈਮਾਂ ਪਹਾੜਾਂ ਵਿੱਚ ਬਣ ਜਾਣਗੀਆਂ ਉਸ ਵੇਲੇ ਤਕ ਸਾਡੀ ਧਰਤੀ ਦੀ ਅਨਾਜ ਦੀ ਪੈਦਾਵਾਰ 90 ਕਰੋੜ ਦੀ ਅਬਾਦੀ ਲਈ 200 ਮਿਲੀਅਨ ਟਨ ਹੋ ਜਾਵੇਗੀ; ਪਰ ਚੇਤੇ ਰੱਖਣਾ ਹੈ ਕਿ 2000 ਈਸਵੀ ਜਾਂ ਸ਼ਾਇਦ ਇਸ ਤੋਂ ਕੁਝ ਸਾਲ ਪਹਿਲਾਂ ਪਹਾੜਾਂ ਦੇ ਪਾਣੀ ਦੇ ਜ਼ਖ਼ੀਰਿਆਂ ਦੇ ਡੈਮ ਪਹਾੜਾਂ ਤੋਂ ਖੁਰ ਕੇ ਆਉਣ ਵਾਲੀ ਮਿੱਟੀ ਨਾਲ ਭਰਨੇ ਅਰੰਭ ਹੋ ਜਾਣਗੇ। ਇੱਕੀਵੀਂ ਸਦੀ ਦੇ ਅੰਤ ਤਕ ਪਹਾੜਾਂ ਦੀਆਂ ਸਾਰੀਆਂ ਡੈਮਾਂ ਦੇ ਭਰ ਜਾਣ ਦੇ ਕਾਰਨ ਸਾਡੇ ਦੇਸ਼ ਦੀ ਅਨਾਜ ਦੀ ਪੈਦਾਵਾਰ ਘਟ ਕੇ 80 ਮਿਲੀਅਨ ਟਨ ਰਹਿ ਜਾਵੇਗੀ। 2000 ਈਸਵੀ ਨੂੰ ਡੈਮਾਂ ਤੋਂ ਪਾਣੀ ਪ੍ਰਾਪਤ ਕਰਨ ਵਾਲੀ ਧਰਤੀ ਦਾ ਰਕਬਾ ਘਟ-ਘਟ ਕੇ ਛੇਵਾਂ ਹਿੱਸਾ ਰਹਿ ਜਾਵੇਗਾ ਕਿਉਂਕਿ ਡੈਮਾਂ ਤੋਂ ਨਿਕਲਣ ਵਾਲੀਆਂ ਨਹਿਰਾਂ ਬੰਦ ਹੋ ਜਾਣਗੀਆਂ।

ਵੀਹਾਂ ਸਾਲਾਂ ਤਕ ਡੀਜ਼ਲ ਮੁੱਕ ਜਾਵੇਗਾ। ਪੱਥਰ ਦਾ ਕੋਇਲਾ ਵੀ ਪੰਜਾਹ ਸਾਲਾਂ ਤਕ ਸਮਾਪਤ ਜੋ ਜਾਵੇਗਾ। ਡੈਮਾਂ ਦੇ ਭਰਨ ਨਾਲ ਬਿਜਲੀ ਘਰਾਂ ਦੇ ਬੰਦ ਹੋ ਜਾਣ ਨਾਲ ਉਹ ਮੋਟਰਾਂ ਨਾ ਚੱਲ ਸਕਣਗੀਆਂ ਜਿਹੜੀਆਂ ਧਰਤੀ ਵਿੱਚੋਂ ਪਾਣੀ ਕੱਢਦੀਆਂ ਹਨ ਤੇ ਖੇਤਾਂ ਨੂੰ ਸਿੰਞਦੀਆਂ ਹਨ। ਕੋਇਲੇ ਦੇ ਮੁੱਕ ਜਾਣ ਨਾਲ ਉਹ ਇੰਞਣ ਵੀ ਬੰਦ ਹੋ ਜਾਣਗੇ ਜਿਹੜੇ ਭਾਫ਼ ਨਾਲ ਚੱਲਦੇ ਹਨ

*ਸੰਨ ੨੦੧੮ ਵਿੱਚ ਇਹ ਆਬਾਦੀ ੧੨੫ ਕਰੋੜ ਤੋਂ ਭੀ ਵਧ ਗਈ ਹੈ।



ਤੇ ਧਰਤੀ ਵਿੱਚੋਂ ਪਾਣੀ ਕੱਢਦੇ ਹਨ। ਉਸ ਸਮੇਂ ਕਿਸੇ ਕਾਰਖ਼ਾਨੇ ਨੂੰ ਬਿਜਲੀ ਮਿਲੇਗੀ ਨਹੀਂ। ਸੰਨ 2000 ਦੇ ਅੰਤ ਤਕ ਭਾਰਤ ਜੋ ਅਨਾਜ ਪੈਦਾ ਕਰੇਗਾ ਉਹ 55 ਕਰੋੜ ਆਬਾਦੀ ਦਾ ਹੀ ਢਿੱਡ ਭਰ ਸਕੇਗਾ ਅਤੇ ਸੰਨ 2100 ਤਕ ਭਾਰਤ ਦੀ ਅਬਾਦੀ ਕਾਲਾਂ ਨਾਲ ਮਰ-ਮਰ ਕੇ 36 ਕਰੋੜ 'ਤੇ ਪੁੱਜ ਜਾਵੇਗੀ। ਡੇਢ ਕਰੋੜ ਬੰਦਾ ਭੁੱਖ ਨਾਲ ਹਰ ਸਾਲ ਮਰਦਾ ਰਹੇਗਾ।

ਡੈਮਾਂ ਨੇ ਤਾਂ ਭਰਨਾ ਹੀ ਹੁੰਦਾ ਹੈ; ਪਰ ਏਨਾ ਜ਼ਰੂਰ ਹੋ ਸਕਦਾ ਹੈ ਕਿ ਡੈਮਾਂ ਨੂੰ ਛੇਤੀ ਨਾ ਭਰਨ ਦਿੱਤਾ ਜਾਵੇ। ਅਜਿਹਾ ਕਰਨ ਲਈ ਹਰ ਇੱਕ ਬੰਦੇ ਨੂੰ ਰੁੱਖ ਲਾਉਣ ਬਾਰੇ ਸੋਚਣਾ ਪਵੇਗਾ ਅਤੇ ਮਹਾਤਮਾ ਬੁੱਧ ਦਾ ਉਪਦੇਸ਼ ਮੰਨਣਾ ਪਵੇਗਾ—**"ਹਰ ਬੰਦਾ ਆਪਣੇ ਜੀਵਨ ਵਿੱਚ ਘੱਟੋ-ਘੱਟ ਪੰਜ ਰੁੱਖ ਜ਼ਰੂਰ ਲਾਵੇ ਤੇ ਲੱਕੜ ਦਾ ਘੱਟ ਤੋਂ ਘੱਟ ਖ਼ਰਚ ਕਰੇ। ਕੋਈ ਵੀ ਦੇਸ਼ ਵਾਸੀ ਗੋਬਰ ਜਾਂ ਲੱਕੜੀ ਨੂੰ ਬਰਬਾਦ ਨਾ ਹੋਣ ਦੇਵੇ ਤੇ ਡੀਜ਼ਲ ਤੇਲ ਦੀ ਵਰਤੋਂ ਵੀ ਘੱਟ ਤੋਂ ਘੱਟ ਕਰੇ ।"**

(ਮਿਲੀਅਨ ਦਸ ਲੱਖ ਦਾ ਹੁੰਦਾ ਹੈ।)

-o-

# ਧਰਤੀ ਨੂੰ ਰੇਤ ਦਾ ਮਾਰੂਥਲ ਹੋਣ ਤੋਂ ਬਚਾਉ

***ਤੜਫਦੇ ਤੇ ਰੋ ਰਹੇ ਹਿਰਦੇ ਨਾਲ ਰੁੱਖਾਂ ਨੂੰ ਲਾਉਣ ਲਈ ਬਰਸਾਤ ਦੀ ਰੁੱਤ ਨੂੰ ਉਡੀਕਦੇ ਰਿਹਾ ਕਰੋ***

-ਭਗਤ ਪੂਰਨ ਸਿੰਘ

ਹਵਾ, ਪਾਣੀ ਤੇ ਧਰਤੀ ਵਾਹਿਗੁਰੂ ਦੀਆਂ ਬਖ਼ਸ਼ੀਆਂ ਹੋਈਆਂ ਉਹ ਦਾਤਾਂ ਹਨ ਜਿਨ੍ਹਾਂ ਦੇ ਆਸਰੇ ਦੁਨੀਆਂ ਦੇ ਜੀਵ ਜਿਊਂਦੇ ਹਨ। ਜੇ ਹਵਾ ਜ਼ਹਿਰੀਲੀ ਹੋ ਜਾਵੇ, ਦਰਿਆਵਾਂ,ਨਹਿਰਾਂ ਤੇ ਖੂਹਾਂ ਦਾ ਪਾਣੀ ਜ਼ਹਿਰੀਲਾ ਹੋ ਜਾਵੇ ਜਾਂ ਘਟ ਜਾਵੇ ਜਾਂ ਸਮਾਪਤ ਹੋ ਜਾਵੇ, ਧਰਤੀ ਰੇਤ ਦਾ ਮਾਰੂਥਲ ਹੋ ਜਾਵੇ, ਤਾਂ ਸੰਸਾਰ ਦੇ ਜੀਵ ਜਿਊਂਦੇ ਨਹੀਂ ਰਹਿ ਸਕਦੇ। ਦੁਨੀਆਂ ਦੇ ਅਨੇਕਾਂ ਦੇਸ਼ਾਂ ਦੀ ਧਰਤੀ ਇਸ ਲਈ ਰੇਤ ਦਾ ਮਾਰੂਥਲ ਬਣਦੀ ਰਹੀ ਹੈ ਕਿਉਂਕਿ ਉਹਨਾਂ ਦੇਸ਼ਾਂ ਦੇ ਲੋਕਾਂ ਨੇ ਧਰਤੀ ਤੋਂ ਰੁੱਖ ਕੱਟ-ਕੱਟ ਕੇ ਉਸਨੂੰ ਨੰਗਿਆ ਕਰ ਛੱਡਿਆ ਸੀ। ਮੋਹੰਜੋਦੜੋ ਤੇ ਹੜੱਪਾ ਦੋ ਪ੍ਰਸਿੱਧ ਸ਼ਹਿਰ ਸਨ ਜਿਹੜੇ ਸ਼ਹਿਰਾਂ ਦੀ ਆਦਰਸ਼ਕ ਵਿਉਂਤਬੰਦੀ ਦੇ ਨਮੂਨੇ ਸਨ। ਉਹ ਰੇਤ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋਏ, ਕਿਉਂਕਿ ਦੇਸ਼ ਦੇ ਲੋਕਾਂ ਨੇ ਦੇਸ਼ ਦੀ ਧਰਤੀ ਤੋਂ ਰੁੱਖਾਂ ਦੀ ਕਟਾਈ ਉਸ ਹਿਸਾਬ ਤੋਂ ਬਹੁਤ ਵੱਧ ਕਰ ਦਿੱਤੀ ਸੀ ਜਿਸ ਹਿਸਾਬ ਤੋਂ ਵੱਧ ਉਹ ਹੋਣੀ ਨਹੀਂ ਚਾਹੀਦੀ ਸੀ। ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕਿਆਂ ਦੀ ਧਰਤੀ ਸੌ ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ ਅਤੇ ਪਹਾੜਾਂ ਦੀ ਧਰਤੀ 100 ਵਿੱਚੋਂ 60 ਹਿੱਸੇ ਦਾ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ। ਮਨੁੱਖ ਅਪਰਾਧ ਕਰਕੇ ਮਨੁੱਖਾਂ ਦੀ ਸਜ਼ਾ ਤੋਂ ਤਾਂ ਬਚ ਸਕਦਾ ਹੈ, ਪਰ ਕੁਦਰਤ ਦੀ ਸਜ਼ਾ ਤੋਂ ਨਹੀਂ ਬਚ ਸਕਦਾ। ਟਰੱਕਾਂ ਤੇ ਰੇਲ-ਗੱਡੀਆਂ ਬਣਾਉਣ ਵਾਲੇ ਮਸ਼ੀਨੀ ਯੁੱਗ ਦੀ ਉਮਰ ਢਾਈ ਸੌ ਸਾਲਾਂ ਤੋਂ ਘੱਟ ਹੈ। ਵਰਤਮਾਨ ਕਾਲ ਵਿੱਚ ਦੇਸ਼ ਦੇ ਕਿਸੇ ਹਿੱਸੇ ਵਿੱਚ ਮੀਂਹ ਨਾ ਪੈਣ ਦੇ ਕਾਰਣ ਪੈਦਾ ਹੋਣ ਵਾਲੇ ਸੋਕਿਆਂ ਦੇ



ਕਾਰਨ ਅੰਨ ਤੇ ਪਾਣੀ ਦਾ ਕਾਲ ਪੈਦਾ ਹੋ ਜਾਵੇ ਤਾਂ ਟਰੱਕ ਜਾਂ ਰੇਲਗੱਡੀਆਂ ਕਿਸੇ ਹੱਦ ਤਕ ਕਾਲ ਪੀੜਿਤ ਇਲਾਕਿਆਂ ਵਿੱਚ ਅੰਨ ਤੇ ਪਾਣੀ ਪੁਚਾ ਦਿੰਦੇ ਹਨ, ਉਹ ਵੀ ਲੋੜ ਤੋਂ ਬਹੁਤ ਘੱਟ ਹੁੰਦਾ ਹੈ। ਟਰੱਕਾਂ ਤੇ ਰੇਲਗੱਡੀਆਂ ਦੀ ਹੋਂਦ ਵਿੱਚ ਆਉਣ ਤੋਂ ਪਹਿਲਾਂ ਸੋਕਿਆਂ ਦੇ ਕਾਰਨ ਜਿਹੜੇ ਕਾਲ ਪੈਂਦੇ ਹੁੰਦੇ ਸਨ ਉਨ੍ਹਾਂ ਵਿੱਚ ਲੋਕਾਂ ਦੀਆਂ ਹੂੰਝਾ ਫੇਰ ਮੌਤਾਂ ਹੁੰਦੀਆਂ ਸਨ। ਭਾਰਤ ਵਿੱਚ ਇਕ ਅਜਿਹਾ ਕਾਲ ਪਿਆ ਜਿਸ ਦਾ ਨਾਂ ਖੋਪਰੀ ਕਾਲ ਸੀ। ਖੋਪਰੀ ਕਾਲ ਤੋਂ ਭਾਵ ਇਹ ਸੀ ਕਿ ਇੰਨੇ ਬੰਦੇ ਮਰੇ ਕਿ ਜਗ੍ਹਾ-ਜਗ੍ਹਾ ਮਰਨ ਵਾਲਿਆਂ ਦੀਆਂ ਖੋਪਰੀਆਂ ਖਿੱਲਰੀਆਂ ਪਈਆਂ ਸਨ। ਇਕ ਕਾਲ ਇਹੋ ਜਿਹਾ ਪਿਆ ਜਿਸ ਵਿੱਚ ਬੰਦਾ ਰੋਟੀ ਦੇ ਬਦਲੇ ਆਪਣਾ ਸਰੀਰ ਵੇਚਣ ਲਈ ਤਿਆਰ ਹੋ ਗਿਆ ਸੀ; ਪਰ ਅੰਨ ਦੀ ਏਨੀ ਥੁੜ ਪੈਦਾ ਹੋ ਗਈ ਸੀ ਕਿ ਕਿਸੇ ਬੰਦੇ ਪਾਸ ਇਕ ਰੋਟੀ ਦੇ ਕੇ ਵੀ ਕਿਸੇ ਨੂੰ ਖ਼ਰੀਦਣ ਦੀ ਸਮਰੱਥਾ ਨਹੀਂ ਰਹਿ ਗਈ ਸੀ। ਅੰਨ ਤੇ ਪਾਣੀ ਦੇ ਕਾਲ ਵਿੱਚ ਹੁੰਦੀ ਰਹੀ ਅਜਿਹੀ ਦੁਰਗਤੀ ਨੂੰ ਦੇਖ ਕੇ ਭਾਰਤ ਦੇ ਗਿਆਨੀ ਬੰਦਿਆਂ ਨੇ ਧਰਮ ਗ੍ਰੰਥਾਂ ਵਿੱਚ ਜਿੱਥੇ ਇਹ ਲਿਖਿਆ ਕਿ '**ਜਵਾਰ ਦੇ ਦਾਣੇ ਹੀਰੇ ਜਵਾਹਰਾਤ ਤੋਂ ਵਧੇਰੇ ਕੀਮਤੀ ਹੁੰਦੇ ਹਨ**' ਉੱਥੇ ਉਨ੍ਹਾਂ ਨੇ ਰੁੱਖਾਂ ਨੂੰ ਲਾਉਣ ਦਾ ਕੰਮ ਸਭ ਤੋਂ ਵੱਧ ਮਹੱਤਤਾ ਵਾਲਾ ਗਿਣਿਆ। ਪਿਛਲੇ ਜ਼ਮਾਨਿਆਂ ਵਿੱਚ ਇਸ ਲਈ ਅਨੇਕਾਂ ਦੇਸ਼ਾਂ ਦੀ ਧਰਤੀ ਰੇਤ ਦਾ ਮਾਰੂਥਲ ਹੁੰਦੀ ਰਹੀ ਕਿਉਂਕਿ ਲੋਕਾਂ ਨੂੰ ਰੁੱਖਾਂ ਦੀ ਉੱਪਰ ਲਿਖੀ ਮਹੱਤਤਾ ਦਾ ਪਤਾ ਨਹੀਂ ਸੀ। ਹੁਣ ਜਦ ਰੁੱਖਾਂ ਦੀ ਮਹੱਤਤਾ ਦਾ ਪਤਾ ਸਾਇੰਸਦਾਨਾਂ ਨੂੰ ਲੱਗ ਚੁੱਕਿਆ ਹੈ ਤਾਂ ਦੇਸ਼ ਦੇ ਹਰ ਬੰਦੇ ਨੂੰ ਰੁੱਖਾਂ ਨੂੰ ਲਾਉਣ ਲਈ ਤਨ ਮਨ ਧਨ ਵਾਰ ਦੇਣਾ ਚਾਹੀਦਾ ਹੈ। ਜਦੋਂ ਕਾਲ ਪੈਂਦਾ ਹੁੰਦਾ ਹੈ ਮਰਨ ਵਾਲਿਆਂ ਬੰਦਿਆਂ ਦੇ ਸਿਰਹਾਣਿਆਂ ਹੇਠੋਂ ਸੋਨੇ ਚਾਂਦੀ ਦੇ ਗਹਿਣੇ ਲੱਭਦੇ ਹੁੰਦੇ ਹਨ। ਸਾਲ 1988 ਵਿੱਚ ਦਰਿਆਵਾਂ ਦੇ ਜਿਹੜੇ ਹੜ੍ਹ ਆਏ, ਭਾਵੇਂ ਉਹਨਾਂ ਨਾਲ ਅਰਬਾਂ ਰੁਪਏ ਦਾ ਨੁਕਸਾਨ ਹੋਇਆ,ਸੈਂਕੜੇ ਬੰਦੇ ਤੇ ਪਸ਼ੂ ਮਰੇ, ਪਰ ਫਿਰ ਵੀ ਉਹ ਉਸ ਪਰਲੋ ਦਾ ਛੋਟਾ ਜਿਹਾ ਨਮੂਨਾ ਸੀ ਜਿਸ ਅੱਧੀ ਦੁਨੀਆਂ ਮਾਰਨ ਵਾਲੀ ਪਰਲੋ ਨੂੰ ਲੋਕੀਂ ਮੋਟਰਕਾਰਾਂ ਦੇ ਸ਼ੌਕੀਨ ਆਪਣੇ ਹੰਕਾਰ ਦੇ ਪ੍ਰਗਟਾਵੇ ਲਈ ਸੱਦਾ ਦੇ ਰਹੇ ਹਨ।

ਮਹਾਤਮਾ ਬੁੱਧ ਭਾਰਤ ਦੇ ਇਤਿਹਾਸ ਵਿੱਚ ਬਹੁਤ ਵੱਡੀ ਹਸਤੀ ਹੋਏ ਹਨ ਜਿਨ੍ਹਾਂ ਦਾ ਚਲਾਇਆ ਮਜ਼੍ਹਬ 'ਬੁੱਧ ਮਜ਼ਹਬ' ਕਈ ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਮਹਾਤਮਾ ਬੁੱਧ ਨੇ ਉਪਦੇਸ਼ ਦਿੱਤਾ ਸੀ ਕਿ ਜਿਉਂ-ਜਿਉਂ ਉਮਰ ਬੀਤਦੀ ਜਾਵੇ ਹਰ ਬੰਦਾ ਹਰ ਪੰਜਵੇਂ ਸਾਲ ਇਕ ਨਵਾਂ ਰੁੱਖ ਜ਼ਰੂਰ ਲਗਾਵੇ। ਜੇ ਕੋਈ ਆਦਮੀ ਸੌ ਸਾਲ ਜੀਵੇਗਾ ਤਾਂ ਉਹ ਅਠਾਰਾਂ ਰੁੱਖ ਲਾਵੇਗਾ। ਹਿੰਦੂ ਧਰਮ ਦੇ ਛੇ ਸ਼ਾਸਤਰ ਤੇ ਅਠਾਰਾਂ ਪੁਰਾਣ ਹਨ। ਮਤੱਸਿਆ ਪੁਰਾਣ ਵਿੱਚ ਰੁੱਖਾਂ ਦੀ ਮਹੱਤਤਾ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤੀ ਗਈ ਹੈ ਕਿ ਜਿਹੜਾ ਬੰਦਾ ਇਕ ਖੂਹ ਲਾਉਂਦਾ ਹੈ ਉਹ ਓਨੇ ਸਾਲ ਸਵਰਗ ਵਿੱਚ ਰਹਿੰਦਾ ਹੈ ਜਿੰਨੀ ਗਿਣਤੀ ਦੇ ਤੁਪਕੇ ਉਸ ਖੂਹ ਦੇ ਪਾਣੀ ਵਿੱਚ ਹੋਣ। ਜਿਹੜਾ ਬੰਦਾ ਦਸ ਖੂਹ ਲਗਾਵੇ ਉਸਦਾ ਪੁੰਨ ਇਕ ਤਲਾਅ ਦੇ ਬਰਾਬਰ ਹੋ ਜਾਂਦਾ ਹੈ । ਜਿਹੜਾ ਬੰਦਾ ਦਸ ਤਲਾਅ ਪੁਟਾਏ ਉਸਦਾ ਪੁੰਨ ਇਕ ਝੀਲ ਦੇ ਬਰਾਬਰ ਹੋ ਜਾਂਦਾ ਹੈ । ਜਿਹੜਾ ਬੰਦਾ ਦਸ ਝੀਲਾਂ ਬਣਵਾਏ ਉਸਦਾ ਪੁੰਨ ਇਕ ਨੇਕ ਤੇ ਗੁਣਵਾਨ ਪੁੱਤਰ ਦੇ ਜਨਮ ਦੇ ਬਰਾਬਰ ਹੋ ਜਾਂਦਾ ਹੈ। ਜਿਸ ਬੰਦੇ ਘਰ ਦਸ ਨੇਕ ਤੇ ਗੁਣਵਾਨ ਪੁੱਤਰ ਪੈਦਾ ਹੋਣ ਉਨ੍ਹਾਂ ਦਾ ਫਲ ਇਕ ਰੁੱਖ ਲਾਉਣ ਦੇ ਬਰਾਬਰ ਹੁੰਦਾ ਹੈ।

ਸੰਨ 1904 ਵਿੱਚ ਜਦੋਂ ਮੇਰਾ ਜਨਮ ਹੋਇਆ ਉਸ ਸਮੇਂ ਮੇਰਾ ਬਾਪ ਇਕ ਅਮੀਰ ਆਦਮੀ ਸੀ। ਉਸਨੇ ਪਿੰਡ ਵਿੱਚ ਇਕ ਤਲਾਅ ਪੁਟਵਾਇਆ ਸੀ। ਮੇਰੀ ਮਾਂ ਨੇ ਦੋ ਤ੍ਰਿਬੈਣੀਆਂ ਤੇ ਤਿੰਨ ਪਿੱਪਲ ਦੇ ਰੁੱਖ ਲਾਏ ਸਨ। ਤਿੰਨੇ ਰੁੱਖ ਅਜੇ ਤਕ ਉਸ ਤਲਾਅ ਦੇ ਕੰਢੇ ਖੜ੍ਹੇ ਹਨ ਜਿਨ੍ਹਾਂ ਦੀ ਉਮਰ ਇਸ ਸਮੇਂ 76 ਸਾਲ ਹੋਵੇਗੀ। ਸਿੱਖ-ਪੰਥ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦ ਆਸਾਮ ਪ੍ਰਾਂਤ ਦੇ ਚਾਰ ਸਾਲ ਦੇ ਦੌਰੇ 'ਤੇ ਗਏ ਸਨ ਤਾਂ ਰਸਤੇ ਵਿੱਚ ਜਿਸ ਜਿਸ ਇਲਾਕੇ ਵਿੱਚ ਉਹਨਾਂ ਨੇ ਰੁੱਖਾਂ ਦੀ ਘਾਟ ਦੇਖੀ ਸੀ ਉੱਥੇ-ਉੱਥੇ ਉਹ ਰੁੱਖ ਲਗਾਉਂਦੇ ਗਏ ਸਨ। ਲੋਕੀਂ ਪਾਗਲਪਨ ਨਾਲ ਪੈਦਲ ਤੁਰਨਾ, ਸਾਈਕਲ 'ਤੇ ਚੜ੍ਹਨਾ, ਟਾਂਗਿਆਂ 'ਤੇ ਚੜ੍ਹਨਾ ਛੱਡ ਕੇ, ਬੈਲਾਂ ਨਾਲ ਖੇਤੀ ਕਰਨਾ ਛੱਡ ਕੇ, ਖੋਤਿਆਂ 'ਤੇ ਗੱਡਿਆਂ ਨਾਲ ਮਾਲ ਢੁਆਉਣਾ ਛੱਡ ਕੇ ਹੰਕਾਰ ਦੇ ਪ੍ਰਗਟਾਵਿਆਂ ਤੇ ਸੁੱਖ-ਰਹਿਣਾ ਜੀਵਨ ਬਿਤਾਉਣ ਨਾਲ ਉਹ ਤਬਾਹੀਆਂ ਲਿਆ ਰਹੇ ਹਨ ਜਿਹੜੀਆਂ ਪੰਜਾਹ ਸਾਲ ਤਕ ਲੋਕਾਂ ਦਾ



ਜਿਊਣਾ ਦੁਭਰ ਕਰ ਦੇਣਗੀਆਂ। ਭਾਰਤ ਦੀ ਧਰਤੀ ਨੇ ਏਨਾ ਗਰਮ ਹੋ ਜਾਣਾ ਹੈ ਕਿ ਲੋਕ ਤੜਫਣਗੇ, ਅੱਖਾਂ ਖ਼ਰਾਬ ਹੋ ਜਾਣਗੀਆਂ, ਖੇਤੀ ਦੀ ਪੈਦਾਵਰ ਸੌ ਵਿੱਚੋਂ ਵੀਹ ਹਿੱਸੇ ਰਹਿ ਜਾਵੇਗੀ ਅਤੇ ਅੱਸੀ ਹਿੱਸੇ ਘਟ ਜਾਵੇਗੀ। ਇਸ ਗਰਮੀ ਨੂੰ ਲਿਆਉਣ ਦਾ ਵੱਡਾ ਕਾਰਨ ਕਾਰਖ਼ਾਨਿਆਂ ਵਿੱਚੋਂ ਕੋਲੇ ਦਾ ਸੜਨਾ, ਇੰਞਣਾਂ, ਬੱਸ, ਟਰੱਕਾਂ, ਮੋਟਰਕਾਰਾਂ, ਮੋਟਰਸਾਈਕਲਾਂ ਤੇ ਸਕੂਟਰਾਂ ਵਿੱਚ ਪੈਟਰੋਲ ਦਾ ਸੜਨਾ ਹੈ। ਪੱਥਰ ਦਾ ਕੋਇਲਾ ਸੜੇ, ਲੱਕੜ ਸੜੇ, ਗੋਹਾ ਸੜੇ, ਪੈਟਰੋਲ ਸੜੇ, ਇਨ੍ਹਾਂ ਸਭ ਦੇ ਸੜਨ ਨਾਲ ਗਰਮੀ ਵੀ ਪੈਦਾ ਹੁੰਦੀ ਹੈ ਤੇ ਜ਼ਹਿਰੀਲੀਆਂ ਗੈਸਾਂ ਵੀ ਪੈਦਾ ਹੁੰਦੀਆਂ ਹਨ। ਰੁੱਖ ਇਨ੍ਹਾਂ ਜ਼ਹਿਰੀਲੀਆਂ ਗੈਸਾਂ ਨੂੰ ਖਾਂਦੇ ਹਨ ਤੇ ਜੀਵਾਂ ਨੂੰ ਜਿਊਂਦਾ ਰੱਖਣ ਲਈ ਆਕਸੀਜਨ ਗੈਸ ਪੈਦਾ ਕਰਦੇ ਹਨ। ਪਿੱਪਲ ਤੇ ਬੋਹੜ ਦਾ ਰੁੱਖ ਦੋ ਸੌ ਬੰਦਿਆਂ ਨੂੰ ਜਿਊਂਦਾ ਰੱਖਣ ਲਈ ਆਕਸੀਜਨ ਗੈਸ ਪੈਦਾ ਕਰ ਦਿੰਦਾ ਹੈ।ਬੋਹੜ ਦੇ ਰੁੱਖ ਹੇਠਾਂ ਹਵਾ ਠੰਢੀ ਇਸ ਲਈ ਹੋ ਜਾਂਦੀ ਹੈ ਕਿਉਂਕਿ ਬੋਹੜ ਦੇ ਪੱਤੇ ਸੂਰਜ ਦੀ ਧੁੱਪ ਦੀ ਗਰਮੀ ਨੂੰ ਖਾ ਜਾਂਦੇ ਹਨ। ਲੋਕੀਂ ਪੈਦਲ ਤੁਰਨਾ ਨਾ ਛੱਡਣ, ਸਾਈਕਲ ਵਰਤਣ, ਮੋਟਰਕਾਰਾਂ 'ਤੇ ਚੜ੍ਹਨਾ ਛੱਡਣ। ਜਿੱਥੇ ਬਸ ਜਾਂ ਰੇਲਗੱਡੀ ਜਾਂਦੀ ਹੈ ਉੱਥੇ ਲੋਕ ਬਸ ਜਾਂ ਮੋਟਰਕਾਰ 'ਤੇ ਨਾ ਜਾਣ। ਹਰ ਸਿੱਖ ਦਾ ਕਰਤੱਵ ਬਣਦਾ ਹੈ ਕਿ ਉਹ ਆਪਣੀ ਕਮਾਈ ਵਿੱਚੋਂ ਦਸਵੇਂ ਹਿੱਸੇ ਦਾ ਦਸਵੰਧ ਕੱਢ ਕੇ ਦਾਨ ਭੇਜੇ ਤਾਂ ਜੋ ਸ੍ਰੀ ਦਰਬਾਰ ਸਾਹਿਬ ਤੇ ਹੋਰਨਾਂ ਕਈ ਪ੍ਰਸਿੱਧ ਗੁਰਦਵਾਰਿਆਂ ਦੇ ਬੂਹਿਆਂ ਅੱਗੇ ਦੇਸ਼ ਤੇ ਦੁਨੀਆਂ ਨੂੰ ਬਚਾਉਣ ਵਾਲੀ ਪਿੰਗਲਵਾੜੇ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਹੋ ਰਹੀ ਨਿਖੇੜਵੀਂ ਸੇਵਾ ਮਾਇਆ ਦੀ ਥੁੜ ਤੋਂ ਪੈਦਾ ਹੋਣ ਵਾਲੇ ਵਿਘਨਾਂ ਤੋਂ ਬਿਨਾਂ ਚੱਲਦੀ ਰਹੇ। ਦੁਨੀਆਂ ਦੀ ਅੱਧੀ ਅਬਾਦੀ ਸਮੁੰਦਰਾਂ ਦੇ ਕਿਨਾਰੇ ਵੱਸਦੀ ਹੈ। ਸਮੁੰਦਰਾਂ ਵਿੱਚ ਬਰਫ਼ ਦੇ ਪਹਾੜ ਖੜ੍ਹੇ ਹਨ। ਜਿਹੜੀ ਗਰਮੀ ਪੈਦਾ ਹੋ ਰਹੀ ਹੈ ਉਹ ਵਾਯੂ-ਮੰਡਲ ਵਿੱਚ ਜਮ੍ਹਾਂ ਹੋ ਰਹੀ ਹੈ। ਉਸ ਗਰਮੀ ਨੇ ਕੁਝ ਸਾਲਾਂ ਤਕ ਏਨੇ ਵਧ ਜਾਣਾ ਹੈ ਕਿ ਉਸ ਨਾਲ ਬਰਫ਼ ਦੇ ਪਹਾੜ ਪਿਘਲ ਜਾਣਗੇ ਜਿਸ ਦੇ ਕਾਰਨ ਸਮੁੰਦਰ ਦਾ ਪਾਣੀ ਏਨਾ ਉੱਚਾ ਹੋ ਜਾਵੇਗਾ ਕਿ ਉਸ ਉੱਚਾਈ ਤੋਂ ਜਿਹੜਾ ਪਾਣੀ ਦਾ ਹੜ੍ਹ ਆਵੇਗਾ ਉਸ ਵਿੱਚ ਡੁੱਬ ਕੇ ਸਮੁੰਦਰ ਦੇ ਕੰਢੇ ਰਹਿਣ

ਵਾਲੇ ਦੁਨੀਆਂ ਦੇ ਅੱਧੇ ਬੰਦੇ, ਜੀਵ-ਜੰਤੂ, ਸਭ ਮਰ ਜਾਣਗੇ। ਮੋਟਰਕਾਰਾਂ, ਮੋਟਰਸਾਈਕਲਾਂ, ਬੱਸਾਂ, ਟਰੱਕਾਂ ਤੇ ਤਿੰਨ ਪਹੀਆਂ ਵਾਲੇ ਸਕੂਟਰ ਰਿਕਸ਼ਿਆਂ ਤੋਂ ਨਿਕਲਣ ਵਾਲੀ ਗਰਮੀ ਦਾ ਪਾਗਲਪਨ ਬਰਫ਼ ਦੇ ਪਹਾੜ ਪਿਘਲਾਏਗਾ ਤੇ ਅੱਧੀ ਦੁਨੀਆਂ ਨੂੰ ਮਰਵਾਏਗਾ। ਹੰਕਾਰ ਦੇ ਪ੍ਰਗਟਾਵੇ ਤੇ ਅਰਾਮ-ਤਲਬੀ ਲਈ ਮੋਟਰਕਾਰਾਂ ਤੇ ਮੋਟਰਸਾਈਕਲਾਂ ਨੂੰ ਵਰਤਣ ਵਾਲੇ ਅਮੀਰਾਂ ਵਜ਼ੀਰਾਂ ਤੇ ਹੋਰਨਾਂ ਅਫ਼ਸਰਾਂ ਨੂੰ ਚੀਨ ਦੇਸ਼ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਸ ਦੇਸ਼ ਵਿੱਚ ਕੇਵਲ ਸਰਕਾਰੀ ਮੋਟਰਕਾਰਾਂ ਤੇ ਮੋਟਰਸਾਈਕਲ ਹੀ ਚੱਲਦੇ ਹਨ । ਕੋਈ ਬੰਦਾ ਭਾਵੇਂ ਕੋਈ ਕਿੱਡਾ ਵੱਡਾ ਅਮੀਰ ਜਾਂ ਕਿੱਡਾ ਵੱਡਾ ਅਫ਼ਸਰ ਹੋਵੇ ਉਸਨੂੰ ਮੋਟਰਕਾਰ ਤੇ ਮੋਟਰਸਾਈਕਲ ਵਰਤਣ ਦੀ ਆਗਿਆ ਨਹੀਂ ਹੁੰਦੀ। ਹਰ ਇਕ ਨੂੰ ਬਾਈਸਿਕਲ ਦੀ ਹੀ ਸਵਾਰੀ ਕਰਨੀ ਪੈਂਦੀ ਹੈ।

ਹਰ ਦੇਸ਼ ਦੇ ਚਾਰ ਦੁਸ਼ਮਣ ਹੁੰਦੇ ਹਨ—ਗ਼ਰੀਬੀ, ਬੇਕਾਰੀ, ਅਨਪੜ੍ਹਤਾ ਤੇ ਰੋਗ । ਦੇਸ਼ ਦੇ ਕਰੋੜਾਂ ਬੇਕਾਰ ਬੰਦਿਆਂ ਨੂੰ ਬੇਕਾਰੀ ਤੋਂ ਬਚਾਉਣ ਲਈ ਬੰਜਰ ਜ਼ਮੀਨ ਉੱਤੇ ਰੁੱਖ ਲਾਉਣ ਦੇ ਕੰਮ ’ਤੇ ਲਾਇਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਬਚ ਜਾਵੇਗੀ ਤੇ ਅਜਿਹਾ ਕਰਨ ਨਾਲ ਜਿੱਥੇ ਬੇਕਾਰ ਬੰਦੇ ਭੁੱਖ ਨਾਲ ਮਰਨ ਤੋਂ ਬਚ ਜਾਣਗੇ ਉੱਥੇ ਉਹ ਬੇਕਾਰੀ ਦੇ ਕਾਰਨ ਚੋਰ, ਡਾਕੂ ਬਣਨ ਤੋਂ ਭੀ ਬਚ ਜਾਣਗੇ। ਅਜਿਹਾ ਕਰਨ ਲਈ ਅਮੀਰ ਲੋਕ ਮੋਟਰਕਾਰਾਂ ’ਤੇ ਚੜ੍ਹਨਾ ਛੱਡਣ ਤੇ ਗ਼ਰੀਬਾਂ ਵਾਲਾ ਜੀਵਨ ਬਤੀਤ ਕਰਨ, ਬੈਂਕਾਂ ਵਿੱਚੋਂ ਰੁਪਿਆ ਕੱਢ ਕੇ ਬੰਜਰ ਧਰਤੀ ’ਤੇ ਰੁੱਖ ਲਗਾਉਣ ’ਤੇ ਖ਼ਰਚ ਕਰਨ। ਰੁੱਖਾਂ ਦੀ ਘਾਟ ਦੇ ਕਾਰਣ ਪਾਣੀ ਮੁੱਕਦਾ ਜਾ ਰਿਹਾ ਹੈ। ਜੋ ਪੈਟਰੋਲ ਕੋਲਾ ਸੜ ਰਿਹਾ ਹੈ ਉਸ ਨਾਲ ਤੇਜ਼ਾਬ ਦੀ ਵਰਖਾ ਵੀ ਪੈਣ ਲੱਗ ਪੈਣੀ ਹੈ। ਰੁੱਖਾਂ ਤੋਂ ਬਿਨਾਂ ਹਨੇਰੀਆਂ ਲੋਕਾਂ ਦਾ ਜਿਊਣਾ ਦੁਭਰ ਕਰ ਦੇਣਗੀਆਂ। ਰੁੱਖਾਂ ਤੋਂ ਬਿਨਾਂ ਅਨੇਕਾਂ ਦੇਸ਼ਾਂ ਦੀ ਧਰਤੀ ਰੇਤ ਦਾ ਮਾਰੂਥਲ ਹੋ ਚੁੱਕੀ ਹੈ।

-o-



# ਰੁੱਖ ਲਾਉਣੇ ਨਾ ਭੁੱਲੋ

ਰੁੱਖਾਂ ਨੂੰ ਲਾਉਣ ਲਈ ਬਰਸਾਤ ਦੇ ਮੌਸਮ ਨੂੰ ਉਡੀਕਦੇ ਰਿਹਾ ਕਰੋ । ਭਾਰਤ ਵਿੱਚ ਰੁੱਖਾਂ ਦੀ ਭਾਰੀ ਘਾਟ ਪੈਦਾ ਹੋ ਚੁੱਕੀ ਹੋਈ ਹੈ ਜਿਸ ਦੇ ਕਾਰਣ ਅਨੇਕ ਪ੍ਰਕਾਰ ਦੇ ਖ਼ਤਰੇ ਭਾਰਤ ਲਈ ਪੈਦਾ ਹੋ ਚੁੱਕੇ ਹਨ ਤੇ ਦਿਨ ਪ੍ਰਤੀ-ਦਿਨ ਵਧਦੀ ਜਾ ਰਹੀ ਰੁੱਖਾਂ ਦੀ ਕਟਾਈ ਦੇ ਕਾਰਨ ਇਹ ਖ਼ਤਰੇ ਵੀ ਵਧਦੇ ਜਾ ਰਹੇ ਹਨ।ਇਨ੍ਹਾਂ ਖ਼ਤਰਿਆਂ ਵਿੱਚੋਂ ਸਭ ਤੋਂ ਵੱਡਾ ਖ਼ਤਰਾ ਧਰਤੀ ਦਾ ਖੁਰਨਾ ਅਤੇ ਦਰਿਆਵਾਂ ਦੇ ਹੜ੍ਹਾਂ ਦਾ ਹੈ। ਜੇਕਰ ਤੁਸੀਂ ਇਸ ਰੁੱਤ ਵਿੱਚ ਕੋਈ ਰੁੱਖ ਨਹੀਂ ਲਾਇਆ ਤਾਂ ਜ਼ਰੂਰ ਲਾ ਦਿਓ। ਧਰਤੀ ਨੂੰ ਰੁੱਖਾਂ ਤੋਂ ਖ਼ਾਲੀ ਕਰਕੇ ਦੁਨੀਆਂ ਦੇ ਅਨੇਕ ਦੇਸ਼ ਆਪਣੀ ਅੰਨ-ਉਪਜਾਊ ਧਰਤੀ ਨੂੰ ਰੇਤ ਦੇ ਮਾਰੂਥਲ ਬਣਾ ਕੇ ਬਰਬਾਦ ਹੋ ਚੁੱਕੇ ਹਨ। ਅਜਿਹੀਆਂ ਬਰਬਾਦੀਆਂ ਤੋਂ ਬਚਣ ਲਈ ਪੂਰਾ-ਪੂਰਾ ਉੱਦਮ ਕਰਨਾ ਹੈ। ਰੁੱਖ ਲਾਉਣਾ ਹੀ ਉਹ ਉੱਦਮ ਹੈ ਜਿਸ ਨਾਲ ਧਰਤੀ ਰੇਤ ਦਾ ਮਾਰੂਥਲ ਬਣਨ ਤੋਂ ਬਚ ਸਕਦੀ ਹੈ। ਇਸ ਲੇਖ ਰਾਹੀਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਲ ਵਿੱਚ ਰੁੱਖਾਂ ਨੂੰ ਲਾਉਣ ਦਾ ਮੌਸਮ ਦੋ ਵਾਰ ਆਉਂਦਾ ਹੈ। ਭਾਰਤ ਦੇ ਹਰ ਬੰਦੇ ਨੂੰ ਇਹਨਾਂ ਦੋਹਾਂ ਸਮਿਆਂ ਦੀ ਉਡੀਕ ਵਿੱਚ ਰਹਿਣਾ ਚਾਹੀਦਾ ਹੈ । ਜਦੋਂ ਉਹ ਸਮਾਂ ਆ ਜਾਵੇ ਤਾਂ ਸਕੂਲਾਂ, ਪੰਚਾਇਤ-ਘਰਾਂ, ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਅਤੇ ਪਿੰਡਾਂ ਦੇ ਸਾਂਝੇ ਮੈਦਾਨਾਂ ਵਿੱਚ ਰੁੱਖ ਲਾਉਣੇ ਚਾਹੀਦੇ ਹਨ।ਰੁੱਖ ਲਾਉਣ ਵਿੱਚ ਜ਼ਿੰਦਗੀ ਮੌਤ ਦਾ ਭੇਤ ਛੁਪਿਆ ਪਿਆ ਹੈ। ਇਸ ਵਿਸ਼ੇ ’ਤੇ ਵਧੇਰੇ ਗਿਆਨ ਲਈ ਪਿੰਗਲਵਾੜੇ ਦੇ ਛਪੇ ਹੋਏ ਹੋਰ ਇਸ਼ਤਿਹਾਰ ਤੇ ਕਿਤਾਬਚੇ ਮੁਫ਼ਤ ਮੰਗਵਾਓ। ਭਾਰਤ ਵਿੱਚ ਰੇਤ ਦੇ ਮਾਰੂਥਲ ਦੀ ਲੰਬਾਈ ਚੌੜਾਈ ਵਿੱਚ ਇਕ ਮੀਲ ਦਾ ਵਾਧਾ ਹਰ ਸਾਲ ਹੋ ਜਾਂਦਾ ਹੈ ਤੇ ੧੦੦ ਵਿੱਚੋਂ ਇਕ ਹਿੱਸਾ ਧਰਤੀ ਦੀ ਉਤਲੀ ਅੱਠ ਇੰਚ ਅੰਨ-ਉਪਜਾਊ ਬਾਰੀਕ ਮਿੱਟੀ ਹਰ ਸਾਲ ਹੜ੍ਹਾਂ ਦੇ ਪਾਣੀ ਤੇ ਹਵਾ ਦੀਆਂ ਹਨੇਰੀਆਂ ਨਾਲ ਖੁਰ ਜਾਂਦੀ ਹੈ। ਉਹੋ ਅੱਠ ਇੰਚ ਬਾਰੀਕ ਮਿੱਟੀ ਹੀ ਉਹ ਮਿੱਟੀ ਹੁੰਦੀ ਹੈ ਜਿਸ ਵਿੱਚ ਅੰਨ ਪੈਦਾ ਹੁੰਦਾ ਹੈ ਤੇ ਜੇ ਉਹ ਅੱਠ ਇੰਚ ਬਾਰੀਕ ਮਿੱਟੀ ਹੜ੍ਹਾਂ ਦੇ ਪਾਣੀ ਜਾਂ ਹਵਾ ਦੀਆਂ ਹਨੇਰੀਆਂ ਨਾਲ ਖੁਰ ਜਾਵੇ ਤਾਂ ਹੇਠਲੀ ਨਕਾਰਾ ਮਿੱਟੀ ਪਿੱਛੇ ਰਹਿ ਜਾਂਦੀ ਹੈ, ਜਿਸ ਵਿੱਚ ਕੁਝ ਪੈਦਾ ਨਹੀਂ ਹੁੰਦਾ। ਦੇਸ਼ ਦੀ ਭਾਰੀ ਤਬਾਹੀ ਰੁੱਖਾਂ ਦੀ ਅੰਧਾਧੁੰਦ ਕਟਾਈ ਕਾਰਨ ਹੀ ਹੋ ਰਹੀ ਹੈ। ਜੇ ਭਿਆਨਕ ਤਬਾਹੀ ਤੋਂ ਬਚਣਾ ਚਾਹੁੰਦੇ ਹੋ ਤਾਂ ਰੁੱਖ ਲਾਉਣ ਲਈ ਕਮਰਕੱਸੇ ਕਰ ਲਉ।

-o-

# ਰੁੱਖ

ਸ਼ਿਵ ਕੁਮਾਰ ਬਟਾਲਵੀ

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ ਕੁਝ ਰੁੱਖ ਲੱਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਕਣ ਪੱਤਰ ਟਾਵਾਂ ਟਾਵਾਂ।
ਕੁਝ ਰੁੱਖ ਮੇਰੀ ਦਾਦੀ ਵਰਗੇ ਚੂਰੀ ਪਾਵਣ ਕਾਵਾਂ।
ਕੁਝ ਰੁੱਖ ਯਾਰਾਂ ਵਰਗੇ ਲੱਗਦੇ ਚੁੰਮਾਂ ਤੇ ਗਲ ਲਾਵਾਂ।
ਇਕ ਮੇਰੀ ਮਹਿਬੂਬਾ ਵਾਕਣ ਮਿੱਠਾ ਅਤੇ ਦੁਖਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਏ ਮੋਢੇ ਚੁੱਕ ਖਿਡਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਏ ਚੁੰਮਾਂ ਤੇ ਮਰ ਜਾਵਾਂ।
ਕੁਝ ਰੁੱਖ ਜਦ ਵੀ ਰਲ ਕੇ ਝੂਮਣ ਤੇਜ਼ ਵਗਣ ਜਦ ਵਾਵਾਂ।
ਸਾਂਝੀ ਬੋਲੀ ਸਭ ਰੁੱਖਾਂ ਦੀ ਦਿਲ ਕਰਦਾ ਲਿਖ ਜਾਵਾਂ।
ਮੇਰਾ ਵੀ ਇਹ ਦਿਲ ਕਰਦਾ ਏ ਰੁੱਖ ਦੀ ਜੂਨੇ ਆਵਾਂ।
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ ਮੈਂ ਰੁੱਖਾਂ ਵਿੱਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ ਜਿਊਣ ਰੁੱਖਾਂ ਦੀਆਂ ਛਾਵਾਂ।

-o-



# ਰੁੱਖ

-ਠਾਕਰ ਰਛਪਾਲ ਸਿੰਘ

ਵੇਖਣਾ ਚਾਹੁੰਨਾ, ਜੇ ਸੱਜਣਾ ਤੂੰ, ਮੂੰਹ ਸਦਾ ਖ਼ੁਸ਼ਬੋਈ ਦਾ ।
ਪੌਣ ਪੁਰੇ ਦੀ ਹੋ ਜਾ, ਜਾਂ ਰੁੱਖ ਹੋ ਜਾ ਕੋਈ ਰੋਹੀ ਦਾ ।
ਚਾਰ ਚੁਫ਼ੇਰੇ ਧੂੰਆਂ-ਧੂੰਆਂ, ਬੱਦਲ ਹਨ ਤੇਜ਼ਾਬਾਂ ਦੇ ,
ਜੰਮਦਾ ਬੋਟ ਲੋਰੀ ਦੀ ਥਾਂ ਮੂੰਹ ਵੇਖੇ ਮਾਂ ਮੋਈ ਦਾ ।
ਮਾਰੂਥਲ ਵਿੱਚ 'ਦਿਲ' ਗਵਾਚਾ, ਟਿੱਲੇ ਚੜ੍ਹ ਗਈ ਰੂਹ ,
ਵੱਢ ਜੰਗਲਾਤਾਂ ਬੰਜਰ ਹੋਈ ਧਰਤ ਨਵੀਂ ਨਰੋਈ ਦਾ ।
ਲੂਣ ਤੇਲ ਦੀ ਖੇਤੀ ਤੇਰੀ ਨਾ ਦਿਲ ਸਦਾ ਪਰਚਾਏਗੀ ,
ਪੱਥਰਾਂ ਦੇ ਜੰਗਲ ਅੰਦਰ, ਪੱਤਾ ਪੱਤਾ ਹੋਈ ਦਾ ।
ਕੁਦਰਤ ਦੇ ਸਭ ਸੋਮੇ ਸੁੱਕੇ, ਸੁੱਕੇ ਖੂਹ ਤਲਾਅ ,
ਤੇਲ ਵੀ ਤੇਰਾ ਮੁੱਕਣ ਵਾਲਾ , ਬੰਬੇ ਤੇ ਡਿਗਬੋਈ ਦਾ ।
ਮੁੱਕ ਗਏ ਜੰਗਲ ਗਈ ਹਰਿਆਲੀ,
ਸਾਵਣ ਦੀ ਬਰਸਾਤ ਗਈ ;
ਪੱਕੀ ਫ਼ਸਲ ਹੜ੍ਹਾਂ ਨੇ ਮਾਰੀ ਬੰਨੇ ਬਹਿ ਕੇ ਰੋਈ ਦਾ ।
ਅਜੇ ਵੀ ਮੌਕਾ ਲਾ ਦੇ ਪਿੱਪਲ, 'ਨਿੰਮ' ਕਿਸੇ ਚੌਰਾਹੇ 'ਤੇ ,
ਗਮਲੇ ਦੇ ਵਿੱਚ ਲਾ ਦੇ ਤੁਲਸੀ, ਅੰਬ ਕੋਈ ਖ਼ੁਸ਼ਬੋਈ ਦਾ ।
ਚਹਿ-ਚਹਾਂਦੇ, ਪੰਛੀ ਗਾਂਦੇ,
'ਕੋਇਲ' 'ਮੋਰ' ਤੇ ਬਾਜ ਤਿਰੇ,
ਅਮਰ ਧੁਨੀ ਸੰਗੀਤ ਸੁਣੀ ਜਾ, ਕੁਦਰਤ ਦੀ ਅਰਜੋਈ ਦਾ ।
ਇਹ ਸਾਥੀ ਜੀਵਨ ਭਰ ਦੇ,
ਸਿਵਿਆਂ ਤਕ ਨਾਲ ਹੀ ਸੜਦੇ ;
ਅਮਰ ਪਿਆਰ ਦੇ ਅਰਸ਼ੀ ਸੋਮੇ, ਨਿੱਘ-ਪੋਹ ਦੀ ਲੋਈ ਦਾ ।
ਜੇ ਸੱਜਣਾ ਤੂੰ ਵੇਖਣਾ ਚਾਹੁੰਨਾ, ਮੂੰਹ ਕਿਸੇ ਖ਼ੁਸ਼ਬੋਈ ਦਾ ।
ਪੌਣ ਪੁਰੇ ਦੀ ਹੋ ਜਾ, ਜਾਂ ਰੁੱਖ ਹੋ ਜਾ ਕੋਈ ਰੋਹੀ ਦਾ ।

## ਰੁੱਖ

-ਸੁੱਖ ਗੋਹਲਵੜ

ਮੇਰੇ ਘਰ ਦੁਆਲੇ ਰੁੱਖ।
ਪੁੱਤਾਂ ਵਾਗੂੰ ਪਾਲੇ ਰੁੱਖ।
ਨਿੰਮਾਂ ਮੈਨੂੰ ਧੀਆਂ ਲੱਗਦੀਆਂ,
ਕੁਝ ਕੁ ਕੁੱਛੜ ਹਾਲੇ ਰੁੱਖ।
ਕਿੱਕਰਾਂ ਚੁੱਭਦੀਆਂ ਵਾਂਗ ਸ਼ਰੀਕਾਂ,
ਤਾਂ ਵੀ ਮੈਂ ਸੰਭਾਲੇ ਰੁੱਖ।
ਰਾਂਝੇ ਵਾਲੀ ਤਾਨ ਸੁਣਾਵਣ,
ਝੂਮਣ ਕਣਕਾਂ ਨਾਲੇ ਰੁੱਖ।
ਮਾਵਾਂ ਵਰਗੀਆਂ ਠੰਢੀਆਂ ਛਾਵਾਂ,
ਕਰਦੇ ਨੇ ਮਤਵਾਲੇ ਰੁੱਖ।
ਵੇਖ ਵੇਖ ਕੇ ਨਸ਼ਾ ਹੈ ਚੜ੍ਹਦਾ,
ਕੁਝ ਨੇ ਯਾਮ ਪਿਆਲੇ ਰੁੱਖ।
ਰੋਹੀਆਂ ਦੇ ਵਿੱਚ ਕੱਲੀ ਟਾਹਲੀ,
ਹਾਣ ਦਾ ਕੋਈ ਭਾਲੇ ਰੁੱਖ।
ਜਦ ਵੀ ਕਦੀ ਇਕੱਲਾ ਹੁੰਦਾ,
ਝੂਮਣ 'ਸੁੱਖ' ਦੁਆਲੇ ਰੁੱਖ।

-o-



## ਰੁੱਖ

-ਮਲਵਿੰਦਰ ਸਿੰਘ ਛੱਜਲਵੰਡੀ

ਬਾਅਦ 'ਚ ਪੈਦਾ ਹੋਇਆ ਮਨੁੱਖ ।
ਪਹਿਲਾਂ ਸੀ ਧਰਤੀ 'ਤੇ ਰੁੱਖ ।
ਲੱਗ ਧਰਤੀ ਦੇ ਸੀਨੇ ਨਾਲ ।
ਰੁੱਖਾਂ ਕੀਤੀ ਇਸ ਦੀ ਸੰਭਾਲ ।
ਮਨੁੱਖ ਆਇਆ ਤਾਂ ਕਹਿਰ ਕਮਾਇਆ।
ਪਹਿਲਾ ਟੱਕ ਉਸ ਰੁੱਖ ਨੂੰ ਲਾਇਆ।
ਵਧਦੀ ਵੱਸੋਂ ਦਾ ਸੰਕਟ ਆਇਆ।
ਮਨੁੱਖ ਨੇ ਆਰਾ ਰੁੱਖਾਂ 'ਤੇ ਚਲਾਇਆ।
ਜੰਗਲ ਮੁੱਕੇ ਉੱਗੇ ਸ਼ਹਿਰ।
ਸ਼ੁੱਧ ਪੌਣ 'ਚ ਰਲਗੀ ਜ਼ਹਿਰ।
ਹਵਾ ਪ੍ਰਦੂਸ਼ਤ ਹੋ ਗਈ ਸਾਰੀ।
ਸਾਹ ਲੈਣ ਦੀ ਸਮੱਸਿਆ ਭਾਰੀ।
ਰੁੱਖ ਛਾਂ ਫੁੱਲ ਬਾਲਣ ਦਿੰਦੇ।
ਘਰ ਵਸਾਉਂਦੇ ਇਨ੍ਹਾਂ 'ਤੇ ਪਰਿੰਦੇ।
ਰੁੱਖਾਂ ਬਿਨਾਂ ਨਾ ਸਾਡੀ ਛੋਟ।
ਕਿੱਥੇ ਪਲਣਗੇ ਵਿਚਾਰੇ ਬੋਟ।
ਰੁੱਖ ਧਰਤੀ ਨੂੰ ਜਕੜ ਕੇ ਰੱਖਦੇ।
ਖੁਰਨ ਨਾ ਦਿੰਦੇ ਮਹਿੰਗੇ ਤੱਤ ਇਹ।
ਫੁੱਲਾਂ ਸੰਗ ਸ਼ਿੰਗਾਰੇ ਰੁੱਖ।
ਰੂਹ ਦੀ ਨੇ ਮਿਟਾਉਂਦੇ ਭੁੱਖ।

ਰੁੱਖ ਹੀ ਘਰਾਂ ਦੇ ਬੂਹੇ ਬਣਦੇ।
ਛੱਤ ਬਣ ਸਿਰਾਂ 'ਤੇ ਰੁੱਖ ਹੀ ਤਣਦੇ ।
ਰੁੱਖਾਂ ਦੇ ਨੇ ਲਾਭ ਅਨੇਕਾਂ ।
ਪਿੱਪਲ, ਬੋਹੜ, ਅੰਬ, ਨਿੰਮ ਤੇ ਡੇਕਾਂ ।
ਰੁੱਖਾਂ 'ਤੇ ਹੀ ਪੈਂਦੀਆਂ ਪੀਘਾਂ ।
ਝੂਟਣ ਤੀਆਂ ਮਾਰਨ ਡੀਂਗਾਂ ।
ਰੁੱਖ ਨੇ ਮਿੱਤਰ, ਮਾਵਾਂ ਤੇ ਭੈਣਾਂ ।
ਫੂਕਣ ਦਾ ਸੱਲ ਵੀ ਰੁੱਖਾਂ ਸਹਿਣਾ ।
ਰੁੱਖ ਸੱਥਾਂ, ਮਦਰੱਸੇ ਬਣਦੇ ।
ਰੁੱਖਾਂ ਥੱਲੇ ਮੇਲੇ ਭਰਦੇ ।
ਕੱਟੇ ਰੁੱਖ ਤਾਂ ਲਾਵੇ ਰੁੱਖ ।
ਪੁੱਤਾਂ ਵਾਂਗੂੰ ਪਾਲੋ ਰੁੱਖ ।
ਨਵੇਂ ਵਰ੍ਹੇ ਦੀ ਆਮਦ ਆਈ ਏ ।
ਆਓ! ਅੱਜ ਹੀ ਰੁੱਖ ਇਕ ਲਾਈਏ ।

-o-



# ਹਵਾ ਨੂੰ ਸਾਫ਼ ਸੁਥਰਾ ਰੱਖਣ 'ਚ ਰੁੱਖਾਂ ਦੀ ਮਹੱਤਤਾ

-ਡਾ:ਬਲਵੰਤ ਸਿੰਘ

ਅੱਜ-ਕੱਲ੍ਹ ਦੇਸ਼ ਵਿੱਚ 41ਵਾਂ ਵਣ-ਮਹਾਂ-ਉਤਸਵ ਮਨਾਇਆ ਜਾ ਰਿਹਾ ਹੈ। ਵਣ-ਮਹਾਂ-ਉਤਸਵ ਮਨਾਉਣ ਦਾ ਮੰਤਵ ਇਹ ਹੈ ਕਿ ਜਿਹੜਾ ਜੰਗਲਾਂ ਦੀ ਘਾਟ ਤੇ ਦਰੱਖਤਾਂ ਦੀ ਬੇਮੁਹਾਰੀ ਕਟਾਈ ਕਾਰਨ ਲੋੜਾਂ ਵਿੱਚ ਪਾੜਾ ਪੈ ਗਿਆ ਹੈ ਉਸਨੂੰ ਪੂਰਾ ਕੀਤਾ ਜਾਵੇ। ਮਨੁੱਖ ਤੇ ਰੁੱਖ ਦਾ ਰਿਸ਼ਤਾ ਅਟੁੱਟ ਹੈ; ਪਰ ਉਦਯੋਗੀ ਮਨੁੱਖ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਅਤੇ ਨਿੱਜੀ ਲੋੜਾਂ ਹੀ ਪੂਰੀਆਂ ਕੀਤੀਆਂ, ਜਿਸ ਨਾਲ ਵਾਤਾਵਰਨ ਦਾ ਘਾਤ ਹੋ ਗਿਆ ਹੈ। ਆਮ ਜੀਵਨ ਵਿੱਚ ਰੁੱਖਾਂ ਦਾ ਬਹੁਤ ਮਹੱਤਵ ਹੈ ਜੋ ਹਵਾ ਨੂੰ ਗੰਦੀ ਹੋਣ ਤੋਂ ਬਚਾਉਂਦੇ ਹਨ, ਵਰਖਾ ਲਿਆਉਂਦੇ ਹਨ। ਇਨ੍ਹਾਂ ਤੋਂ ਹੀ ਖਾਣਾ ਆਦਿ ਬਣਾਉਣ ਲਈ ਬਾਲਣ ਆਦਿ ਮਿਲਦਾ ਹੈ। ਪਸ਼ੂਆਂ ਲਈ ਚਾਰਾ, ਰੋਗੀਆਂ ਲਈ ਦਵਾਈ, ਆਦਰ ਸਤਿਕਾਰ ਅਤੇ ਸਜਾਵਟ ਲਈ ਫੁੱਲ ਅਤੇ ਜੀਵਾਂ ਨੂੰ ਛਾਂ ਦੇਣ ਦਾ ਲਾਭਦਾਇਕ ਕੰਮ ਵੀ ਰੁੱਖ ਹੀ ਕਰਦੇ ਹਨ। ਮਨੁੱਖ ਜਾਤੀ ਦੇ ਕਠੋਰ ਵਿਹਾਰ ਨੂੰ ਸਹਿਣ ਕਰਦੇ ਹੋਏ ਇਹ ਰੁੱਖ ਵਫ਼ਾਦਾਰ ਅਤੇ ਆਗਿਆਕਾਰੀ ਪੁੱਤਰਾਂ ਵਾਂਙ ਆਪਣੇ ਕਰਤੱਵਾਂ ਦਾ ਪਾਲਣ ਕਰ ਰਹੇ ਹਨ।ਪ੍ਰੰਤੂ ਸੱਭਿਅਤਾ ਦੀ ਅਖੌਤੀ ਤਿਆਰੀ ਏਨੀ ਤੇਜ਼ੀ ਨਾਲ ਹੋ ਰਹੀ ਹੈ ਕਿ ਇਸ ਕਾਨੂੰਨ ਵਿੱਚ ਅਸੀਂ ਰੁੱਖਾਂ ਦੀ ਉੱਕਾ ਸਾਰ ਹੀ ਨਹੀਂ ਲਈ, ਵਿਸਰ ਗਏ ਤੇ ਵਿਚਾਰੇ ਰੁੱਖ ਪੱਛੜ ਗਏ। ਹੁਣ ਬਾਜ਼ੀ ਹਾਰ ਗਏ ਲੱਗਦੇ ਹਨ। ਜਿਉਂ-ਜਿਉਂ ਤਹਿਜ਼ੀਬ ਅੱਗੇ ਵਧਦੀ ਜਾ ਰਹੀ ਹੈ, ਰੁੱਖ ਮੁੱਕਦੇ ਜਾ ਰਹੇ ਹਨ। ਕਿੰਨੀ ਭਿਆਨਕ ਸਥਿਤੀ ਹੈ। ਕੁਦਰਤ ਨੇ ਹਰਿਆਲੀ ਬਖ਼ਸ਼ੀ ਸੀ ਪਰ ਮਨੁੱਖੀ ਹੱਥਾਂ ਨੇ ਸਹਿਮ ਪੈਦਾ ਕਰ ਦਿੱਤੇ ਹਨ। ਸੰਤੁਲਿਤ ਵਾਤਾਵਰਨ ਲਈ ਇਹ ਬਹੁਤ ਜ਼ਰੂਰੀ ਹੈ। ਰੁੱਖ ਤੇ ਮਨੁੱਖ ਦਾ ਖ਼ਾਸ ਅਨੁਪਾਤ ਬਰਕਰਾਰ ਰੱਖਿਆ ਜਾਵੇ। ਸਰਵੇਖਣ ਅਨੁਸਾਰ ਪਹਾੜਾਂ ਵਿੱਚ ਜੰਗਲਾਂ ਦੀ ਘਣਤਾ ਘਟ ਕੇ 35 ਤੋਂ 40 ਪ੍ਰਤੀਸ਼ਤ ਰਹਿ ਗਈ ਹੈ ਜਿੱਥੇ 60 ਪ੍ਰਤੀਸ਼ਤ ਹੋਣੀ ਚਾਹੀਦੀ ਹੈ ਤੇ ਮੈਦਾਨੀ ਇਲਾਕੇ ਵਿੱਚ ਇਹ ਅਨੁਪਾਤ 33 ਪ੍ਰਤੀਸ਼ਤ ਹੋਣਾ ਚਾਹੀਦਾ ਹੈ; ਪਰ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਇਹ ਘਟ ਕੇ 14.16 ਪ੍ਰਤੀਸ਼ਤ ਰਹਿ ਗਈ ਹੈ। ਇਹ ਸਾਰਾ ਸਿੱਟਾ ਮਨੁੱਖ ਪ੍ਰਤੀ ਦਰੱਖਤਾਂ ਲਈ ਕਰੋਪੀ ਦਾ ਹੈ। ਅੱਜ ਦੇ ਵਿਦਿਆਰਥੀ ਅਫ਼ਰੀਕੀ ਕਾਲਾਹਾਰੀ ਜਾਂ ਐਟੇਕਾਮਾ ਦੇ ਮਾਰੂਥਲ ਬਾਰੇ ਪੜ੍ਹਦੇ

ਹਨ। ਜੇਕਰ ਪ੍ਰਚੱਲਿਤ ਪ੍ਰਸਥਿਤੀਆਂ ਇਸੇ ਤਰ੍ਹਾਂ ਹੀ ਰਹੀਆਂ ਤਾਂ ਅੱਜ ਤੋਂ ਸੌ ਕੁ ਸਾਲ ਬਾਅਦ ਵਿਦਿਆਰਥੀ ਸਮੁੱਚੇ ਭਾਰਤ ਸੰਬੰਧੀ ਵੀ ਕੁਝ ਇਸੇ ਤਰ੍ਹਾਂ ਪੜ੍ਹਿਆ ਕਰਨਗੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਅੱਜ ਤਕਨੀਕੀ ਅਤੇ ਮਸ਼ੀਨੀ ਖੇਤਰ, ਮਨੁੱਖ, ਪਸ਼ੂ ਅਤੇ ਬਨਸਪਤੀ ਸੰਸਾਰ ਵੱਲੋਂ ਮਿਲ ਕੇ ਕੀਤੀ ਜਾਂਦੀ ਖੱਪਤ ਨਾਲੋਂ 15 ਗੁਣਾਂ ਵਧੇਰੇ ਆਕਸੀਜਨ ਹੜੱਪ ਕਰ ਰਿਹਾ ਹੈ। ਕੇਵਲ ਜੰਗਲ ਹੀ ਇਕ ਅਜਿਹਾ ਸਾਧਨ ਹੈ ਜਿਹੜਾ ਸਨਅਤ ਤੋਂ ਪੈਦਾ ਹੁੰਦੇ ਦੂਸ਼ਤ ਪਦਾਰਥ ਤੇ ਸਨਅਤੀ ਧੂੜ ਨੂੰ ਕਾਰਗਰ ਢੰਗ ਨਾਲ ਸ਼ੁੱਧ ਕਰਕੇ ਮਨੁੱਖ ਲਈ ਜੀਵਨ-ਦਾਨੀ ਬਣ ਸਕਦਾ ਹੈ। 'ਭਗਵਤ ਪੁਰਾਣ' ਵਿੱਚ ਲਿਖਿਆ ਹੈ ਕਿ ਵੱਡੇ-ਵੱਡੇ ਰੁੱਖ ਦੂਜਿਆਂ ਨੂੰ ਛਾਵਾਂ ਦਿੰਦੇ ਹਨ, ਆਪ ਸੂਰਜ ਦੀ ਤਪਸ਼ ਸਹਿੰਦੇ ਹਨ , ਉਨ੍ਹਾਂ ਦੇ ਫਲ ਆਪਣੇ ਲਈ ਨਹੀਂ ਸਗੋਂ ਦੂਜਿਆਂ ਲਈ ਹੁੰਦੇ ਹਨ। 'ਮਤੱਸਿਆ ਪੁਰਾਣ' ਵਿੱਚ ਇਨ੍ਹਾਂ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਇਸ ਮੁਤਾਬਕ ਜਿਹੜਾ ਮਨੁੱਖ ਇਕ ਖੂਹ ਪੁੱਟਦਾ ਹੈ ਉਹ ਸਵਰਗਾਂ ਵਿੱਚ ਓਨਾ ਚਿਰ ਰਹਿੰਦਾ ਹੈ ਜਿੰਨੇ ਖੂਹ ਵਿੱਚ ਪਾਣੀ ਦੇ ਕਤਰੇ ਹਨ। ਦਸ ਖੂਹਾਂ ਨੂੰ ਪੁੱਟਣ ਦਾ ਪੁੰਨ ਇਕ ਤਲਾਬ ਪੁੱਟਣ ਦੇ ਬਰਾਬਰ ਤੇ ਦਸ ਤਲਾਬਾਂ ਦਾ ਪੁੰਨ ਇਕ ਝੀਲ ਬਣਾ ਲੈਣ ਵਰਗਾ ਹੈ। ਦਸਾਂ ਝੀਲਾਂ ਨੂੰ ਬਣਾਉਣਾ ਓਨਾ ਹੀ ਮਹੱਤਵਪੂਰਨ ਹੈ, ਜਿੰਨਾ ਇਕ ਪੁੱਤਰ ਦੀ ਪ੍ਰਾਪਤੀ ਅਤੇ ਦਸਾਂ ਪੁੱਤਰਾਂ ਦੀ ਪ੍ਰਾਪਤੀ ਦਾ ਪੁੰਨ ਇਕ ਰੁੱਖ ਲਗਾਣ ਦੇ ਬਰਾਬਰ ਹੈ। 'ਪਦਮ ਪੁਰਾਣ' ਵਿੱਚ ਤਾਂ ਇੱਥੋਂ ਤਕ ਕਿਹਾ ਗਿਆ ਹੈ ਕਿ ਵੱਡੇ-ਵੱਡੇ ਰੁੱਖ ਈਸ਼ਵਰ ਦੇ ਹੀ ਵੱਖ-ਵੱਖ ਰੂਪ ਹੁੰਦੇ ਹਨ। ਸੰਸਾਰ ਭਰ ਦੇ ਦਾਨਸ਼ਵਰਾਂ ਨੇ ਵੀ ਇਨ੍ਹਾਂ ਨਿਮਾਣੇ ਰੁੱਖਾਂ ਬਾਰੇ ਬੜੀਆਂ ਕੀਮਤੀ ਗੱਲਾਂ ਕੀਤੀਆਂ ਹਨ। ਧਾਰਮਿਕ ਗ੍ਰੰਥਾਂ ਵਿੱਚ ਰੁੱਖਾਂ ਦੀ ਏਨੀ ਮਹਿਮਾ ਦੇਖ ਕੇ ਪ੍ਰਾਚੀਨ ਕਾਲ ਵਿੱਚ ਲੋਕਾਂ ਨੇ ਰੁੱਖਾਂ ਦੀ ਪੂਜਾ ਸ਼ੁਰੂ ਕਰ ਦਿੱਤੀ। ਲੋਕੀਂ ਇਨ੍ਹਾਂ ਸਾਹਮਣੇ ਜਾ ਕੇ ਸੁੱਖਣਾ ਸੁੱਖਦੇ, ਮੱਥਾ ਟੇਕਦੇ, ਇੰਨਾ ਕੁਝ ਕਿ ਕਾਮਨਾਵਾਂ ਕਰਕੇ ਦੁਆਲੇ ਧਾਗੇ ਤੇ ਮੌਲੀਆਂ ਬੰਨ੍ਹਦੇ ਤੇ ਮੁੱਢਾਂ ਵਿੱਚ ਦੀਵੇ ਬਾਲਦੇ ਹਨ। ਸਾਡੇ ਬੇਸ਼ੁਮਾਰ ਤੀਰਥ ਅਸਥਾਨ ਰੁੱਖਾਂ ਦੇ ਰਿਣੀ ਹਨ। ਪੰਜਾਬ ਦਾ ਕੋਈ ਵਿਰਲਾ ਹੀ ਗੁਰਧਾਮ ਹੋਵੇਗਾ, ਜਿਸਦਾ ਸੰਬੰਧ ਕਿਸੇ ਰੁੱਖ ਨਾਲ ਨਾ ਹੋਵੇ। ਉਹ ਪਵਿੱਤਰ ਰੁੱਖ ਜਿਸਨੂੰ ਗੁਰੂ ਮਹਾਰਾਜ ਨੇ ਆਪ ਲਗਾਇਆ ਸੀ ਜਾਂ ਆਪਣਾ ਪਾਵਨ ਸਪੱਰਸ਼



ਦਿੱਤਾ ਸੀ। ਪੁਰਾਣੇ ਧਾਰਮਿਕ ਗ੍ਰੰਥਾਂ ਵਿੱਚ ਇਨ੍ਹਾਂ ਰੁੱਖਾਂ ਦਾ ਵਿਸ਼ੇਸ਼ ਮਹੱਤਵ ਦਰਸਾਇਆ ਗਿਆ ਹੈ। ਵਿਗਿਆਨਕ ਤੱਤਾਂ ਮੁਤਾਬਕ ਪ੍ਰਤੀ ਵਿਅਕਤੀ 16 ਰੁੱਖ ਲੋੜੀਂਦੀ ਆਕਸੀਜਨ ਦੇ ਸਕਦੇ ਹਨ। ਮਨੁੱਖ ਦੀ ਪੈਦਾ ਕੀਤੀ ਹੋਈ ਕਾਰਬਨ ਡਾਇਆਕਸਾਈਡ ਕੇਵਲ 16 ਰੁੱਖ ਹੀ ਖਾ ਸਕਦੇ ਹਨ। ਸੋ ਦੇਖਣ ਵਾਲੀ ਗੱਲ ਇਹ ਹੈ ਕਿ ਕੁਦਰਤ ਦੇ ਚੱਕਰ ਨੂੰ ਸਾਵਾਂ ਪੱਧਰਾ ਰੱਖਣ ਲਈ ਕੀ ਹਰ ਵਿਅਕਤੀ ਨੇ ਆਪਣੇ ਜੀਵਨ ਵਿੱਚ 16 ਰੁੱਖ ਲਗਾਏ ਹਨ? ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਭੋਜਨ ਤੇ ਪਾਣੀ ਤੋਂ ਬਿਨਾਂ ਤਾਂ ਕੁਝ ਚਿਰ ਜ਼ਿੰਦਾ ਰਹਿ ਸਕਦੇ ਹਾਂ, ਪਰ ਹਵਾ ਤੋਂ ਬਿਨਾਂ 5 ਮਿੰਟ ਵੀ ਨਹੀਂ ਰਹਿ ਸਕਦੇ। ਸੋ ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾਵੇ। ਹਰ ਤੀਖਣ ਬੁੱਧੀ ਤੇ ਉੱਚੀ ਸੋਚ ਵਾਲਾ ਇਨਸਾਨ ਇਸ ਗੱਲ ਤੋਂ ਜਾਣੂ ਹੈ ਕਿ ਭਾਰਤ ਦਾ ਭਵਿੱਖ ਰਾਜਨੀਤਿਕ ਤੱਕੜ ਵਿੱਚ ਨਹੀਂ ਬਨਸਪਤੀ ਤੱਕੜ ਵਿੱਚ ਲਟਕਦਾ ਹੈ। ਬਨਸਪਤੀ ਵਾਤਾਵਰਣ ਦੀ ਦੂਸ਼ਿਤਾ ਨੂੰ ਰੋਕਣ ਦਾ ਪ੍ਰਮੁੱਖ ਸਾਧਨ ਹੈ । ਸੋ ਸਾਹ ਲੈਣ ਵਾਲੀ ਹਵਾ ਨੂੰ ਸਾਫ਼ ਸੁਥਰਿਆਂ ਰੱਖਣ ਲਈ ਰੁੱਖ ਲਗਾਉਣ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕਰਨਾ ਸਾਡਾ ਮੁੱਖ ਫ਼ਰਜ਼ ਬਣਦਾ ਹੈ। ਆਮ ਜਨਤਾ ਨੂੰ ਰੁੱਖਾਂ ਦੀ ਮਹੱਤਤਾ ਤੋਂ ਸੁਚੇਤ ਅਤੇ ਜਾਗ੍ਰਿਤ ਕਰਨਾ ਚਾਹੀਦਾ ਹੈ। ਅੱਜ ਲੋੜ ਹੈ ਜਨ-ਸੰਚਾਰ ਦੇ ਸਾਧਨਾਂ ਤੇ ਵਿਦਿਅਕ ਅਦਾਰਿਆਂ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਨ ਦੀ। ਪਿੰਡਾਂ ਤੇ ਸ਼ਹਿਰਾਂ ਵਿੱਚ ਅਜਿਹੀਆਂ ਵੀਡੀਓ ਫ਼ਿਲਮਾਂ ਤਿਆਰ ਕਰਕੇ ਦਿਖਾਈਆਂ ਜਾਣ ਤਾਂ ਕਿ ਲੋਕ ਚੇਤੰਨ ਹੋ ਸਕਣ ਤੇ ਲੋਕ ਰਾਏ ਰੁੱਖਾਂ ਦੇ ਹੱਕ ਵਿੱਚ ਕਾਇਮ ਕੀਤੀ ਜਾ ਸਕੇ। ਲੋੜ ਹੈ ਸੈਮੀਨਾਰ, ਫ਼ਿਲਮਾਂ ਤੇ ਸਭਾਵਾਂ ਰਾਹੀਂ ਦੇਸ਼ ਦੀ ਪੁੰਗਰਦੀ ਨੌਜਵਾਨ ਪੀੜ੍ਹੀ ਵਿੱਚ ਇਕ ਰੂਹ ਫੂਕਣ ਦੀ, ਜਿਸ ਨਾਲ ਉਹ ਸਾਰੇ ਇਕੱਠੇ ਹੋ ਕੇ ਰੁੱਖਾਂ ਦੀ ਸੰਭਾਲ ਲਈ ਇਕ ਹੰਭਲਾ ਮਾਰਨ। ਕਿਸੇ ਵੀ ਦੇਸ਼, ਕੌਮ ਦੀ ਤਰੱਕੀ, ਮਨੁੱਖ ਜਾਤੀ ਦਾ ਵਿਕਾਸ, ਸਮਾਜਿਕ ਸੁਧਾਰ, ਰਾਸ਼ਟਰ ਦੀ ਨਵ ਉਸਾਰੀ, ਜੀਵਨ ਦੇ ਉੱਚੇ ਨਿਸ਼ਾਨੇ, ਨਵੀਆਂ ਯੋਜਨਾਵਾਂ, ਮਨੁੱਖੀ ਜ਼ਿੰਦਗੀ ਦਾ ਉਤਸ਼ਾਹ, ਖੇੜਾ ਤੇ ਦਲੇਰੀ ਸਿਰਫ਼ ਚੌਗਿਰਦੇ ਦੇ ਸ਼ੁੱਧ ਵਾਤਾਵਰਨ 'ਤੇ ਨਿਰਭਰ ਕਰਦਾ ਹੈ। ਅੱਜ ਅਸੀਂ ਸਾਰੇ ਮਿਲ ਕੇ ਵਣ-ਮਹਾਂਉਤਸਵ ਮਨਾ ਰਹੇ ਹਾਂ। ਦੇਸ਼ ਦੀ ਸੁਤੰਤਰਤਾ ਤੋਂ ਪਿੱਛੋਂ ਇਹ ਅਨੁਭਵ ਕੀਤਾ ਗਿਆ ਹੈ ਕਿ ਦੇਸ਼ ਦੇ ਜੰਗਲਾਂ

ਦਾ ਖੇਤਰਫਲ ਲਗਾਤਾਰ ਘਟ ਰਿਹਾ ਹੈ ਤੇ ਮਾਰੂਥਲ ਵਧ ਰਿਹਾ ਹੈ । ਇਸ ਲਈ ਤਾਂ ਜੁਲਾਈ 1957 ਨੂੰ ਸਭ ਤੋਂ ਪਹਿਲਾ ਵਣ-ਮਹਾਂਉਤਸਵ ਦਿੱਲੀ ਦੇ ਇਤਿਹਾਸਿਕ ਪੁਰਾਣੇ ਕਿਲ੍ਹੇ ਵਿੱਚ ਸ੍ਰੀ ਜਵਾਹਰ ਲਾਲ ਨਹਿਰੂ ਦੇ ਇਹਨਾਂ ਲਫ਼ਜ਼ਾਂ ਨਾਲ ਮਨਾਇਆ ਗਿਆ-**"ਮੇਰੀ ਧਾਰਨਾ ਹੈ ਕਿ ਰੁੱਖ ਕੱਟਣ ਬਾਰੇ ਇਹ ਕਾਨੂੰਨ ਹੋਣਾ ਚਾਹੀਦਾ ਹੈ ਕਿ ਜਿਹੜਾ ਵਿਅਕਤੀ ਕਿਸੇ ਪੁਰਾਣੇ ਰੁੱਖ ਨੂੰ ਕੱਟੇ ਉਸ ਨੂੰ ਇਕ ਨਵਾਂ ਰੁੱਖ ਲਗਾ ਕੇ ਇਸ ਦੀ ਘਾਟ ਪੂਰੀ ਕਰਨੀ ਚਾਹੀਦੀ ਹੈ।"**

(ਰੋਜ਼ਾਨਾ ਜੱਗਬਾਣੀ 11-9-90 ਵਿੱਚੋਂ ਧੰਨਵਾਦ ਸਹਿਤ!)

-o-

-ਬੱਚੇ ਤੇ ਰੁੱਖ ਦੇਸ਼ ਦਾ ਧਨ ਹਨ । ਅਧਿੱਕ ਬੱਚੇ ਆਰਥਿਕ ਸੰਕਟ ਦਾ ਕਾਰਣ ਬਣਦੇ ਹਨ ਤੇ ਅਧਿੱਕ ਰੁੱਖ ਆਰਥਿਕ ਸੰਕਟ ਟਾਲਦੇ ਹਨ ।

-ਜੇ.ਐਸ.ਸੈਣੀ

M- 98150-74381



# ਧਰਤੀ ਕਰੇ ਪੁਕਾਰ-ਨਾ ਲੁੱਟੋ ਕੁਦਰਤ ਦੇ ਭੰਡਾਰ

ਮਾਸਟਰ ਨਿਰੰਜਨ ਸਿੰਘ

ਕੁਦਰਤ ਦੇ ਕਿੰਨੇ ਹੀ ਅਦਿੱਖ ਕਾਰਜ ਜੋ ਮਾਨਵਤਾ ਦੇ ਭਲੇ ਲਈ, ਜੀਵ-ਜੰਤੂਆਂ ਦੇ ਭਲੇ ਲਈ, ਪਸ਼ੂ-ਪੰਛੀਆਂ ਦੇ ਭਲੇ ਲਈ ਨਿਰੰਤਰ ਸੇਵਾ ਨਿਭਾ ਰਹੇ ਹਨ। ਕੁਦਰਤ ਦਾ ਆਪਣਾ ਹੀ ਵਰਤਾਰਾ ਹੈ, ਆਪਣਾ ਹੀ ਅਦਿੱਖ ਪ੍ਰਬੰਧਕੀ ਨਿਜ਼ਾਮ ਹੈ ਜੋ ਨਿਰੰਤਰ ਇਸ ਕਾਰਜ ਵਿੱਚ ਜੁੱਟਿਆ ਹੋਇਆ ਹੈ। ਪਰ ਜਦੋਂ ਅਸੀਂ ਕੁਦਰਤ ਦੇ ਪ੍ਰਬੰਧਕੀ ਨਿਜ਼ਾਮ ਵਿੱਚ ਖਲਲ ਪਾਉਂਦੇ ਹਾਂ ਜਾਂ ਕੁਦਰਤੀ ਨਿਯਮਾਂ ਦੀ ਛੇੜਛਾੜ ਕਰਦੇ ਹਾਂ ਤਾਂ ਅਸੀਂ ਨੇੜਲੇ ਭਵਿੱਖ ਵਿੱਚ ਆਰਜ਼ੀ ਸੁੱਖ ਤਾਂ ਭੋਗ ਸਕਦੇ ਹਾਂ ਪਰ ਸਥਾਈ ਰੂਪ ਵਿੱਚ ਇਸਦਾ ਆਨੰਦ ਨਹੀਂ ਮਾਣ ਸਕਦੇ, ਜਿਸਦੇ ਸਿੱਟੇ ਵੱਜੋਂ ਸਾਨੂੰ ਦੁੱਖ ਭੋਗਣਾ ਪੈਂਦਾ ਹੈ। ਇਸ ਤਰ੍ਹਾਂ ਦਾ ਦੁੱਖ ਪੀੜ੍ਹੀਆਂ ਤਕ ਵੀ ਮਾਰ ਕਰ ਸਕਦਾ ਹੈ। ਨਿਸ਼ਚੇ ਹੀ ਵਿਕਾਸ ਦੀ ਉਹ ਹੱਦ ਜਾਂ ਪੜਾਅ ਸਾਡੇ ਲਈ ਸਿਰਦਰਦੀ ਬਣ ਜਾਂਦਾ ਹੈ। ਕੁਦਰਤ ਦਾ ਇਹ ਨਿਯਮ ਹੈ ਕਿ ਲੋੜ ਤੋਂ ਵੱਧ ਕਿਸੇ ਵੀ ਜ਼ਿਆਦਤੀ ਨੂੰ ਕਬੂਲ ਨਹੀਂ ਕਰਦੀ।

ਸਾਡੀ ਰੋਜ਼ਮਰਾ ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਬਹੁਮੁੱਲੇ ਭੰਡਾਰਾਂ ਦਾ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੇ ਅਖੀਰ ਵਿੱਚ ਇਕ ਸਲੋਕ ਰਾਹੀਂ ਵਰਣਨ ਵੀ ਕੀਤਾ ਹੈ:

**"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥"** (ਅੰਗ ੮)

ਸੱਚਮੁੱਚ ਹੀ ਜੇ ਅਸੀਂ ਇਨ੍ਹਾਂ ਬਹੁਮੁੱਲੇ ਭੰਡਾਰਾਂ ਦੇ ਰੂਬਰੂ ਹੋ ਕੇ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਇਹ ਭੰਡਾਰ ਬੜੇ ਹੀ ਸਰਬ-ਸ੍ਰੇਸ਼ਠ ਹਨ, ਗੁਣਵੱਤਾ ਦਾ ਭੰਡਾਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੜੀ ਡੂੰਘੀ ਵਿਚਾਰਧਾਰਾ ਦੀ ਤਰਜਮਾਨੀ ਕਰਦੇ ਹਨ।ਇਨ੍ਹਾਂ ਭੰਡਾਰਾਂ ਦੀ ਹੋਂਦ ਸਦਕਾ ਹੀ ਹਰ ਪ੍ਰਾਣੀ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾ ਜੀਵਨ ਧੜਕਦਾ ਹੈ। ਇਨ੍ਹਾਂ ਵਿੱਚੋਂ ਕਿਸੇ ਇਕ ਦੀ ਘਾਟ ਹੀ ਸਾਰੀ ਸ੍ਰਿਸ਼ਟੀ ਨੂੰ ਬੇਜਾਨ ਬਣਾ ਸਕਦੀ ਹੈ, ਪਰਲੋ ਆ ਸਕਦੀ ਹੈ । ਮਨੁੱਖ ਤਾਂ ਕੀ ਕੋਈ ਵੀ ਜੀਵ-ਜੰਤੂ, ਪਸ਼ੂ-ਪੰਛੀ ਦਾ ਟਿਕਾਣਾ ਅਸੰਭਵ ਹੋ ਜਾਵੇਗਾ। ਅਸੀਂ ਇਸ ਸਲੋਕ ਨੂੰ ਰੋਜ਼ ਪੜ੍ਹਦੇ ਸੁਣਦੇ ਤਾਂ ਹਾਂ ਪਰ ਇਸਨੂੰ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਅਸੀਂ

ਇਸ ਸਲੋਕ ਨੂੰ ਪੜ੍ਹਨ ਤਕ ਹੀ ਸੀਮਿਤ ਰੱਖਿਆ ਹੈ। ਅਸੀਂ ਹਵਾ ਨੂੰ ਬੜਾ ਸਰਸਰੀ ਜਿਹਾ ਲੈਂਦੇ ਹਾਂ। ਕੀ ਹਵਾ ਤੋਂ ਬਗੈਰ ਕੋਈ ਜੀਵਨ ਧੜਕ ਸਕਦਾ ਹੈ? ਉਸ ਮਰੀਜ਼ ਨੂੰ ਪੁੱਛ ਕੇ ਦੇਖੋ ਕਿ ਸ਼ੁੱਧ ਹਵਾ ਦੀ ਕੀ ਕੀਮਤ ਹੈ ਜੋ ਆਕਸੀਜਨ ਦੇ ਸਹਾਰੇ ਸਾਹ ਲੈ ਰਿਹਾ ਹੈ। ਉਸ ਪਿਆਸੇ ਨੂੰ ਪੁੱਛ ਕੇ ਦੇਖੋ ਜੋ ਪਾਣੀ ਲਈ ਤੜਪ ਰਿਹਾ ਹੈ ਕਿ ਪਾਣੀ ਦੀ ਕੀ ਕੀਮਤ ਹੈ? ਗੁਰਬਾਣੀ ਸਾਨੂੰ ਦੱਸਦੀ ਹੈ ਕਿ ਪਾਣੀ ਕਿੰਨਾ ਕੀਮਤੀ ਹੈ:-

**"ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭਿ ਕੋਇ॥"**

ਸੋ ਹਰ ਇਕ ਪ੍ਰਾਣੀ ਦੀ ਜ਼ਿੰਦ-ਜਾਨ ਹੀ ਪਾਣੀ ਹੈ। ਚਾਹੇ ਮਨੁੱਖੀ ਜੀਵਨ ਹੈ, ਚਾਹੇ ਪਸ਼ੂ-ਪੰਛੀਆਂ ਦਾ ਜਾਂ ਜੀਵ-ਜੰਤੂਆਂ ਦਾ ਜੀਵਨ ਹੈ; ਇੱਥੋਂ ਤਕ ਕਿ ਜਿੰਨੀ ਵੀ ਬਨਸਪਤੀ ਹੈ ਇਸਦਾ ਬਹੁਤਾ ਹਿੱਸਾ ਤਾਂ ਪਾਣੀ ਹੀ ਹੈ। ਸਾਡੀ ਰੋਜ਼ੀ ਰੋਟੀ ਦਾ ਸਾਧਨ ਵੀ ਪਾਣੀ ਉੱਤੇ ਨਿਰਭਰ ਹੈ। ਤੀਜੀ ਗੱਲ ਅਸੀਂ ਧਰਤੀ ਬਾਰੇ ਕਰਦੇ ਹਾਂ ਜੋ ਸਾਰੇ ਜੀਵਾਂ ਦੀ ਮਾਂ ਹੈ, ਜਿਸਦੀ ਬੁੱਕਲ ਵਿੱਚ ਹਰ ਪ੍ਰਾਣੀ ਖੇਡਦਾ ਹੈ ਤੇ ਆਨੰਦ ਮਾਣਦਾ ਹੈ । ਉਂਞ ਮਾਂ ਦਾ ਦਰਜਾ ਵੀ ਸੰਸਾਰ ਵਿੱਚ ਸਰਬ-ਸ੍ਰੇਸ਼ਟ ਹੈ ਜੋ ਪੂਜਣਯੋਗ ਹੈ। ਪਰ ਅੱਜ ਦਾ ਮਨੁੱਖ ਕੁਦਰਤ ਨਾਲ ਛੇੜਛਾੜ ਕਰਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਿਹਾ ਹੈ। ਰਸਾਇਣਿਕ ਖਾਦਾਂ ਦੀ ਬੇਤਹਾਸ਼ਾ ਵਰਤੋਂ ਕਰਕੇ ਇਸਦੇ ਸੰਤੁਲਨ ਨੂੰ ਵਿਗਾੜ ਦਿੱਤਾ ਹੈ ਤੇ ਅਮਲੀ ਬਣਾ ਦਿੱਤਾ ਹੈ। ਹੁਣ ਕੋਈ ਵੀ ਫ਼ਸਲ ਲੈਣ ਲਈ ਸਾਨੂੰ ਰਸਾਇਣਿਕ ਖਾਦਾਂ ਦਾ ਸਹਾਰਾ ਲੈਣਾ ਹੀ ਪੈਂਦਾ ਹੈ ਤੇ ਨਵੀਆਂ-ਨਵੀਆਂ ਬਿਮਾਰੀਆਂ ਨੂੰ ਸੱਦਾ ਦਿੰਦੇ ਹਾਂ।ਇਨ੍ਹਾਂ ਰਸਾਇਣਿਕ ਖਾਦਾਂ ਨਾਲ ਸਾਹ, ਦਮਾ ਤੇ ਐਲਰਜੀ ਵਰਗੀਆਂ ਬਿਮਾਰੀਆਂ ਆਮ ਹੁੰਦੀਆਂ ਹਨ। ਅੰਨ੍ਹੇਵਾਹ ਕੀੜੇਮਾਰ ਦਵਾਈਆਂ ਨਾਲ ਅਸੀਂ ਇਕ ਵੱਢਿਉਂ ਜੀਵ-ਜੰਤੂਆਂ ਦਾ ਘਾਤ ਕਰ ਦਿੱਤਾ ਹੈ। ਜਿਹੜੇ ਪੰਛੀ ਕੀੜੇ-ਮਕੌੜੇ ਖਾ ਕੇ ਗੁਜ਼ਾਰਾ ਕਰਦੇ ਸਨ ਉਹ ਭੁੱਖੇ ਮਰਨ ਲੱਗ ਪਏ ਤੇ ਖ਼ੁਰਾਕ ਦੀ ਭਾਲ ਵਿੱਚ ਇੱਥੋਂ ਚਲੇ ਗਏ। ਅਮਰੀਕਨ ਸੁੰਡੀ ਜਿਹੜੀ ਖ਼ਤਮ ਨਹੀਂ ਹੋ ਰਹੀ ਇਹ ਵੀ ਬਹੁਤੇ ਪੰਛੀਆਂ ਦੀ ਖ਼ੁਰਾਕ ਸੀ; ਪਰ ਉਨ੍ਹਾਂ ਪੰਛੀਆਂ ਦੇ ਜਾਣ ਕਰਕੇ ਇਹ ਭੀ ਬਹੁਤ ਵਧ ਗਈ ਹੈ ਜਿਸ 'ਤੇ ਕੀੜੇਮਾਰ ਦਵਾਈਆਂ ਦਾ ਵੀ ਅਸਰ ਨਹੀਂ ਹੋ ਰਿਹਾ। ਪੰਜਾਬ ਦਾ ਕਿਸਾਨ ਪਿਛਲੇ 4-5 ਦਹਾਕਿਆਂ ਤੋਂ ਝੋਨੇ ਦੀ ਫ਼ਸਲ ਪਿੱਛੇ ਪਿਆ ਹੋਇਆ ਹੈ ਜਿਸਦੇ ਸਿੱਟੇ ਵੱਜੋਂ ਪੰਜਾਬ ਦੀ ਧਰਤੀ 'ਤੇ ਸਾਢੇ 9 ਲੱਖ ਦੇ ਕਰੀਬ ਟਿਊਬਵੈੱਲ ਧਰਤੀ ਹੇਠਲਾ



ਪਾਣੀ ਖਿੱਚ ਰਹੇ ਹਨ ਤੇ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ। ਅੱਜ ਪੰਜਾਬ ਦੀ ਧਰਤੀ 'ਤੇ 5 ਲੱਖ ਦੇ ਕਰੀਬ ਟਰੈਕਟਰ ਚਲ ਰਹੇ ਹਨ। ਕਾਰਾਂ, ਜੀਪਾਂ ਤੇ ਮੋਟਰਸਾਈਕਲ ਇਸ ਤੋਂ ਵੱਖਰੇ ਘੁੰਮ ਰਹੇ ਹਨ। ਦੂਜਾ ਬੇਸ਼ੁਮਾਰ ਟਰੱਕ, ਬੱਸਾਂ ਤੇ ਹੋਰ ਗੱਡੀਆਂ ਸੜਕਾਂ 'ਤੇ ਘੁੰਮਦੀਆਂ ਫਿਰਦੀਆਂ ਨਜ਼ਰ ਆਉਂਦੀਆਂ ਹਨ। ਭੱਠੇ ਤੇ ਫੈਕਟਰੀਆਂ ਬੇਸ਼ੁਮਾਰ ਧੂੰਆਂ ਕੱਢ ਰਹੇ ਹਨ ਜੋ ਹਵਾ ਨੂੰ ਪ੍ਰਦੂਸ਼ਤ ਕਰ ਰਹੇ ਹਨ। ਜੰਗਲਾਂ ਦੀ ਬੇਤਹਾਸ਼ਾ ਕਟਾਈ ਨਾਲ ਆਕਸੀਜਨ ਦਾ ਚੱਕਰ ਘਟ ਰਿਹਾ ਹੈ ਤੇ ਕਾਰਬਨ ਡਾਇਆਕਸਾਈਡ ਦਾ ਚੱਕਰ ਵਧ ਰਿਹਾ ਹੈ। **ਪਿੰਡ ਦਾ ਸ਼ਿੰਗਾਰ ਤ੍ਰਿਵੈਣੀਆਂ (ਨਿੰਮ, ਪਿੱਪਲ, ਬਰੋਟੇ ਆਦਿ ਦੇ ਰੁੱਖ) ਘਟ ਗਈਆਂ ਹਨ।** ਹਰ ਇਕ ਪਿੰਡ ਦੇ ਘਰ-ਘਰ ਗਰਕਵੀਆਂ ਟੱਟੀਆਂ ਬਣ ਗਈਆਂ ਹਨ ਜਿਨ੍ਹਾਂ ਨੇ ਪਾਣੀ ਦੀ ਉਤਲੀ ਸਤਹ ਨੂੰ ਪੀਣ ਯੋਗ ਨਹੀਂ ਰਹਿਣ ਦਿੱਤਾ। ਕੁਦਰਤ ਨੇ ਇਨ੍ਹਾਂ ਬਹੁਮੁੱਲੇ ਭੰਡਾਰਾਂ ਦਾ ਖੁੱਲ੍ਹੇ ਰੂਪ ਵਿੱਚ ਪਸਾਰਾ ਕੀਤਾ ਹੈ ਜਿਸਦਾ ਅਨੰਦ ਅਸੀਂ ਸਾਰੇ ਮਾਣ ਰਹੇ ਹਾਂ । ਅਸੀਂ ਕੁਦਰਤ ਦਾ ਸ਼ੁਕਰਾਨਾ ਤਾਂ ਕੀ ਕਰਨਾ ਸੀ ਸਗੋਂ ਅੱਜ ਦਾ ਮਨੁੱਖ ਇਨ੍ਹਾਂ ਬਹੁਮੁੱਲੇ ਭੰਡਾਰਾਂ ਨੂੰ ਪ੍ਰਦੂਸ਼ਤ ਕਰਨ 'ਤੇ ਲੱਗਿਆ ਹੋਇਆ ਹੈ । ਸਾਡਾ ਪਾਣੀ ਪ੍ਰਦੂਸ਼ਤ ਹੈ। ਸਾਡੀ ਹਵਾ ਪ੍ਰਦੂਸ਼ਤ ਹੈ। ਇਸ ਪ੍ਰਦੂਸ਼ਤ ਵਾਤਵਰਨ ਵਿੱਚ ਮਨੁੱਖ ਨੂੰ ਤਾਂ ਖ਼ਤਰਾ ਹੈ ਹੀ ਸੀ, ਪਸ਼ੂ-ਪੰਛੀਆਂ ਨੂੰ ਵੀ ਖ਼ਤਰਾ ਹੈ । ਬਹੁਤੇ ਪੰਛੀ ਤਾਂ ਸ਼ੁੱਧ ਪਾਣੀ ਤੇ ਸ਼ੁੱਧ ਹਵਾ ਦੀ ਭਾਲ ਵਿੱਚ ਮਜਬੂਰੀ ਵੱਸ ਆਪਣਾ ਆਲ੍ਹਣਾ ਛੱਡ ਕੇ ਪ੍ਰਵਾਸ ਕਰ ਗਏ ਹਨ, ਨਹੀਂ ਤਾਂ ਆਲ੍ਹਣਾ ਛੱਡਣ ਨੂੰ ਕਿਸ ਦਾ ਜੀ ਕਰਦਾ ਹੈ। ਸੋ ਅੱਜ ਦੀ ਮੁੱਖ ਲੋੜ ਹੈ ਹਵਾ, ਪਾਣੀ ਤੇ ਧਰਤੀ ਨੂੰ ਸਾਂਭਣ ਦੀ। ਕਿਵੇਂ ਇਨ੍ਹਾਂ ਭੰਡਾਰਾਂ ਨੂੰ ਪਵਿੱਤਰ ਤੇ ਸ਼ੁੱਧ ਰੱਖਿਆ ਜਾਵੇ।

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 25-10-2001 ਵਿੱਚੋਂ ਧੰਨਵਾਦ ਸਹਿਤ!)

-o-

# ਮੈਂ ਰੁੱਖ ਬੋਲਦਾ ਹਾਂ

-ਸੁਲੱਖਣ ਸਰਹੱਦੀ

ਝੁਲਸ ਰਹੀ ਹਰ ਨਵੀਂ ਕਰੂੰਬਲ, ਵਾਵਾਂ ਦਾ ਦਿਲ ਬਲਦਾ ।
ਦਾਵਾਨਲ ਹੈ ਚਾਰ ਚੁਫੇਰੇ ਮੈਂ ਸੜਨੋਂ ਕਿੰਵ ਬਚਦਾ ?
ਮੈਂ ਉਹ ਰੁੱਖ ਹਾਂ ਜਿਸ ਦੀਆਂ ਅੱਖਾਂ, ਖ਼ੂਨ ਦੇ ਹੰਝੂ ਵਹਾਵਣ,
ਮੈਂ ਉਹ ਰੁੱਖ ਹਾਂ ਜਿਸ ਦੇ ਸੀਨੇ, ਆਰੇ ਚਲ ਚਲ ਜਾਵਣ ।
ਸੰਗਮਰਮਰ ਦੇ ਦਿਲ ਨੇ ਜਿੱਥੇ, ਪੱਥਰ ਡੇਲਾ ਅੱਖ ਦਾ,
ਪੱਥਰਾਂ ਦੇ ਇਸ ਸ਼ਹਿਰ 'ਚ ਬੰਦਾ, ਪੱਥਰ ਹੋ ਗਿਆ ਲੱਗਦਾ ।
ਜਨਮੋਂ ਹੀ ਮੈਂ ਧੁੱਪੀਂ ਸੜ ਕੇ, ਵੰਡੀਆਂ ਸੀਤਲ ਛਾਵਾਂ,
ਐਪਰ ਜ਼ਹਿਰ ਪਿਲਾਈ ਪੁੱਤਾਂ, ਕਿਸਨੂੰ ਦਰਦ ਸੁਣਾਵਾਂ ?
ਮੇਰੇ ਦਿਲ ਵਿੱਚ ਮਾਂ ਦਾ ਦਿਲ ਹੈ ਸਿਰੜ ਹੈ ਬਾਪੂ ਵਰਗਾ,
ਤੂਫਾਨਾਂ ਦਾ ਖੌਫ ਨਾ ਮੈਨੂੰ ਆਪਣਿਆਂ ਤੋਂ ਡਰਦਾ ।
ਵਾਵਾਂ ਧੁੱਪਾਂ ਦਾ ਮੂੰਹ ਚੁੰਮਾਂ, ਪੰਛੀ ਕਰਨ ਕਲੋਲਾਂ,
ਢੀਮਾਂ ਬਦਲੇ ਫਲ ਦੇਂਦਾ ਹਾਂ, ਮੂੰਹੋਂ ਕੁਝ ਨਾ ਬੋਲਾਂ ।
ਬੱਦਲ ਸੱਦ ਕਰਾਵਾਂ ਵਰਖਾ, ਸੜਦੇ ਖੇਤ ਬਚਾਵਾਂ,
ਧਰਤੀ ਮਾਂ ਨੂੰ ਖੁਰਨੋਂ ਰੋਕਾਂ, ਇਸਦੀ ਸ਼ਾਨ ਵਧਾਵਾਂ ।
ਮੇਰੇ ਵਿੱਚ ਜੀਰਾਂਦ ਤੇ ਜੇਰਾ, ਮੈਂ ਇਕ ਰਿਸ਼ੀ ਮੈਂ ਫੱਕਰ,
ਮੇਰੇ ਹੇਠ ਦਰਬਾਰ ਸਜਾਉਂਦੇ, ਸ਼ੇਰ ਮੁਨੀ, ਪੈਗ਼ੰਬਰ ।
ਮੈਂ ਬਾਲਾਂ ਦੀ ਕਲਮ ਤੇ ਫੱਟੀ, ਮੈਂ ਚੰਨਣ ਦਾ ਚਰਖਾ,
ਰੰਗਲਾ ਪੀੜ੍ਹਾ, ਡੋਲਾ, ਅਰਥੀ, ਬੋਧੀ ਬੋਹੜ ਗਯਾ ਦਾ ।
ਮੇਰੇ ਚਾਰ ਚੁਫੇਰੇ ਧੂੰਆਂ, ਗੈਸਾਂ ਵਿੱਚ ਦਮ ਘੁੱਟਦਾ,
ਕੀ ਅੱਗ ਲਾਈ ਪਾਣੀਆਂ ਤਾਈਂ? ਮੈਂ ਜਾਂਦਾ ਹਾਂ ਟੁੱਟਦਾ ।
ਜ਼ਹਿਰਾਂ ਖਾਵਾਂ ਅੰਮ੍ਰਿਤ ਵੰਡਾਂ ਮੈਂ ਜੀਵਨ ਦਾ ਰਾਖਾ,
ਫਿਰ ਵੀ ਹੈ ਮੇਰੇ 'ਤੇ ਕਾਹਤੋਂ ਬੰਦਾ ਲੋਹਾ ਲਾਖਾ ?



ਚੁੱਕੀ ਫਿਰਨੈ ਦਾਤ ਕੁਹਾੜੇ ਟੁਕ ਟੁਕ ਸੁੱਟੇਂ ਮੈਨੂੰ,
ਮੇਰੇ ਮੀਤ ਪਿਆਰੇ ਬੰਦਿਆ ਇਹ ਕੀ ਹੋ ਗਿਆ ਤੈਨੂੰ ?
ਰੁੱਖ ਤਾਂ ਹੁੰਦੇ ਸਰਵਣ ਪੁੱਤਰ ਧਰਤੀ ਦੀ ਇਹ ਵਹਿੰਗੀ,
ਰੁੱਖਾਂ ਦੀ ਜੜ੍ਹ ਪੁੱਟ ਰਹੇ ਓ, ਇਹ ਪੈਣੀ ਗੱਲ ਮਹਿੰਗੀ ।
ਰੁੱਖ ਨੂੰ ਪੁੱਤ ਗੱਭਰੂ ਕਰਨਾ, ਪਾਪ ਧੁੱਪਣ ਜਨਮਾਂ ਦੇ,
ਜੀਵਨ ਵਿੱਚ ਜੋ ਰੁੱਖ ਨਾ ਲਾਉਂਦੇ, ਹੋਣ ਸੜੇ ਕਰਮਾਂ ਦੇ ।
ਇਕ ਹੀ ਰੁੱਖ ਨੂੰ ਸੌ ਸੁੱਖ ਲੱਗਦੇ, ਸੌ ਰੁੱਖ ਲਾ ਕੇ ਵੇਖੋ,
ਦਿਲ ਨੂੰ ਠੰਢ ਕਿਵੇਂ ਪੈਂਦੀ ਹੈ, ਰੁੱਖ ਲਗਾ ਕੇ ਵੇਖੋ ।
ਕੁਦਰਤੋਂ ਦੂਰ ਕਦੂਰਤ ਜੰਮੇ, ਸ਼ਹਿਰੀਂ ਗੁੰਮ ਨਾ ਜਾਇਉ,
ਮੇਰੇ ਬੱਚੇ ਝੁਲਸ ਰਹੇ ਨੂੰ, ਹੋਰ ਨਾ ਬੰਬ ਚਲਾਇਉ ।
ਮੰਗਾਂ ਖ਼ੈਰ ਸਦਾ ਸਰਹੱਦੀ, ਧਰਤ 'ਤੇ ਉਗਮਣ ਖੇੜੇ,
ਮੈਂ ਨਾ ਰਿਹਾ ਤਾਂ ਬਣਨਗੇ ਕਿੱਥੋਂ ਕਿਸ਼ਤੀਆਂ ਪੁਲ ਤੇ ਬੇੜੇ ?

ਪਿੰਡ ਕੁਹਾੜ,
ਡਾਕਖ਼ਾਨਾ: ਡਿਹਰੀਵਾਲ
ਦਰੋਗਾ
ਜ਼ਿਲ੍ਹਾ: ਗੁਰਦਾਸਪੁਰ 143518

-0-

# ਪ੍ਰਿਥਵੀ ਦੇ ਹਰਿਆਵਲੇ ਫੇਫੜੇ

-ਤ੍ਰਿਲੋਚਨ ਸਿੰਘ ਭਾਟੀਆ

ਪ੍ਰਿਥਵੀ ਮਨੁੱਖ ਦਾ ਘਰ ਹੈ। ਮਨੁੱਖ ਦੇ ਨਾਲ-ਨਾਲ ਏਥੇ ਹੋਰ ਵੀ ਵਿਭਿੰਨ ਪ੍ਰਕਾਰ ਦਾ ਪ੍ਰਾਣੀ-ਮੰਡਲ ਵੱਸਦਾ ਹੈ। ਬਨਸਪਤੀ ਇਸ ਜੀਵ-ਮੰਡਲ ਦਾ ਹੀ ਇਕ ਹਿੱਸਾ ਹੈ ਅਤੇ ਸਾਡੀ ਪ੍ਰਿਥਵੀ ਇਸ ਹਰਿਆਉਲੀ ਬਨਸਪਤੀ ਰਾਹੀਂ ਹੀ ਸਾਹ ਲੈਂਦੀ ਹੈ। ਜੇ ਕਿਸੇ ਦੇ ਫੇਫੜੇ ਰੋਗੀ ਹੋ ਜਾਣ ਜਾਂ ਸਰੀਰ ਵਿੱਚੋਂ ਫੇਫੜੇ ਕੱਢ ਹੀ ਦਿੱਤੇ ਜਾਣ ਤਾਂ ਪਿੱਛੇ ਕੀ ਰਹਿ ਜਾਂਦਾ ਹੈ, ਨਿਰਜਿੰਦ ਸਰੀਰ ਵਰਗੀ ਵੀਰਾਨ ਧਰਤੀ? ਬਨਸਪਤੀ-ਹੀਣ ਭੂਮੀ ਮਾਰੂਥਲ ਬਣ ਜਾਂਦੀ ਹੈ। ਅਫ਼ਰੀਕੀ ਸ਼ਹਿਰਾਂ ਵਰਗੀ ਜਾਂ ਐਟੇਕਾਮਾ ਤੇ ਕਾਲਾਹਾਰੀ ਦੇ ਮਾਰੂਥਲਾਂ ਵਰਗੀ। ਪ੍ਰਿਥਵੀ ਦੇ ਜਿਊਂਦੇ ਰਹਿਣ ਲਈ ਹਰਿਆਉਲੇ ਫੇਫੜਿਆਂ ਦੀ ਉਸੇ ਤਰ੍ਹਾਂ ਜ਼ਰੂਰਤ ਹੈ ਜਿਵੇਂ ਸਾਨੂੰ ਜ਼ਿੰਦਾ ਰਹਿਣ ਲਈ ਹਵਾ ਤੇ ਪਾਣੀ ਚਾਹੀਦਾ ਹੈ ਅਤੇ ਸੁਆਸ ਦੇ ਘੁੱਟ ਭਰਨ ਲਈ ਫੇਫੜਿਆਂ ਦੀ ਲੋੜ ਹੈ। ਕੁਦਰਤ ਨੇ ਇਨ੍ਹਾਂ ਪ੍ਰਿਥਵੀ ਦੇ ਫੇਫੜਿਆਂ ਨੂੰ ਤੰਦਰੁਸਤ ਰੱਖਣ ਲਈ ਸੰਘਣੀ ਬਨਸਪਤੀ ਦਾ ਕੱਜਣ ਦਿੱਤਾ ਸੀ। ਕੁਦਰਤ ਦੇ ਇਹ ਕਾਰਖ਼ਾਨੇ ਸਾਡੇ ਲਈ ਅਸੀਮ ਮਾਤਰਾ ਵਿੱਚ ਆਕਸੀਜਨ ਤਿਆਰ ਕਰਦੇ ਰਹੇ ਹਨ। ਧੂੜ-ਕਣ ਹਵਾ ਵਿੱਚ ਉੱਡਦੀ ਗੰਦਗੀ ਅਤੇ ਜੀਵਾਂ ਰਾਹੀਂ ਪੈਦਾ ਕੀਤੀ ਗਈ ਕਾਰਬਨ-ਡਾਇਆਕਸਾਈਡ ਨੂੰ ਇਹ ਬਨਸਪਤੀ ਚੂਸ ਲੈਂਦੀ ਸੀ ਤੇ ਇਸਦੇ ਵਟਾਂਦਰੇ ਵਿੱਚ ਸਾਨੂੰ ਮਿਲਦੀ ਸੀ ਸਾਫ਼ ਤੇ ਸ਼ੁੱਧ ਹਵਾ। ਇਹ ਹਰਿਆਉਲਾ ਕੱਜਣ ਇਕ ਹੋਰ ਤਰ੍ਹਾਂ ਵੀ ਪ੍ਰਿਥਵੀ ਦੀ ਸੇਵਾ ਕਰਦਾ ਹੈ। ਸੂਰਜ ਵੱਲੋਂ ਆਉਂਦੀ ਕਾਫ਼ੀ ਤਪਸ਼ ਨੂੰ ਸਾਗਰ ਤੇ ਰੁੱਖ ਚੂਸ ਕੇ ਸਾਨੂੰ ਲੋੜੀਂਦੇ ਨਿੱਘ ਦਾ ਸੰਚਾਰ ਕਰਦੇ ਹਨ। ਜੇਕਰ ਸਾਰੀ ਤਪਸ਼ ਸਾਨੂੰ ਹੀ ਸਹਿਣੀ ਪਏ ਤਾਂ ਸ਼ਾਇਦ ਅਸੀਂ ਭੱਠੀ ਵਿੱਚ ਪਏ ਦਾਣਿਆਂ ਵਾਂਙ ਭੁੱਜ ਜਾਈਏ।

**ਹਰਿਆਉਲੀ ਪੱਟੀ**: ਦੁਨੀਆਂ ਵਿੱਚ ਬਨਸਪਤੀ ਦੀ ਸਭ ਤੋਂ ਸੰਘਣੀ ਪੱਟੀ ਤਪਤ-ਖੰਡ ਵਿੱਚ ਹੈ। ਏਥੇ ਦੀ ਵੱਧ ਗਰਮੀ ਤੇ ਭਰਪੂਰ ਨਮੀ ਰੁੱਖਾਂ ਨੂੰ ਬਾਰਾਂ ਮਹੀਨੇ ਹੀ ਮੌਲਣ ਵਿੱਚ ਸਹਾਈ ਹੁੰਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਤਪਤ-ਖੰਡੀ ਵਣ ਧਰਤੀ 'ਤੇ ਕੇਵਲ 6 ਫੀ ਸਦੀ ਹਿੱਸੇ ਉੱਪਰ ਫੈਲੇ ਹੋਏ ਹਨ; ਪਰ ਇਨ੍ਹਾਂ ਅੰਦਰ ਦੁਨੀਆਂ ਦੀ 50 ਫੀ ਸਦੀ ਤੋਂ ਵੀ ਵੱਧ ਬਨਸਪਤੀ



ਅਤੇ ਜੀਵ-ਵਣਗੀ ਮਿਲ ਜਾਂਦੀ ਹੈ। ਇਸਨੂੰ ਬਨਸਪਤੀ ਤੇ ਜੀਵ-ਵਣਗੀ ਦੀ ਦ੍ਰਿਸ਼ਟੀ ਤੋਂ ਅਤਿ ਅਮੀਰ ਮੰਡਲੀ ਮੰਨਿਆ ਜਾਂਦਾ ਹੈ। ਇਕੱਲੇ ਐਮਜ਼ੋਨੀ ਖੇਤਰ (ਦੱਖਣੀ ਅਮਰੀਕਾ) ਵਿੱਚ ਹੀ ਦਸ ਕਿਲੋਮੀਟਰ ਰਕਬੇ ਵਿੱਚ ਰੁੱਖਾਂ ਦੀਆਂ 750, ਪਸ਼ੂਆਂ ਦੀਆਂ 125, ਪੰਛੀਆਂ ਦੀਆਂ 490 ਅਤੇ ਸੱਪਾਂ ਦੀਆਂ ਇਕ ਸੈਂਕੜੇ ਤੋਂ ਵੱਧ ਕਿਸਮਾਂ ਮਿਲ ਜਾਂਦੀਆਂ ਹਨ । ਰੁੱਖਾਂ ਦੀਆਂ ਖੋੜਾਂ ਅਤੇ ਘੁਰਨਿਆਂ ਅੰਦਰ ਹੀ ਕੀੜੇ-ਮਕੌੜਿਆਂ ਦੀਆਂ ਚਾਰ ਸੌ ਤੋਂ ਵੱਧ ਨਸਲਾਂ ਲੱਭੀਆਂ ਗਈਆਂ ਹਨ। ਜਲੀ ਅਤੇ ਥਲੀ ਜੀਵਾਂ ਦੀਆਂ ਸੱਠ ਤੋਂ ਵਧੀਕ ਸ਼੍ਰੇਣੀਆਂ ਢਾਈ ਕੁ ਵਰਗਮੀਟਰ ਦੇ ਘੇਰੇ ਵਿੱਚ ਹੀ ਤੁਹਾਨੂੰ ਮਿਲ ਜਾਣਗੀਆਂ। ਮਾਹਰਾਂ ਦਾ ਕਹਿਣਾ ਹੈ ਕਿ ਐਮਜ਼ੋਨੀ ਜੰਗਲ ਜੀਵ-ਵਿਗਿਆਨ ਦੀ ਇਕ ਬਹੁਮੁੱਲੀ ਪ੍ਰਯੋਗਸ਼ਾਲਾ ਹੈ।ਇਨ੍ਹਾਂ ਤਪਤ-ਖੰਡੀ ਜੰਗਲਾਂ ਕੋਲ ਪ੍ਰਾਣੀ-ਮੰਡਲ ਦੀ ਉਤਪਤੀ ਅਤੇ ਵਿਕਾਸ ਦੇ ਅਜਿਹੇ ਭੇਦ ਹਨ ਜਿਨ੍ਹਾਂ ਤਕ ਸਾਡੀ ਅਜੇ ਵੀ ਰਸਾਈ ਨਹੀਂ ਹੋ ਸਕੀ। ਰਸਾਇਣ ਵਿਗਿਆਨੀ ਦੱਸਦੇ ਹਨ ਕਿ ਇਹ ਸੰਘਣੀ ਬਨਸਪਤੀ ਬੇਸ਼ੁਮਾਰ ਔਸ਼ਧੀਆਂ ਦਾ ਭੰਡਾਰ ਹੈ। ਏਥੇ ਇਕ ਅਜਿਹਾ ਰੁੱਖ ਮਿਲਿਆ ਹੈ ਜਿਸਦੇ ਕੰਪਾਊਂਡ ਵਿੱਚੋਂ ਅਜਿਹੀ ਸੁਗੰਧੀ ਆਉਂਦੀ ਹੈ ਜਿਸ ਨਾਲ ਪੱਤਿਆਂ ਨੂੰ ਖਾਣ ਵਾਲੇ ਕੀੜੇ ਮਰ ਜਾਂਦੇ ਹਨ। ਸਾਡੀ ਨਿੰਮ ਵਿੱਚ ਵੀ ਤਾਂ ਅਜਿਹੇ ਗੁਣ ਹਨ। ਸੰਸਾਰ ਵਿੱਚ ਖੇਤੀ ਨੂੰ ਬਚਾਉਣ ਲਈ ਕਰੋੜਾਂ ਰੁਪਿਆਂ ਦੀਆਂ ਕੀਟਨਾਸ਼ਕ ਦਵਾਈਆਂ ਛਿੜਕ ਕੇ ਮਨੁੱਖੀ ਸਰੀਰ ਅੰਦਰ ਸਹਿਜ ਹੀ ਜ਼ਹਿਰ ਭਰਿਆ ਜਾ ਰਿਹਾ ਹੈ। ਇਹ ਪੌਦਾ ਇਨ੍ਹਾਂ ਦਵਾਈਆਂ ਦੀ ਥਾਂ ਲੈਣ ਦੀ ਸਮਰੱਥਾ ਰੱਖਦਾ ਹੈ।

ਇਹ ਗੱਲ ਹੈਰਾਨੀਜਕ ਲੱਗੇਗੀ ਕਿ ਦੁਨੀਆਂ ਦੀਆਂ ਚਾਰ ਫਾਰਮੇਸੀਆਂ ਵਿੱਚੋਂ ਇਕ ਫਾਰਮੇਸੀ ਦਾ ਅਧਾਰ ਇਹ ਤਪਤ-ਖੰਡੀ ਸੰਘਣੇ ਜੰਗਲ ਹੀ ਹਨ। ਅਨੁਮਾਨ ਲਗਾਇਆ ਗਿਆ ਹੈ ਕਿ ਇੱਥੇ 1400 ਅਜਿਹੇ ਪੌਦੇ ਹਨ ਜਿਨ੍ਹਾਂ ਕੋਲ ਕੈਂਸਰ ਰੋਗ ਦੇ ਵਿਪਰੀਤੀ ਗੁਣ ਹਨ। ਇਸ ਜੀਵ ਰਸਾਇਣੀ ਗੁਦਾਮ ਵਿੱਚੋਂ ਤੁਹਾਨੂੰ ਦੁਨੀਆਂ ਭਰ ਦੇ ਅੱਧੇ ਪੌਦਿਆਂ ਤੇ ਜੀਵਾਂ ਦੀ ਸੰਤਾਨ ਮਿਲ ਜਾਵੇਗੀ।

**ਦੁਖਾਂਤ**: ਕਿੰਨਾ ਵੱਡਾ ਦੁਖਾਂਤ ਹੈ ਕਿ ਅੱਜ ਦੀ ਮਨੁੱਖੀ ਨਸਲ ਇਸ ਬਖ਼ਸ਼ਿੰਦ ਜੀਵਨ-ਵਰਧਕ ਸੋਮੇ ਨੂੰ ਬੁਰੀ ਤਰ੍ਹਾਂ ਨਸ਼ਟ ਕਰ ਰਹੀ ਹੈ। ਵਾਤਾਵਰਣੀ

ਮਾਹਰਾਂ ਦਾ ਕਹਿਣਾ ਹੈ ਕਿ 1980 ਤੋਂ ਲੈ ਕੇ ਹੁਣ ਤਕ ਹਰ ਸਾਲ ਹੀ 1,20,000,00 ਹੈਕਟੇਅਰ ਜੰਗਲੀ ਰਕਬਾ ਸਾਫ਼ ਕੀਤਾ ਜਾ ਰਿਹਾ ਹੈ। ਇਸਦਾ ਇਹ ਅਰਥ ਹੋਇਆ ਕਿ ਸੰਸਾਰ ਦੇ ਤਪਤ-ਖੰਡੀ ਖੇਤਰ ਵਿੱਚ ਪ੍ਰਤੀ ਮਿੰਟ 50 ਏਕੜ ਭੂਮੀ ਜੰਗਲਾਂ ਕੋਲੋਂ ਖੋਹੀ ਜਾ ਰਹੀ ਹੈ। ਜਦੋਂ ਇਸ ਭਿਆਨਕ ਗਤੀ ਨਾਲ ਜੰਗਲ ਕੱਟੇ ਜਾ ਰਹੇ ਹੋਣ ਤਾਂ ਅਨੁਮਾਨ ਲਗਾਓ ਇਸ ਸ਼ਰਨਗਾਹ ਵਿੱਚ ਵੱਸਦੇ ਹਜ਼ਾਰਾਂ ਜੀਵਾਂ ਦਾ ਕੀ ਬਣੇਗਾ? ਇਹ ਸਾਰੇ ਵਾਤਾਵਰਣੀ-ਪਨਾਹਗੀਰ ਬਣਦੇ ਜਾ ਰਹੇ ਹਨ ਤੇ ਜਿਹੜੇ ਜੀਵ ਨਵੀਆਂ ਸ਼ਰਨਗਾਹਵਾਂ ਨਹੀਂ ਲੱਭ ਸਕਦੇ ਜਾਂ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਨਹੀਂ ਢਾਲਦੇ ਉਨ੍ਹਾਂ ਦੀ ਨਸਲਕੁਸ਼ੀ ਹੋ ਜਾਣੀ ਲਾਜ਼ਮੀ ਹੈ। ਜੰਗਲ ਅਤੇ ਜੰਗਲੀ ਜੀਵਾਂ ਤੋਂ ਵਿਹੂਣੀ ਤੇ ਵਾਂਞੀ ਧਰਤੀ ਨੂੰ ਤੁਸੀਂ ਕੀ ਕਹੋਗੇ? ਮਾਰੂਥਲ! ਇਕਾਲੋਜਿਸਟ ਇਸੇ ਨੂੰ ਜੀਵੀ-ਵਿਭਿੰਨਤਾ ਦਾ ਵਿਨਾਸ਼ ਕਹਿੰਦੇ ਹਨ। ਇਸ ਨਾਲ ਕੁਦਰਤ ਦਾ ਸਮੁੱਚਾ ਸਮਤੋਲ ਵਿਗੜ ਜਾਂਦਾ ਹੈ ਜਿਸਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ। ਇਸ ਗੱਲ ਦਾ ਤਾਂ ਸਭ ਨੂੰ ਗਿਆਨ ਹੈ ਕਿ ਏਨੇ ਰੁੱਖਾਂ ਦੇ ਬਦਲਣ ਨਾਲ ਅਥਾਹ ਮਾਤਰਾ ਵਿੱਚ ਕਾਰਬਨ ਡਾਇਆਕਸਾਈਡ ਦਾ ਨਿਕਾਸ ਹੁੰਦਾ ਹੈ। ਪਰ ਇਸ ਗੱਲ ਦਾ ਸ਼ਾਇਦ ਸਾਨੂੰ ਸਭਨਾਂ ਨੂੰ ਪਤਾ ਨਾ ਹੋਵੇ ਕਿ ਇਹੋ ਗੈਸ ਸਾਡੇ ਵਾਯੂਮੰਡਲ ਨੂੰ ਪਲੀਤ ਕਰਕੇ ਵਿਸ਼ਵ-ਨਿੱਘ ਦੀ ਦਰ ਨੂੰ ਤੇਜ਼ ਕਰ ਰਹੀ ਹੈ। ਸੰਯੁਕਤ ਰਾਸ਼ਟਰ ਸੰਘ ਦੇ ਮਾਹਰਾਂ ਨੇ ਅੰਕੜਿਆਂ ਅਤੇ ਪ੍ਰਾਪਤ ਤੱਥਾਂ ਦੇ ਆਧਾਰ 'ਤੇ ਸਾਨੂੰ ਚਿਤਾਵਨੀ ਦਿੱਤੀ ਹੈ ਕਿ ਸੰਨ 2025 ਤੀਕ ਇਹ ਪ੍ਰਿਥਵੀ ਇਕ ਸੈਂਟੀਗਰੇਡ ਹੋਰ ਗਰਮ ਹੋ ਜਾਵੇਗੀ। ਜੇਕਰ ਨਿੱਘ ਦੇ ਵਾਧੇ ਦੀ ਇਹ ਦਰ ਮਿੱਥ ਲਈ ਜਾਵੇ ਤਾਂ ਅਗਲੀ ਹੀ ਸਦੀ ਤਕ ਇਹ ਤਾਪਮਾਨ ਤਿੰਨ ਦਰਜੇ ਸੈਂਟੀਗਰੇਡ ਹੋਰ ਵਧ ਜਾਣਗੇ। ਇਸ ਨਿੱਘ ਨੇ ਧਰੁੱਵੀ ਬਰਫ਼ਾਂ ਨੂੰ ਉੱਕਾ ਪਿਘਲਾਅ ਦੇਣਾ ਹੈ। ਇਸ ਹੜ੍ਹ ਨੂੰ ਫਿਰ ਕੋਈ ਵੀ ਰੋਕ ਨਹੀਂ ਸਕੇਗਾ। ਸਮੁੱਚੀ ਪ੍ਰਿਥਵੀ ਦਾ ਜਲਵਾਯੂ ਬਦਲ ਜਾਵੇਗਾ। ਦੋਸਤੋ! ਜੰਗਲ ਨਸ਼ਟ ਹੋਣ ਨਾਲ ਕੇਵਲ ਇਕੋ-ਪ੍ਰਣਾਲੀ ਹੀ ਨਹੀਂ ਬਦਲਦੀ ਸਗੋਂ ਉਸ ਖਿੱਤੇ ਵਿੱਚ ਰਹਿੰਦੇ ਜਾਂਦੇ ਸਭਿਆਚਾਰਕ ਵਿਰਸੇ ਤੇ ਰਵਾਇਤੀ ਬਨਸਪਤੀ ਦੀ ਵੀ ਨਸਲਕੁਸ਼ੀ ਹੋ ਜਾਂਦੀ ਹੈ। ਇਹ ਸਮੁੱਚਾ-ਵਿਨਾਸ਼ ਫਿਰ ਮਿੱਟੀ ਨੂੰ ਅਜਿਹਾ ਖੋਰਾ ਲਾਉਂਦਾ ਹੈ ਕਿ ਨੇੜੇ ਭਵਿੱਖ ਵਿੱਚ ਇਸ ਦੀ ਮੁੜ-



ਸੁਰਜੀਤੀ ਨਹੀਂ ਹੁੰਦੀ।

**ਪੰਜਾਬ ਦੇ ਵਣ:** ਪੰਜਾਬ ਦੇ ਹਰਿਆਊਲੇ ਵਾਤਾਵਰਣ ਵਿੱਚ ਨਿੱਗਰ ਵਾਧਾ ਨਹੀਂ ਹੋਇਆ ਸਗੋਂ ਖੋਰਾ ਹੀ ਲੱਗਾ ਹੈ। 1966 ਵਿੱਚ ਰਾਜਾਂ ਦੇ ਪੁਨਰਗਠਨ ਸਦਕਾ ਪੰਜਾਬ ਕੋਲੋਂ ਬਹੁਤ ਸਾਰੇ ਜੰਗਲ ਖੁਸ ਗਏ ਤੇ ਇਹ ਸੂਬਾ ਲਗਭਗ ਵਣ-ਵਿਹੂਣਾ ਹੀ ਰਹਿ ਗਿਆ। ਦੇਸ਼ ਦੀ ਵਣ-ਨੀਤੀ (1984) ਅਨੁਸਾਰ ਦੇਸ਼ ਦੇ ਕੁੱਲ ਰਕਬੇ ਦਾ ਘੱਟੋ-ਘੱਟ 33 ਫੀ ਸਦੀ ਹਿੱਸਾ ਜੰਗਲਾਂ ਹੇਠਾਂ ਚਾਹੀਦਾ ਹੈ ਜਦ ਕਿ ਪੰਜਾਬ ਵਿੱਚ ਇਹ ਕੇਵਲ 5.60 ਫੀ ਸਦੀ ਬਣਦਾ ਹੈ। ਜੀਅ ਪ੍ਰਤੀ ਆਧਾਰ 'ਤੇ ਭਾਰਤ ਵਿੱਚ 0.15 ਹੈਕਟੇਅਰ ਜੰਗਲ ਹਨ ਜਦੋਂ ਕਿ ਪੰਜਾਬ ਵਿੱਚ ਇਹ ਹਿੰਦਸਾ ਕੇਵਲ 0.01 ਹੈਕਟੇਅਰ ਹੈ। ਮਾਲਵਾ ਪੱਟੀ ਵਿੱਚੋਂ ਤਾਂ ਅੱਜ ਵੀ ਵਣ-ਵਿਨਾਸ਼ ਦੀਆਂ ਖ਼ਬਰਾਂ ਆ ਰਹੀਆਂ ਹਨ। ਪਰ ਸਰਕਾਰ ਤੇ ਵਾਤਾਵਰਣੀ ਵਿਭਾਗ ਖ਼ਾਮੋਸ਼ ਤਮਾਸ਼ਾਈ ਬਣਿਆ ਬੈਠਾ ਹੈ।

ਨਿਰਸੰਦੇਹ ਅਸੀਂ ਖੇਤੀਬਾੜੀ, ਵਿਸ਼ੇਸ਼ ਕਰਕੇ ਅਨਾਜ ਫ਼ਸਲਾਂ ਦੇ ਉਤਪਾਦਨ ਵਿੱਚ ਬੜੀ ਪ੍ਰਸ਼ੰਸਾਯੋਗ ਉੱਨਤੀ ਕੀਤੀ ਹੈ । ਭਾਵੇਂ ਅਸੀਂ ਸਮੁੱਚੇ ਦੇਸ਼ ਦੇ ਕੁੱਲ ਖੇਤਰਫ਼ਲ ਦਾ 1.54 ਫ਼ੀ ਸਦੀ ਹਾਂ, ਫਿਰ ਵੀ ਅਸਾਂ ਦੇਸ਼ ਦੇ ਅਨਾਜ-ਭੜੋਲਿਆਂ ਵਿੱਚ 60 ਫ਼ੀਸਦੀ ਕਣਕ ਅਤੇ 65 ਫ਼ੀਸਦੀ ਚੌਲ ਦੇ ਕੇ ਆਪਣੇ ਨਿੱਗਰ ਯੋਗਦਾਨ ਤੇ ਸ਼ਕਤੀਸ਼ਾਲੀ ਖੇਤੀ ਜੁਗਾੜ ਦਾ ਸਬੂਤ ਦਿੱਤਾ ਹੈ; ਪਰ ਇਸ ਵਿਕਾਸ ਨੇ ਸਾਡੇ ਵਾਤਾਵਰਣ ਵਿੱਚ ਉਲਾਰ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਨਵੀਆਂ ਸਮੱਸਿਆਵਾਂ ਨੇ ਸਾਡੀ ਖੇਤੀ ਨੂੰ ਘੇਰ ਲਿਆ ਹੈ। ਹੜ੍ਹ ਭੋਂ-ਖੋਰ, ਕੱਲਰ, ਸੇਮ ਆਦਿ ਬਿਪਤਾਵਾਂ ਨੇ ਸਾਡੇ ਇਕਾਲੋਜੀਕਲ ਸਮਤੋਲ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ ਹੈ। ਡਾ: ਜੀ.ਬੀ.ਸਿੰਘ ਅਨੁਸਾਰ. **"ਇਹ ਬਹੁਲਤਾ ਮੰਦਹਾਲੀ ਵਿੱਚ ਬਦਲ ਰਹੀ ਹੈ। 1988 ਦੇ ਹੜ੍ਹਾਂ ਵਿੱਚ 3000 ਡੰਗਰ ਰੁੜ੍ਹ ਗਏ ਸਨ ਅਤੇ 290 ਕਰੋੜ ਰੁਪਏ ਦਾ ਨੁਕਸਾਨ ਹੋਇਆ ਮੰਨਿਆ ਗਿਆ ਸੀ। ਹਜ਼ਾਰਾਂ ਹੈਕਟੇਅਰ ਉਪਜਾਊ ਭੂਮੀ ਉੱਪਰ ਰੇਤ ਦੀਆਂ ਮੋਟੀਆਂ-ਮੋਟੀਆਂ ਪਰਤਾਂ ਵਿਛ ਗਈਆਂ ਸਨ। ਮੁੱਖ ਮੁੱਦਾ ਇਹ ਉੱਭਰਦਾ ਹੈ ਕਿ ਕੀ ਅਸੀਂ ਆਪਣੇ ਵਿਕਾਸ ਦੀਆਂ ਯੋਜਨਾਵਾਂ ਨੂੰ ਵਾਤਾਵਰਣ ਨਾਲ ਇਕ-ਸੁਰ ਕਰਕੇ ਇਸ ਨੂੰ ਪੱਕੀਆਂ ਲੀਹਾਂ ਉੱਪਰ ਟਿਕਾਊ ਅਤੇ ਝੱਲਣਯੋਗ ਬਣਾਇਆ ਹੈ ਜਾਂ ਇਸ ਨੂੰ ਮਲੂਕ ਪ੍ਰਣਾਲੀ ਵਾਂਙ ਉਪਜ ਕੇ ਕੁਦਰਤੀ**

**ਸ਼ਕਤੀਆਂ ਦੇ ਵਿਰੋਧ ਵਿੱਚ ਲਿਆ ਖੜ੍ਹਾ ਕੀਤਾ ਹੈ? ਸਾਨੂੰ ਆਪਣੀਆਂ ਵਿਕਾਸ ਯੋਜਨਾਵਾਂ ਨੂੰ ਵਾਤਾਵਰਣੀ ਕਸਵੱਟੀ ਉੱਪਰ ਪਰਖਣ ਤੇ ਮੁੜ ਮੁਲਾਂਕਣ ਦੀ ਲੋੜ ਪੈ ਗਈ ਹੈ"।** ਪੰਜਾਬ ਵਿੱਚੋਂ ਵਣਾਂ ਦੀ ਵਿਘਟਨ, ਮੁੱਖ ਰੂਪ ਵਿੱਚ ਵਧਦੀ ਵੱਸੋਂ, ਖੇਤੀਬਾੜੀ ਦੀ ਉੱਨਤੀ, ਚੱਕ-ਬੰਦੀ, ਉਦਯੋਗੀਕਰਣ ਅਤੇ ਸ਼ਹਿਰੀਕਰਨ ਸਦਕਾ ਹੋਂਦ ਵਿੱਚ ਆਇਆ ਹੈ? ਇਸ ਪ੍ਰਵਿਰਤੀ ਵਿੱਚ ਅਜੇ ਵੀ ਮੋੜਾ ਨਹੀਂ ਪਿਆ। ਫ਼ਸਲਾਂ ਅਧੀਨ ਵੱਧ ਰਕਬਾ ਕਿੱਥੋਂ ਆਇਆ ਹੈ? ਇਸ ਦਾ ਇਕ ਕਾਰਨ ਜੰਗਲੀ ਰਕਬੇ ਵਿੱਚ ਆਈ ਕਮੀ ਹੈ । 1985-86 ਵਿੱਚ 2,82,296 ਹੈਕਟੇਅਰ ਭੂਮੀ ਜੰਗਲਾਂ ਹੇਠਾਂ ਸੀ ਪਰ 1988-89 ਵਿੱਚ ਇਹ 2,64,237 ਹੈਕਟੇਅਰ ਰਹਿ ਗਈ ਸੀ। ਹੁਣ ਫ਼ਸਲਾਂ ਕੋਲੋਂ ਭੋਂ ਖੋਰ ਦੇ ਵਣਾਂ ਨੂੰ ਦੇਣ ਦਾ ਡੱਕਾ ਆਉਣਾ ਤਾਂ ਕਠਿਨ ਲੱਗਦਾ ਹੈ; ਹਾਂ! ਕੰਢੀ (ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੋਪੜ ਦੇ ਨੀਮ ਪਹਾੜੀ ਖੇਤਰ) ਰੇਲ ਸੜਕਾਂ, ਚੋਆਂ, ਨਹਿਰਾਂ ਅਤੇ ਦਰਿਆਵਾਂ ਦੇ ਪਾਸਿਆਂ ਵੱਲ ਦਰੱਖਤ ਲਾ ਕੇ ਇਸ ਖੇਤਰ ਵਿੱਚ ਨਿੱਗਰ ਵਾਧਾ ਕੀਤਾ ਜਾ ਸਕਦਾ ਹੈ। ਦੁਆਬੇ ਦੀਆਂ ਦੋਵੇਂ ਵੇਈਆਂ ਕਾਲੀ ਤੇ ਚਿੱਟੀ ਵੇਈਂ ਹਰਿਆਉਲੀ ਪੱਟੀ ਦਾ ਰੂਪ ਧਾਰ ਸਕਦੀਆਂ ਹਨ। ਇਨ੍ਹਾਂ ਦੇ ਦੋਨਾਂ ਕੰਢਿਆਂ ਦੀਆਂ ਨਵੀਆਂ ਵਿਧੀਆਂ ਅਪਨਾ ਕੇ ਇਸ ਕਿੱਤੇ ਨੂੰ ਖੇਤੀਬਾੜੀ ਵਾਂਙ ਚਲਾਉਣ ਦੇ ਚੱਜ ਦੱਸੇ ਜਾ ਸਕਦੇ ਹਨ। ਪੰਜਾਬ ਵਿੱਚ ਇਮਾਰਤੀ ਲੱਕੜ ਦੀ ਵਾਰਸ਼ਿਕ ਮੰਗ ਤਿੰਨ ਲੱਖ ਘਣਮੀਟਰ ਹੈ ਜਦੋਂ ਕਿ ਅਸੀਂ 44 ਤੋਂ 50 ਹਜ਼ਾਰ ਘਣਮੀਟਰ ਲੱਕੜੀ ਪੈਦਾ ਕਰਦੇ ਆ ਰਹੇ ਹਾਂ। ਫਰਨੀਚਰ,ਸਪੋਰਟਸ ਦਾ ਸਾਮਾਨ, ਟਰੱਕਾਂ ਅਤੇ ਬੱਸਾਂ ਦੀਆਂ ਬਾਡੀਆਂ ਲਈ ਸਾਰੀ ਲੱਕੜੀ ਹਿਮਾਚਲ ਜਾਂ ਜੰਮੂ ਕਸ਼ਮੀਰ ਤੋਂ ਆ ਰਹੀ ਹੈ। ਜੰਮੂ ਕਸ਼ਮੀਰ ਸਰਕਾਰ ਤੋਂ ਵਿੱਲੋ ਲੱਕੜੀ ਦੇ ਬੰਦ ਹੋ ਜਾਣ ਕਰਕੇ ਜਲੰਧਰ ਦਾ ਖੇਡ ਉਦਯੋਗ ਡੋਲ ਗਿਆ ਹੈ। ਕ੍ਰਿਕਟ ਦੇ ਬੈਟ ਏਸੇ ਲੱਕੜੀ ਤੋਂ ਬਣਾਏ ਜਾਂਦੇ ਸਨ। ਜੇਕਰ ਅਸੀਂ ਆਪਣੇ ਉਦਯੋਗਾਂ ਨੂੰ ਜਿਊਂਦਾ ਰੱਖਣਾ ਹੈ ਤਾਂ ਘਰ ਵਿੱਚ ਸਾਧਨ ਪੈਦਾ ਕਰਨੇ ਪੈਣਗੇ। ਕੰਢੀ ਖੇਤਰ ਵਿੱਚ ਵਣਕਰਨ ਲਈ ਸਾਨੂੰ ਸੰਸਾਰ ਬੈਂਕ ਤੋਂ ਸਹਾਇਤਾ ਮਿਲੀ ਸੀ। ਇਹ ਯੋਜਨਾ 1 ਅਪ੍ਰੈਲ 1980 ਵਿੱਚ ਲਾਗੂ ਕੀਤੀ ਗਈ ਸੀ। 1984-90 ਤੀਕ 4500 ਹੈਕਟੇਅਰ ਰਕਬੇ ਵਿੱਚ ਛੇਤੀ ਉੱਗਣ ਵਾਲੇ ਰੁੱਖਾਂ ਨੂੰ ਲਗਾਉਣ ਦਾ ਟੀਚਾ ਮਿਥਿਆ ਗਿਆ ਸੀ। ਪਾਪੂਲਰ



ਤੇ ਸਫ਼ੈਦੇ ਦੀ ਖੇਤੀ ਵਧਣ ਨਾਲ ਇਮਾਰਤੀ ਲੱਕੜੀ ਦੀ ਕੁਝ ਘਾਟ ਵੀ ਪੂਰੀ ਹੋਈ ਹੈ ਅਤੇ ਹਰਿਆਲੀ ਦੀਆਂ ਟੁਕੜੀਆਂ ਵੀ ਵਧੀਆਂ ਹਨ। ਸਾਡੇ ਪਿੰਡਾਂ ਦੁਆਲੇ ਝਾੜੀਆਂ ਰੁੱਖਾਂ ਦੀ ਪਿਰਤ ਹੁੰਦੀ ਸੀ। ਏਥੋਂ ਹੀ ਸਾਡੀਆਂ ਲੋੜਾਂ ਲਈ ਲੱਕੜੀ ਵੀ ਪ੍ਰਾਪਤ ਕਰ ਲਈ ਜਾਂਦੀ ਸੀ। ਇਹ ਰਾਖਵੀਆਂ ਝਾੜੀਆਂ ਸਾਡੇ ਪੇਂਡੂ ਸਭਿਆਚਾਰ ਦਾ ਅੰਗ ਹੁੰਦੀਆਂ ਸਨ। ਇਸ ਪਿਰਤ ਦੀ ਮੁੜ ਸੁਰਜੀਤੀ ਹੋਣੀ ਜ਼ਰੂਰੀ ਭਾਸ ਰਹੀ ਹੈ।

**ਚਿਤਾਵਨੀ:** ਆਰਥਿਕ ਉੱਨਤੀ ਅਤੇ ਕੁਦਰਤ ਦੀ ਸੰਭਾਲ ਇਕ ਦੂਜੇ ਨਾਲ ਪ੍ਰਣਾਏ ਮੁੱਦੇ ਹਨ। ਵਾਤਾਵਰਣ ਮੁੱਦਿਆਂ ਨੂੰ ਪ੍ਰੋਖਿਆਂ ਰੱਖ ਕੇ ਆਰਥਿਕ ਯੋਜਨਾਵਾਂ ਘੜੀਆਂ ਤਾਂ ਜਾ ਸਕਦੀਆਂ ਹਨ ਪਰ ਲੋੜੀਂਦੇ ਸਿੱਟੇ ਨਹੀਂ ਦੇ ਸਕਦੀਆਂ; ਸਗੋਂ ਕਈ ਵਾਰ ਇਹ ਵਿਰੋਧੀ ਦਿਸ਼ਾ ਵੱਲ ਲੈ ਤੁਰਦੀਆਂ ਹਨ। ਜਦੋਂ ਆਰਥਿਕ ਵਿਕਾਸ ਦੂਰ ਦ੍ਰਿਸ਼ਟਤਾ ਵਾਲਾ ਨਾ ਹੋਵੇ ਤਾਂ ਇਹ ਸਥਾਈ ਨਹੀਂ ਬਣਦੀ। ਸਮਾਂ ਹੈ ਕਿ ਅਸੀਂ ਆਪਣੀਆਂ ਵਿਕਾਸ ਯੋਜਨਾਵਾਂ ਦਾ ਮੁੜ ਮੁਲਾਂਕਣ ਕਰੀਏ। ਸਾਨੂੰ ਅਜਿਹੇ ਵਿਕਾਸ ਦੀ ਲੋੜ ਹੈ ਜਿਹੜਾ ਮਨੁੱਖਤਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦਾ ਹੋਇਆ ਵੀ ਪ੍ਰਿਥਵੀ ਦੇ ਪੇਚੀਦਾ ਪਰ ਮਲੂਕ ਜਿਹੇ ਜੀਵੀ ਮੰਡਲ ਨੂੰ ਹੋਰ ਅਮੀਰ ਕਰੇ। ਇਸਦੀ ਸ਼ੁਰੂਆਤ ਰੁੱਖਾਂ ਤੋਂ ਹੀ ਕਰਨੀ ਪੈਂਦੀ ਹੈ ਕਿਉਂ ਜੋ ਇਨ੍ਹਾਂ ਰਾਹੀਂ ਪ੍ਰਿਥਵੀ ਸਾਹ ਲੈ ਰਹੀ ਹੈ।

(ਰੋਜ਼ਾਨਾ ਅਖ਼ਬਾਰ 'ਅੱਜ ਦੀ ਆਵਾਜ਼' 17-4-1993 ਵਿੱਚੋਂ ਧੰਨਵਾਦ ਸਹਿਤ!)

-o-

# ਰੁੱਖ ਤੇ ਹਵਾ

-ਭਗਤ ਪੂਰਨ ਸਿੰਘ

ਇਕ ਦਿਨ ਵਿੱਚ ਚਾਲੀ ਸਿਗਰਟਾਂ ਪੀਣ ਵਾਲੇ ਮਨੁੱਖ ਨੂੰ ਜੋ ਨੁਕਸਾਨ ਹੁੰਦਾ ਹੈ ਓਨਾ ਹੀ ਨੁਕਸਾਨ ਸਾਧਾਰਣ ਮਨੁੱਖ ਨੂੰ ਵੱਡੇ-ਵੱਡੇ ਸ਼ਹਿਰਾਂ ਵਿੱਚ ਸਾਹ ਲੈਣ ਨਾਲ ਹੁੰਦਾ ਹੈ। ਅੱਜ ਦਾ ਮਨੁੱਖ ਰੁੱਖਾਂ ਦਾ ਵੈਰੀ ਬਣਿਆ ਹੋਇਆ ਹੈ; ਥਾਂ-ਥਾਂ ਆਪਣੀ ਵਰਤੋਂ ਲਈ ਇਹਨਾਂ ਨੂੰ ਕੱਟੀ ਜਾ ਰਿਹਾ ਹੈ। ਇਹ ਬਹੁਤ ਹਾਨੀਕਾਰਕ ਸਿੱਧ ਹੋ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਕ ਸੌ ਤੀਹ ਲੀਟਰ ਪੈਟਰੋਲ ਤੋਂ ਪੈਦਾ ਹੋਣ ਵਾਲੀ ਗੰਦੀ ਹਵਾ ਵਿੱਚ ਫੈਲੇ ਜ਼ਹਿਰੀਲੇ ਤੱਤਾਂ ਨੂੰ ਸਮਾਪਤ ਕਰਨ ਦੀ ਸਮਰੱਥਾ ਇਕ ਰੁੱਖ ਵਿੱਚ ਹੁੰਦੀ ਹੈ।ਜੇਕਰ ਰੁੱਖ ਅਜਿਹਾ ਨਾ ਕਰਨ ਤਾਂ ਪੈਟਰੋਲ ਦੀ ਖਪਤ ਤੋਂ ਪ੍ਰਦੂਸ਼ਿਤ ਵਾਤਾਵਰਨ ਨਾਲ ਮਨੁੱਖੀ ਸਿਹਤ ’ਤੇ ਬਹੁਤ ਅਸਰ ਪੈਂਦਾ ਹੈ। ਇਸ ਨਾਲ ਮਨੁੱਖਾਂ ਵਿੱਚ ਬਲੱਡ-ਪ੍ਰੈਸ਼ਰ (ਖ਼ੂਨ ਦਾ ਦਬਾਓ ਦਾ ਰੋਗ) ਵਧ ਰਿਹਾ ਹੈ ਤੇ ਦਿਮਾਗ਼ੀ ਨੁਕਸ ਵੀ ਪੈਦਾ ਹੋਣ ਦੀ ਸੰਭਾਵਨਾ ਵਧ ਰਹੀ ਹੈ।ਕਾਰਖ਼ਾਨਿਆਂ ਰਾਹੀਂ ਹਵਾ ਵਿੱਚ ਸਲਫਰ ਡਾਇਆਕਸਾਈਡ ਵਧ ਰਹੀ ਹੈ। ਰੁੱਖ ਕੁਝ ਕੁ ਹੱਦ ਤਕ ਇਸਨੂੰ ਸਮਾਪਤ ਕਰ ਸਕਦੇ ਹਨ, ਪਰ ਇਸਦੀ ਬਹੁਤੀ ਮਾਤਰਾ ਵਿੱਚ ਵਧਣ ਨਾਲ ਰੁੱਖਾਂ ’ਤੇ ਵੀ ਭੈੜਾ ਅਸਰ ਪੈਣ ਦੇ ਕਾਰਨ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ। ਮਨੁੱਖ ਕਈ ਪ੍ਰਕਾਰ ਦੇ ਯੰਤਰਾਂ ਤੇ ਕਾਰਖ਼ਾਨਿਆਂ ਰਾਹੀਂ ਹਵਾ ਦਾ ਤਾਪਮਾਨ ਵਧਾ ਰਿਹਾ ਹੈ।

-੦-



# ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ

ਪ੍ਰਿਤਪਾਲ ਸਿੰਘ ਮਹਿਰੋਕ

ਮਨੁੱਖ ਜਾਤੀ ਦੇ ਲੱਖਾਂ ਸਾਲਾਂ ਦੇ ਇਤਿਹਾਸ ਦੇ ਅਰੰਭਲੇ ਪੜਾਅ ਤੋਂ ਵੀ ਪਹਿਲਾਂ ਇਸ ਧਰਤੀ ਦੀ ਉੱਪਰਲੀ ਬਨਸਪਤੀ ਨੇ ਜਦੋਂ ਇਸਦੀ ਖ਼ੂਬ-ਸੂਰਤੀ ਵਿੱਚ ਬੇਮਿਸਾਲ ਤੇ ਸਿਫ਼ਤੀ  ਵਾਧਾ ਕੀਤਾ ਹੋਵੇਗਾ, ਉਹ ਸਮਾਂ ਧਰਤੀ ਦੇ ਇਤਿਹਾਸ ਦੀ ਮਹੱਤਵਪੂਰਨ ਘਟਨਾ ਬਣਿਆ ਹੋਵੇਗਾ। ਧਰਤੀ ਉੱਪਰ ਪੈਦਾ ਹੋਏ ਪਹਿਲੇ ਮਨੁੱਖ ਨੂੰ ਬਨਸਪਤੀ ਦੀ ਵੰਨ-ਸੁਵੰਨਤਾ ਨੇ ਆਪਣੇ ਵੱਲ ਖਿੱਚਿਆ ਹੋਵੇਗਾ। ਜੰਗਲੀ ਸੱਭਿਅਤਾ ਦੇ ਆਦੀ ਮਾਨਵ ਨੇ ਹਰ ਪੱਖ ਤੋਂ ਕੁਦਰਤ ਦੀ ਖ਼ੂਬਸੂਰਤ ਸਿਰਜਣਾ ਰੁੱਖ ਉੱਪਰ ਨਿਰਭਰ ਕੀਤਾ। ਉਸ ਮਾਨਵ ਨੇ ਰੁੱਖਾਂ ਥੱਲੇ ਬਸੇਰਾ ਕੀਤਾ, ਰੁੱਖਾਂ ਦੇ ਪੱਤਿਆਂ, ਜੜ੍ਹਾਂ, ਰਸ, ਗੁੱਦੇ, ਬੀਜਾਂ, ਫਲੀਆਂ, ਫੁੱਲ, ਫਲਾਂ ਆਦਿ ਨੂੰ ਖਾ ਕੇ ਗੁਜ਼ਾਰਾ ਕੀਤਾ। ਤਨ ਕੱਜਣ ਲਈ ਰੁੱਖਾਂ ਦੇ ਪੱਤਿਆਂ ਅਤੇ ਸੱਕ ਦੀ ਵਰਤੋਂ ਕੀਤੀ। ਹੌਲੀ-ਹੌਲੀ ਮਨੁੱਖ ਨੇ ਅੱਗ ਦੀ ਕਾਢ ਕੱਢ ਲਈ ਤਾਂ ਉਸ ਨੇ ਰੁੱਖਾਂ ਦੀ ਲੱਕੜੀ ਨੂੰ ਬਾਲਣ ਦੇ ਤੌਰ ’ਤੇ ਵਰਤਣਾ ਸਿੱਖ ਲਿਆ। ਲੱਕੜੀ ਬਾਲ ਕੇ ਕੱਚੀ ਚੀਜ਼ ਨੂੰ ਪਕਾਉਣਾ ਤੇ ਠੰਢ ਦੂਰ ਕਰਨ ਦੀ ਜਾਚ ਵੀ ਸਿੱਖ ਲਈ। ਰੁੱਖ ਦੀ ਬਲ ਰਹੀ ਲੱਕੜੀ ਨੇ ਉਸ ਮਨੁੱਖ ਦੀਆਂ ਰਾਤਾਂ ਦੇ ਹਨੇਰੇ ਨੂੰ ਵੀ ਦੂਰ ਕਰ ਦਿੱਤਾ। ਇੰਞ ਮਨੁੱਖ ਦਾ ਰੁੱਖ ਨਾਲ ਰਿਸ਼ਤਾ ਉਸ ਦੇ ਹੋਸ਼ ਸੰਭਾਲਣ ਦੇ ਮੁਕਾਮ ਤੋਂ ਹੀ ਪ੍ਰਾਰੰਭ ਹੋ ਗਿਆ।

ਜਿਸ ਰੁੱਖ ਦਾ ਮਨੁੱਖੀ ਸੱਭਿਅਤਾ ਦੇ ਅਰੰਭ ਬਿੰਦੂ ਤੋਂ ਹੀ ਮਨੁੱਖ ਨਾਲ ਬੜਾ ਨੇੜਲਾ ਰਿਸ਼ਤਾ ਰਿਹਾ ਹੈ, ਉਸਦੀ ਸਾਂਭ-ਸੰਭਾਲ ਵੱਲੋਂ ਮਨੁੱਖ ਸਦੀਆਂ ਤਕ  ਅਵੇਸਲਾ ਰਿਹਾ ਹੈ। ਇਸ ਦਿਸ਼ਾ ਵੱਲ ਮਨੁੱਖ ਨੇ ਬੜੀ ਦੇਰੀ ਨਾਲ ਜਾਗਰੂਕਤਾ ਵਿਖਾਈ, ਅਸੀਂ ਗੱਲ ਆਪਣੇ ਦੇਸ਼ ਦੇ ਪ੍ਰਸੰਗ ਵਿੱਚ ਕਰਦੇ ਹਾਂ।

ਰੁੱਖਾਂ ਨੇ ਭਾਰਤ ਦੀ ਬਹੁਤ ਸਾਰੀ ਧਰਤੀ ਮੱਲੀ ਹੋਈ ਹੈ। ਰੁੱਖਾਂ ਦੀ ਸਾਂਭ-ਸੰਭਾਲ ਲਈ ਹੁਣ ਬੇਸ਼ੱਕ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਦੇ ਵਿਸ਼ੇਸ਼ ਵਿਭਾਗ ਕੰਮ ਕਰ ਰਹੇ ਹਨ, ਪ੍ਰੰਤੂ ਰਮਾਇਣ ਅਤੇ ਮਹਾਂਭਾਰਤ ਯੁੱਗ ਵਿੱਚ ਵੀ ਰੁੱਖਾਂ ਦੀ ਦੇਖ-ਰੇਖ ਲਈ ਜੁਟਾਏ ਸਾਧਨਾਂ ਅਤੇ ਬਣਾਏ ਪ੍ਰਬੰਧਾਂ ਦੇ ਹਵਾਲੇ ਮਿਲਦੇ ਹਨ। 300 ਬੀ.ਸੀ. ਵਿੱਚ ਚੰਦਰਗੁਪਤ ਮੌਰੀਆ ਦੇ ਰਾਜ ਦੌਰਾਨ ਕੌਟੱਲਿਆ ਦੇ ਅਰਥ-ਸ਼ਾਸਤਰ ਵਿੱਚ ਰੁੱਖਾਂ ਦੀ ਪ੍ਰਬੰਧ-ਪ੍ਰਣਾਲੀ ਬਾਰੇ ਜ਼ਿਕਰ ਮਿਲਦਾ ਹੈ। ਉਨ੍ਹਾਂ ਸਮਿਆਂ ਵਿੱਚ ਜੰਗਲਾਂ ਦੇ ਸੁਪਰਡੈਂਟ ਅਤੇ ਉਸ

ਨਾਲ ਲਗਾਏ ਹੋਰ ਸਟਾਫ਼ ਦੁਆਰਾ ਰੁੱਖਾਂ ਅਤੇ ਜੰਗਲਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਨਿਭਾਈ ਜਾਂਦੀ ਸੀ। ਜੰਗਲਾਂ ਅਤੇ ਜੰਗਲੀ ਜਾਨਵਰਾਂ ਨਾਲ ਕੀਤੇ ਜਾਣ ਵਾਲੇ ਘਾਤ ਲਈ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਮਹਾਨ ਰਾਜਾ ਅਸ਼ੋਕ ਦੇ ਸਮੇਂ ਸੜਕਾਂ ਦੇ ਕੰਢੇ ਰੁੱਖ ਲਗਾਉਣ ਨੂੰ ਤਰਜੀਹ ਦਿੱਤੀ ਜਾਣ ਲੱਗੀ।

ਮੁਗ਼ਲ ਬਾਦਸ਼ਾਹ ਅਕਬਰ ਨੇ ਨਹਿਰਾਂ ਕੰਢੇ ਰੁੱਖ ਲਗਾਉਣ ਦੇ ਕਾਰਜ ਵਿੱਚ ਭਰਪੂਰ ਉਤਸ਼ਾਹ ਵਿਖਾਇਆ। ਮੁਗ਼ਲ ਰਾਜ ਦੇ ਪਤਨ ਨਾਲ ਜਦੋਂ ਦੇਸ਼ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਵੰਡਿਆ ਗਿਆ ਤਾਂ ਮਨੁੱਖ ਜੰਗਲ ਵੱਲ ਵਧਿਆ ਤੇ ਉਸ ਨੇ ਜੰਗਲਾਂ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ।ਉਸ ਸਮੇਂ ਸਿਰਫ਼ ਸ਼ਾਹੀ ਰੁੱਖਾਂ ਨੂੰ ਹੀ ਸੁਰੱਖਿਆ ਪ੍ਰਦਾਨ ਕੀਤੀ ਗਈ ; ਫਿਰ ਅੰਗਰੇਜ਼ੀ ਰਾਜ ਦੌਰਾਨ ਵੀ ਰੁੱਖ-ਸੰਪਤੀ ਦੀ ਭਾਰੀ ਲੁੱਟ ਹੁੰਦੀ ਰਹੀ।

1 ਨਵੰਬਰ 1864 ਈ: ਨੂੰ ਡਾ: ਬਰਾਂਡਿਸ ਜਿਹੜੇ ਭਾਰਤ ਦੇ ਪਹਿਲੇ ਇੰਸਪੈਕਟਰ ਜਨਰਲ ਫਾਰੈਸਟ ਬਣੇ, ਦੀ ਅਗਵਾਈ ਹੇਠ ਭਾਰਤ ਸਰਕਾਰ ਦਾ ਜੰਗਲਾਤ ਵਿਭਾਗ ਸਥਾਪਤ ਹੋਇਆ। ਪਹਿਲਾਂ ਪਹਿਲ ਡਾ: ਬਰਾਂਡਿਸ ਨੇ ਜੰਗਲਾਂ ਦੇ ਵਿਕਾਸ ਲਈ ਵਿਧੀ-ਪੂਰਵਕ ਪ੍ਰਬੰਧਾਂ ਵਾਲੀ ਪ੍ਰਣਾਲੀ ਨੂੰ ਲਾਗੂ ਕੀਤਾ। ਫਿਰ ਇੰਡੀਅਨ ਫਾਰੈਸਟ ਐਕਟ1865 ਬਣਿਆ। ਇੰਵ ਭਾਰਤ ਵਿੱਚ ਜੰਗਲਾਤ ਦੇ ਪ੍ਰਬੰਧਾਂ ਅਤੇ ਸਿਖਲਾਈ ਦਾ ਸਿਲਸਿਲਾ ਪ੍ਰਾਰੰਭ ਹੋਇਆ। ਸੋਧਿਆ ਹੋਇਆ ਇੰਡੀਅਨ ਫਾਰੈਸਟ ਐਕਟ 1873 ਵਿੱਚ ਪਾਸ ਕੀਤਾ ਗਿਆ । 1927 ਵਿੱਚ ਫਾਰੈਸਟਸ ਐਕਟ ਫਿਰ ਸੋਧਿਆ ਗਿਆ ਜਿਹੜਾ ਦੇਸ਼ ਦੀ ਸਵਤੰਤਰਤਾ ਉਪਰੰਤ ਵੀ ਜਾਰੀ ਰਿਹਾ । 1878 ਵਿੱਚ ਡੇਹਰਾਦੂਨ ਵਿਖੇ ਫਾਰੈਸਟ ਰੇਂਜਰਾਂ ਦੀ ਸਿਖਲਾਈ ਲਈ ਫਾਰੈਸਟ ਸਕੂਲ ਦੀ ਸਥਾਪਨਾ ਕੀਤੀ ਗਈ ਅਤੇ 1891 ਈ. ਵਿੱਚ ਪ੍ਰਿਵਿੰਸ਼ੀਅਲ ਫਾਰੈਸਟ ਸਰਵਿਸ ਵਾਸਤੇ ਇਕ ਕਾਲਜ ਵੀ ਖੋਲ੍ਹਿਆ ਗਿਆ।

ਇਹ ਸਾਰੇ ਯਤਨ ਮਨੁੱਖ ਦੇ ਰੁੱਖ ਨਾਲ ਸਦੀਆਂ ਪੁਰਾਣੇ ਰਿਸ਼ਤੇ ਨੂੰ ਬਣਾਈ ਰੱਖਣ ਲਈ ਹੀ ਨਹੀਂ, ਸਗੋਂ ਹੋਰ ਮਜ਼ਬੂਤ ਬਣਾਉਣ ਲਈ ਕੀਤੇ ਜਾਂਦੇ ਰਹੇ ਹਨ । ਇਨ੍ਹਾਂ ਯਤਨਾਂ ਨਾਲ ਰੁੱਖ ਸੰਪਤੀ ਦੀ ਰਖਵਾਲੀ ਵੀ ਕੀਤੀ ਜਾਣ ਲੱਗੀ ਅਤੇ ਇਸ ਸਰਮਾਏ ਦਾ ਪੂਰਨ ਲਾਹਾ ਵੀ ਲਿਆ ਜਾਣ ਲੱਗ ਪਿਆ ।

ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ



ਵੱਲੋਂ ਫਾਰੈਸਟ ਸਰਵੇ ਆਫ ਇੰਡੀਆ{ਐੱਫ. ਐਸ. ਆਈ} ਵੱਲੋਂ ਪਿੱਛੇ ਜਿਹੇ ਕੀਤੇ ਗਏ ਇਕ ਸਰਵੇ ਅਨੁਸਾਰ ਦੇਸ਼ ਵਿੱਚ ਛੇ ਲੱਖ ਉਨਤਾਲੀ ਹਜ਼ਾਰ ਇਕ ਸੌ ਬਿਆਸੀ ਵਰਗ ਕਿਲੋਮੀਟਰ ਰਕਬਾ ਜੰਗਲਾਂ ਹੇਠ ਹੈ। ਇਸ ਰਕਬੇ ਵਿੱਚ ਚਾਹ ਦੇ ਬਾਗ਼ਾਂ ਹੇਠਲਾ ਰਕਬਾ ਸ਼ਾਮਲ ਨਹੀਂ ਹੈ। ਇੰਵ ਦੇਸ਼ ਦੇ 19% ਰਕਬੇ ਉੱਪਰ ਰੁੱਖ ਵਿਛੇ ਹੋਏ ਹਨ। ਦੇਸ਼ ਦੇ 105 ਜ਼ਿਲ੍ਹਿਆਂ ਵਿੱਚ 33% ਧਰਤੀ ਰੁੱਖਾਂ ਹੇਠ ਹੈ, 54 ਜ਼ਿਲ੍ਹਿਆਂ ਵਿੱਚ 19% ਤੋਂ 33% , 217 ਜ਼ਿਲ੍ਹਿਆਂ ਵਿੱਚ 1% ਤੋਂ 19% ਤਕ ਧਰਤੀ ਉੱਪਰ ਨਾਮਾਤਰ ਰੁੱਖ ਹਨ ।

ਧਰਤੀ ਦੀ ਵਿਸ਼ਾਲ ਹਿੱਕ ਉੱਪਰ ਉੱਗੇ ਰੁੱਖ ਪ੍ਰਾਕਿਰਤੀ ਦੀ ਬੜੀ ਲਾਸਾਨੀ ਅਤੇ ਖ਼ੂਬਸੂਰਤ ਸਿਰਜਣਾ ਹਨ। ਇਹ ਖ਼ੂਬਸੂਰਤੀ ਹਮੇਸ਼ਾਂ ਤੋਂ ਧਰਤੀ ਦੇ ਸੁਹੱਪਣ ਵਿੱਚ ਅਤੇ ਮਨੁੱਖ ਦੀਆਂ ਖ਼ੁਸ਼ੀਆਂ ਵਿੱਚ ਵਾਧਾ ਕਰਦੀ ਆਈ ਹੈ। ਰੁੱਖ ਲਗਾਉਣ ਵਾਲੇ ਵਾਸਤੇ ਰੁੱਖ ਸਵਰਗ ਹੁੰਦੇ ਹਨ । ਰੁੱਖਾਂ ਦਾ ਫਲ ਖਾਣ ਵਾਲੇ ਵਾਸਤੇ ਅਤੇ ਛਾਂ ਦਾ ਆਨੰਦ ਮਾਣਨ ਵਾਲੇ ਵਾਸਤੇ ਇਹ ਵਰਦਾਨ ਹੁੰਦੇ ਹਨ ਅਤੇ ਇਨ੍ਹਾਂ ਦੀ ਕਟਾਈ ਉਪਰੰਤ ਇਨ੍ਹਾਂ ਦਾ ਭੰਡਾਰ ਕਰਨ ਵਾਲੇ ਵਾਸਤੇ ਇਹ ਅਕਸਰ ਉਸ ਦਾ ਏਕਾਧਿਕਾਰ ਬਣ ਜਾਂਦੇ ਹਨ। ਰੁੱਖ ਮਨੁੱਖ ਦੀ ਜ਼ਿੰਦਗੀ ਵਿੱਚ ਖ਼ੁਸ਼ੀ, ਰੰਗ, ਖੇੜਾ ਅਤੇ ਚਮਕ ਭਰਦੇ ਹਨ। ਇਹ ਕੌਮ ਦਾ ਸਰਮਾਇਆ ਹੁੰਦੇ ਹਨ।ਵੱਡਾ ਹੋ ਰਿਹਾ ਬ੍ਰਿਛ ਵਿਕਾਸ ਕਰ ਰਹੇ ਰਾਸ਼ਟਰ ਦੀ ਤਰੱਕੀ ਦਾ ਪ੍ਰਤੀਕ ਹੁੰਦਾ ਹੈ। ਰੁੱਖਾਂ ਨੂੰ 'ਹਰਾ ਸੋਨਾ' ਕਹਿ ਕੇ ਇਨ੍ਹਾਂ ਦੀ ਕੀਮਤ ਨੂੰ ਆਂਕਿਆ ਜਾਂਦਾ ਹੈ ਅਤੇ ਮਹੱਤਵ ਨੂੰ ਸਤਿਕਾਰਿਆ ਜਾਂਦਾ ਹੈ।

ਮਹਾਤਮਾ ਬੁੱਧ ਜਿਨ੍ਹਾਂ ਨੂੰ ਇਕ ਰੁੱਖ ਥੱਲੇ ਬੈਠਿਆਂ ਹੀ ਰੱਬੀ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਹੋਈ ਸੀ, ਰੁੱਖਾਂ ਦੇ ਸਬਰ, ਸੰਤੋਖ ਅਤੇ ਦਇਆ ਭਾਵਨਾ ਤੋਂ ਵਾਰੇ-ਵਾਰੇ ਜਾਂਦੇ ਹਨ। ਉਨ੍ਹਾਂ ਅਨੁਸਾਰ "ਜੰਗਲ ਦੇ ਰੁੱਖ ਅਸੀਮ ਦਇਆ ਦੀ ਅਜਿਹੀ ਸੰਸਥਾ ਹੁੰਦੇ ਹਨ ਜਿਹੜੀ ਸੰਸਥਾ ਆਪਣੀ ਹੋਂਦ ਬਣਾਈ ਰੱਖਣ ਲਈ ਮਨੁੱਖ ਕੋਲੋਂ ਕਿਸੇ ਚੀਜ਼ ਦੀ ਮੰਗ ਨਹੀਂ ਕਰਦੀ। ਰੁੱਖ ਤਾਂ ਸਗੋਂ ਸਭ ਨੂੰ ਛਾਂ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ, ਇੱਥੋਂ ਤਕ ਕਿ ਉਸ ਕੁਹਾੜਾ-ਧਾਰਕ ਨੂੰ ਵੀ ਜਿਹੜਾ ਉਨ੍ਹਾਂ ਨੂੰ ਤਬਾਹ ਕਰਨ 'ਤੇ ਤੁੱਲਿਆ ਹੋਇਆ ਹੁੰਦਾ ਹੈ।" ਰੁੱਖਾਂ ਦੇ ਸਬਰ ਦੀ ਥਾਹ ਪਾ ਕੇ ਸ਼ੇਖ ਬਾਬਾ ਫ਼ਰੀਦ ਜੀ ਨੇ **"ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥"(ਅੰ:੧੩੮੧)** ਕਿਹਾ ਸੀ।

ਰੁੱਖਾਂ ਕੋਲੋਂ ਮਨੁੱਖ ਨੇ ਬਹੁਤ ਕੁਝ ਸਿੱਖਿਆ ਹੈ ਅਤੇ ਹੋਰ ਬਥੇਰਾ ਸਿੱਖਣ ਦੀਆਂ ਸੰਭਾਵਨਾਵਾਂ ਅਜੇ ਵੀ ਹਨ। ਰਿਸ਼ੀਆਂ ਮੁਨੀਆਂ ਨੇ ਰੁੱਖਾਂ ਨੂੰ ਵੀ ਮਨੁੱਖ ਵਾਂਙ ਹਾਵ-ਭਾਵ ਵਾਲੇ ਮੰਨਿਆ ਹੈ। ਪੰਜਾਬੀ ਦੇ ਇਕ ਲੋਕ ਗੀਤ ਦੀ ਤੁਕ ਹੈ;

ਰੁੱਖ ਬੋਲ ਨਾ ਸਕਦੇ ਭਾਵੇਂ
ਬੰਦਿਆਂ ਦਾ ਦੁੱਖ ਪੁੱਛਦੇ।

ਜੀਵਨ ਦੇ ਸਲੀਕੇ ਨਾਲ ਸਰੋਕਾਰ ਰੱਖਣ ਵਾਲੇ ਕਈ ਪਹਿਲੂ ਮਨੁੱਖ ਨੇ ਰੁੱਖਾਂ ਪਾਸੋਂ ਗ੍ਰਹਿਣ ਕੀਤੇ ਹਨ । ਸੱਚ ਬੋਲਣ ਦੀ ਆਦਤ ਪਾਉਣ ਵਾਸਤੇ ਮਨੁੱਖ ਰੁੱਖਾਂ ਦੀਆਂ ਕਸਮਾਂ ਖਾਂਦਾ ਆਇਆ ਹੈ:

ਬੋਹੜ ਦਿਲਾਂ ਦੀਆਂ ਜਾਣੇ
ਇਹਦੇ ਕੋਲ ਝੂਠ ਨਾ ਬਕੀਂ।

ਮਨੁੱਖ ਰੁੱਖਾਂ ਦੀ ਪੂਜਾ ਕਰਦਾ ਆਇਆ ਹੈ। ਜੀਕਣ ਉਸਨੂੰ ਸੱਚੀਂਮੁੱਚੀਂ ਕਿਸੇ ਰੁੱਖ ਥੱਲਿਉਂ ਰੱਬ ਦੇ ਦਰਸ਼ਨ ਹੋ ਗਏ ਹੋਣ;

ਹੇਠ ਬਰੋਟੇ ਦੇ,
ਮੈਨੂੰ ਰੱਬ ਦੇ ਦਰਸ਼ਨ ਹੋਏ।
ਬਿਰਛਾਂ ਦੇ ਗੀਤ ਸੁਣ ਕੇ
ਮੇਰੇ ਦਿਲ ਵਿੱਚ ਚਾਨਣ ਹੋਇਆ।
ਪਿੱਪਲਾ ਦੱਸ ਦੇ ਵੇ
ਕਿਹੜਾ ਰਾਹ ਸੁਰਗਾਂ ਨੂੰ ਜਾਵੇ।

ਰੁੱਖ ਤੇ ਮਨੁੱਖ ਦਾ ਰਿਸ਼ਤਾ ਲੱਕੜੀ ਤੋਂ ਬਣੇ ਹੋਏ ਛੋਟੇ ਜਿਹੇ ਖਿਡੌਣੇ ਤੋਂ ਬੁਢਾਪੇ ਦੀ ਡੰਗੋਰੀ ਤਕ ਨਿਭਦਾ ਹੈ, ਪੰਘੂੜੇ ਤੋਂ ਅਰਥੀ ਤਕ ਤੇ ਫਿਰ ਚਿਖਾ ਤਕ ਨਿਭਦਾ ਹੈ:

ਜਮਤੇ ਲੱਕੜੀ, ਮਰਤੇ ਲੱਕੜੀ
ਅਜਬ ਤਮਾਸ਼ਾ ਲੱਕੜੀ ਕਾ ।

ਕਹਿੰਦੇ ਨੇ ਬ੍ਰਿਛਾਂ ਨੂੰ ਬੀਜਣ ਅਤੇ ਉਨ੍ਹਾਂ ਦੀ ਪਾਲਣਾ ਕਰਨ ਨਾਲ ਧੀਆਂ, ਪੁੱਤਰਾਂ ਨੂੰ ਪਾਲਣ ਵਰਗਾ ਪੁੰਨ ਤੇ ਫਲ ਮਿਲਦਾ ਹੈ।



ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਵੱਲੋਂ ਤਾਂ ਰੁੱਖਾਂ ਨਾਲ ਮਨੁੱਖ ਦੇ ਰਿਸ਼ਤੇ ਨੂੰ ਖ਼ੂਨ ਦੇ ਰਿਸ਼ਤੇ ਦੀ ਨਿਆਈਂ ਕਿਆਸਿਆ ਗਿਆ ਹੈ। ਉਹ ਲਿਖਦਾ ਹੈ:

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਙ ਭਰਾਵਾਂ।

ਰੁੱਖ ਧਰਤੀ ਦੀ ਉਹ ਕਵਿਤਾ ਹਨ, ਜਿਸਨੂੰ ਪ੍ਰਕਿਰਤੀ ਨੇ ਰਚਿਆ ਹੈ। ਪ੍ਰਕਿਰਤੀ ਨੇ, ਮਨੁੱਖ ਨੇ ਉਸਨੂੰ ਪਾਲਿਆ ਹੈ। ਰੁੱਖ-ਕਵਿਤਾ ਨੂੰ ਮਨੁੱਖ ਹੀ ਰਚਦਾ ਹੈ। ‘ਹਰੇਕ ਮਨੁੱਖ ਲਾਵੇ ਰੁੱਖ’ ਦਾ ਨਾਅਰਾ ਇਸ ਕਵਿਤਾ ਨੂੰ ਹੋਰ ਗੂੜ੍ਹੀ ਸਿਆਹੀ ਨਾਲ ਅਤੇ ਵਿਸਥਾਰਪੂਰਵਕ ਲਿਖਣ ਦਾ ਸੱਦਾ ਦਿੰਦਾ ਹੈ:

ਰੁੱਖਾਂ ਬਾਝੋਂ ਦੁੱਖ ਹੀ ਦੁੱਖ
ਰੁੱਖਾਂ ਦੇ ਸੰਗ ਸੁੱਖ ਹੀ ਸੁੱਖ।
ਹਰੇਕ ਮਨੁੱਖ, ਲਗਾਵੇ ਰੁੱਖ।

ਇਹ ਨਾਅਰਾ ਰੁੱਖਾਂ ਹੇਠਲਾ ਰਕਬਾ ਵਧਾ ਕੇ ਮਨੁੱਖ ਅਤੇ ਰੁੱਖ ਦੇ ਰਿਸ਼ਤੇ ਨੂੰ ਹੋਰ ਪਰਪੱਕ ਕਰਨ ਦੀ ਲੋੜ ’ਤੇ ਬਲ ਦਿੰਦਾ ਹੈ। ਰੁੱਖਾਂ ਹੇਠਲਾ ਵਧੇਰੇ ਰਕਬਾ ਵਾਤਾਵਰਨ ਨੂੰ ਸ਼ੁੱਧ ਅਤੇ ਸੰਤੁਲਿਤ ਬਣਾਈ ਰੱਖਣ ਵਿੱਚ ਸਹਾਈ ਹੁੰਦਾ ਹੈ। ਇਹ ਪਾਣੀ ਅਤੇ ਮਿੱਟੀ ਦੇ ਸੋਮਿਆਂ ਨੂੰ ਬਚਾਈ ਰੱਖਣ ਅਤੇ ਹੰਢਣਸਾਰ ਬਣਾਉਣ ਵਿੱਚ ਵੀ ਸਹਾਈ ਹੁੰਦੇ ਹਨ। ਰੁੱਖ ਰਾਸ਼ਟਰੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਜਨ ਸੁਰੱਖਿਆ ਵਿੱਚ ਵਾਧਾ ਕਰਨ ਲਈ ਵੀ ਲਾਹੇਵੰਦ ਸਾਬਤ ਹੁੰਦੇ ਹਨ। ਵਧੇਰੇ ਰੁੱਖਾਂ ਨਾਲ ਸਿਹਤਯਾਬੀ ਮਿਲੇਗੀ, ਉਤਪਾਦਕਤਾ ਵਧੇਗੀ ਅਤੇ ਪਸ਼ੂ-ਧਨ ਵਿੱਚ ਵਾਧਾ ਹੋਵੇਗਾ।

ਆਪਣੇ ਕੁਦਰਤੀ ਸਾਧਨਾਂ ਦੀ ਪਾਲਣਾ ਅਤੇ ਰੱਖਿਆ ਲਈ ਸਮਰਪਣ ਦੀ ਭਾਵਨਾ ਨਾਲ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਦੀ ਯਥਾਯੋਗ ਰੱਖਿਆ ਅਤੇ ਸਾਂਭ-ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਸੀਂ ਨੰਗੀ ਅਤੇ ਵੀਰਾਨ ਧਰਤੀ ਉੱਪਰ ਵੀ ਰੁੱਖਾਂ ਦੀ ਹਰਿਆਲੀ ਦੀ ਸੁੰਦਰ ਪੁਸ਼ਾਕ ਪਹਿਨਾ ਸਕਾਂਗੇ। ਮਨੁੱਖੀ ਸੱਭਿਅਤਾ ਦੇ ਵਿਕਾਸ ਲਈ ਵੀ ਇਹ ਜ਼ਰੂਰੀ ਹੈ ਕਿ ਧਰਤੀ, ਪਾਣੀ ਅਤੇ ਰੁੱਖਾਂ ਦੀ ਰੱਖਿਆ ਕੀਤੀ ਜਾਵੇ। ਰੁੱਖ

ਹਨ ਤਾਂ ਪਾਣੀ ਹੋਵੇਗਾ, ਪਾਣੀ ਹੈ ਤਾਂ ਜੀਵਨ ਹੋਵੇਗਾ।

ਰੁੱਖ ਖੇਤੀ-ਪ੍ਰਣਾਲੀ ਨਾਲ ਸੰਬੰਧਿਤ ਵੀ ਹਨ, ਨਿਰੋਲ ਫਲਦਾਰ ਵੀ ਹਨ, ਇਮਾਰਤੀ ਲੱਕੜੀ ਲਈ ਵੀ ਹਨ, ਬਾਲਣ ਲਈ ਵੀ ਹਨ। ਪਲਾਈਵੁੱਡ, ਮਾਚਸ, ਸਜਾਵਟੀ ਸਾਮਾਨ, ਫਾਈਬਰਬੋਰਡ, ਪੈਕਿੰਗ ਬਕਸੇ, ਪੇਪਰ ਪਲਪ, ਖੇਡਾਂ ਦਾ ਸਾਮਾਨ, ਖੇਤੀਬਾੜੀ ਦੇ ਸੰਦਾਂ, ਦਵਾਈਆਂ, ਪਸ਼ੂਆਂ ਦੇ ਚਾਰੇ ਅਤੇ ਹੋਰ ਅਨੇਕ ਤਰ੍ਹਾਂ ਦੀ ਵਰਤੋਂ ਵਿੱਚ ਵੀ ਇਨ੍ਹਾਂ ਨੂੰ ਲਿਆਂਦਾ ਜਾਂਦਾ ਹੈ। ਬੇਸ਼ੱਕ ਰੁੱਖ ਮਨੁੱਖ ਦੇ ਅਨੇਕ ਕੰਮ ਸਵਾਰਦੇ ਹਨ ਪ੍ਰੰਤੂ ਇਨ੍ਹਾਂ ਨੂੰ ਸਿਰਫ਼ ਪੈਸਾ ਕਮਾਉਣ ਦਾ ਸਾਧਨ ਹੀ ਨਹੀਂ ਸਮਝਿਆ ਜਾਣਾ ਚਾਹੀਦਾ, ਸਗੋਂ ਇਨ੍ਹਾਂ ਨੂੰ ਲੋਕਾਂ ਦਾ ਅਤੇ ਕੰਮਾਂ ਦਾ ਸਾਧਨ ਸਮਝਿਆ ਜਾਣਾ ਚਾਹੀਦਾ ਹੈ। ਰੁੱਖ ਪ੍ਰਾਕਿਰਤੀ ਦੇ ਸੰਤੁਲਨ ਨੂੰ ਕਾਇਮ ਰੱਖਣ ਅਤੇ ਵਾਤਾਵਰਣ ਨੂੰ ਸ਼ੁੱਧ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਜ਼ਿੰਦਗੀ ਦੀ ਖ਼ੁਸ਼ਹਾਲੀ, ਖ਼ੂਬਸੂਰਤੀ ਅਤੇ ਸ਼ਿੰਗਾਰ ਦਾ ਪ੍ਰਤੀਕ ਹੁੰਦੇ ਹਨ। ਰੁੱਖਾਂ ਦਾ ਸਾਥ ਮਾਣ ਕੇ ਇਨ੍ਹਾਂ ਨਾਲ ਗੱਲਾਂ ਕਰਕੇ, ਇਨ੍ਹਾਂ ਦੀ ਸੇਵਾ ਕਰਕੇ ਮਨੁੱਖ ਦੀ ਰੂਹ ਖਿੜ੍ਹ ਉੱਠਦੀ ਹੈ। ਰੁੱਖ ਮਨੁੱਖ ਨੂੰ ਮਿੱਠੀਆਂ ਛਾਵਾਂ ਅਤੇ ਠੰਡੀਆਂ ਹਵਾਵਾਂ ਦਿੰਦੇ ਹਨ। ਖਾਣ-ਪੀਣ ਦੇ ਅਨੇਕਾਂ ਪਦਾਰਥ ਰੁੱਖਾਂ ਤੋਂ ਪ੍ਰਾਪਤ ਹੁੰਦੇ ਹਨ। ਰੰਗ, ਖ਼ੁਸ਼ਬੂ, ਦਵਾਈਆਂ, ਰਬੜ ਆਦਿ ਅਨੇਕ ਚੀਜ਼ਾਂ ਰੁੱਖਾਂ ਤੋਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਮਨੁੱਖ ਰੁੱਖ ਨੂੰ ਵੱਟੇ ਮਾਰਦਾ ਹੈ, ਉਹ ਅੱਗਿਉਂ ਉਸਨੂੰ ਫਲ ਦਿੰਦਾ ਹੈ। ਮਨੁੱਖ ਰੁੱਖ ਨੂੰ ਕੁਹਾੜੇ ਨਾਲ ਕੱਟਦਾ ਹੈ, ਉਹ ਉਸਨੂੰ ਪੈਸਾ ਅਤੇ ਰੋਜ਼ੀ ਰੋਟੀ ਦਿੰਦਾ ਹੈ। ਰੁੱਖ ਪੰਛੀਆਂ ਦਾ ਰਹਿਣ ਬਸੇਰਾ ਬਣਦਾ ਹੈ।

ਰੁੱਖ ਕੁਦਰਤ ਦੀ ਪ੍ਰਕਿਰਤੀ ਦੇ ਸੰਤੁਲਨ ਨੂੰ  ਅਤੇ ਸਿਹਤਮੰਦ ਵਾਤਾਵਰਣ ਨੂੰ ਬਰਕਰਾਰ ਰੱਖਣ ਵਿੱਚ ਬੇਹੱਦ ਲਾਹੇਵੰਦ ਸਾਬਤ ਹੁੰਦੇ ਹਨ। ਇਹ ਪ੍ਰਦੂਸ਼ਣ ਰੋਕਦੇ ਹਨ; ਮਿੱਟੀ ਘੱਟੇ ਅਤੇ ਧੂੜ ਦੇ ਪ੍ਰਦੂਸ਼ਣ ਨੂੰ ਵੀ ਘਟਾਉਂਦੇ ਹਨ। ਹੜ੍ਹਾਂ ਦੀ ਰੋਕਥਾਮ ਵਿੱਚ ਸਹਾਈ ਹੁੰਦੇ ਹਨ। ਮੀਂਹ ਹਨੇਰੀ ਤੋਂ ਵੀ ਬਚਾਅ ਕਰਦੇ ਹਨ। ਮੀਂਹ ਵਰਸਾਉਣ ਵਿੱਚ ਵੀ ਮਦਦਗਾਰ ਹੁੰਦੇ ਹਨ।

ਰੁੱਖ—ਜਿਸ ਦਾ ਮਨੁੱਖ ਨਾਲ ਏਨਾ ਗੂੜ੍ਹਾ ਰਿਸ਼ਤਾ ਹੈ ਪ੍ਰਤੀ ਮਨੁੱਖਾਂ ਨੂੰ ਆਪਣੇ ਫ਼ਰਜ਼ਾਂ ਦਾ ਅਹਿਸਾਸ ਹੋਣਾ ਜ਼ਰੂਰੀ ਹੈ। ਮਨੁੱਖ ਨੂੰ ਰੁੱਖ ਕੱਟਣ ਲਈ ਨਹੀਂ, ਸਗੋਂ ਰੁੱਖ ਲਗਾਉਣ ਦਾ ਚਾਅ ਹੋਣਾ ਚਾਹੀਦਾ ਹੈ। ਰੁੱਖ ਲਗਾ ਰਹੇ ਇਕ ਬਹੁਤ ਬਿਰਧ ਵਿਅਕਤੀ ਕੋਲੋਂ ਰਾਹ ਜਾਂਦੇ ਕਿਸੇ ਆਦਮੀ ਨੇ



ਪੁੱਛਿਆ "ਬਾਬਾ ਤੂੰ ਇਹ ਰੁੱਖ ਕਿਉਂ ਲਗਾ ਰਿਹਾ ਏਂ? ਜਦੋਂ ਤਕ ਇਸਨੇ ਫਲ ਦੇਣੇ ਹਨ ਮੁਮਕਿਨ ਹੈ  ਉਦੋਂ ਤਕ ਤੂੰ ਦੁਨੀਆਂ 'ਤੇ ਨਾ ਰਹੇਂ; ਫਿਰ ਤੂੰ ਅਜਿਹਾ ਕਿਉਂ ਕਰ ਰਿਹਾ ਏਂ?" ਬਿਰਧ ਨੇ ਜੁਆਬ ਦਿੱਤਾ, "ਮੇਰੇ ਬਜ਼ੁਰਗਾਂ ਨੇ ਰੁੱਖ ਲਗਾਏ ਸਨ ਤੇ ਮੈਂ ਉਨ੍ਹਾਂ ਦਾ ਫਲ ਖਾਧਾ। ਹੁਣ ਮੈਂ ਰੁੱਖ ਲਗਾ ਰਿਹਾ ਹਾਂ ਮੇਰੇ ਬੱਚੇ ਇਹਨਾਂ ਦਾ ਫਲ ਆਉਣ ਵਾਲੇ ਸਮੇਂ ਵਿੱਚ ਖਾਣਗੇ"।  ਉਸ ਬਿਰਧ ਵਿਅਕਤੀ ਨੇ ਬੜੀ ਵੱਡੀ ਤੇ ਸੱਚੀ ਗੱਲ ਕਹੀ ਸੀ । ਰੁੱਖ ਲਗਾਉਣਾ ਮਨੁੱਖ ਨੂੰ ਆਪਣਾ ਕਰਤੱਵ ਸਮਝਣਾ ਚਾਹੀਦਾ ਹੈ। ਰੁੱਖ ਮਨੁੱਖ ਵਾਸਤੇ ਅਤੇ ਧਰਤੀ ਵਾਸਤੇ ਕੀਮਤੀ ਗਹਿਣੇ ਹਨ। ਇਹ ਆਕਸੀਜਨ ਤੇ ਪਾਣੀ ਦਿੰਦੇ ਹਨ, ਚਉਗਿਰਦੇ ਨੂੰ ਹਰਾ-ਭਰਾ ਬਣਾਉਂਦੇ ਹਨ ਤੇ ਵਾਤਾਵਰਣ ਨੂੰ ਸ਼ੁੱਧ।

ਰੁੱਖਾਂ ਦੀ ਹੱਦੋਂ ਵਧ ਕੇ ਕਟਾਈ ਅਤੇ ਤਬਾਹੀ ਨਾਲ ਕੁਦਰਤ ਦਾ ਸੰਤੁਲਨ ਵਿਗੜ ਜਾਵੇਗਾ ਅਤੇ ਵਾਤਾਵਰਣ ਉੱਪਰ ਵੀ ਬੁਰਾ ਪ੍ਰਭਾਵ ਪਵੇਗਾ। ਮਨੁੱਖ ਵੱਲੋਂ ਕੁਦਰਤ ਦੇ ਅਨਮੋਲ ਵਰਤਾਰੇ ਵਿੱਚ  ਕਈ ਤਰੀਕਿਆਂ ਨਾਲ ਦਖ਼ਲ-ਅੰਦਾਜ਼ੀ ਕੀਤੀ ਜਾਂਦੀ ਹੈ ਅਤੇ ਇਸਨੂੰ ਦੂਸ਼ਿਤ ਕਰ ਦਿੱਤਾ ਜਾਂਦਾ ਹੈ; ਫਲਸਰੂਪ ਵਾਤਾਵਰਣ ਗੰਧਲਾ ਹੁੰਦਾ ਹੈ। ਗੰਧਲਾ ਵਾਤਾਵਰਣ ਮਨੁੱਖ ਲਈ ਸੁਰੱਖਿਅਤ ਨਹੀਂ, ਕਿਉਂ ਜੋ ਇਸ ਨਾਲ ਬਿਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ। ਸੋ, ਮਨੁੱਖੀ ਜੀਵਨ ਦੇ ਵੱਡੇ ਨੁਕਸਾਨ ਤੋਂ ਬਚਾਅ ਲਈ ਵਾਤਾਵਰਣ ਨੂੰ ਸਵੱਛ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਰੁੱਖ ਸਹਿਜੇ ਹੀ ਇਸ ਵਿੱਚ ਸਹਾਈ ਹੁੰਦੇ ਹਨ।

ਰੁੱਖ ਮਨੁੱਖੀ ਅਰਥਚਾਰੇ ਦਾ ਮਹੱਤਵਪੂਰਨ ਵਸੀਲਾ ਵੀ ਬਣਦੇ ਹਨ। ਇਸ ਵਸੀਲੇ ਨੂੰ ਖੋਰਾ ਲੱਗਣ ਤੋਂ ਬਚਾਉਣ ਦੀ ਲੋੜ ਹੈ। ਅੱਜ ਮਨੁੱਖ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਹੋਣਾ ਚਾਹੀਦਾ ਹੈ ਕਿ ਰੁੱਖਾਂ ਹੇਠਲਾ ਮੌਜੂਦਾ ਰਕਬਾ ਆਉਣ ਵਾਲੇ ਸਮੇਂ ਦੇ ਮਨੁੱਖ ਦੀਆਂ ਅਤੇ ਜੰਗਲੀ ਜੀਵ ਸੰਸਾਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕੇਗਾ। ਇਸ ਲਈ ਰੁੱਖਾਂ ਦੀ ਸੁਰੱਖਿਆ ਲਈ ਵੱਡੇ ਪੱਧਰ 'ਤੇ ਯਤਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਹੱਦੋਂ ਵੱਧ ਹੋ ਰਹੀ ਕਟਾਈ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ। ਰੁੱਖਾਂ ਦੀ ਲੱਕੜੀ ਦਾ ਬਦਲ ਲੱਭਣ ਲਈ ਪ੍ਰਭਾਵਸ਼ਾਲੀ ਯਤਨ ਵੀ ਹੋਏ ਹਨ; ਅਜਿਹੇ ਯਤਨਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਜਨ-ਸੰਖਿਆ ਵਿੱਚ ਵਾਧੇ ਨੇ ਰੁੱਖਾਂ ਹੇਠਲੇ ਰਕਬੇ ਨੂੰ ਘਟਾਇਆ ਹੈ । ਵਪਾਰਕ ਵਰਤੋਂ ਲਈ ਅਤੇ ਸਥਾਨਕ ਲੋਕਾਂ ਦੀ ਵਰਤੋਂ ਵਾਸਤੇ ਉਨ੍ਹਾਂ ਵੱਲੋਂ ਕੀਤੀ ਰੁੱਖਾਂ ਦੀ

ਵੱਡ-ਪੱਧਰੀ ਕਟਾਈ 'ਤੇ ਨਿਯੰਤ੍ਰਣ ਲਗਾਇਆ ਜਾਣਾ ਚਾਹੀਦਾ ਹੈ।ਰੁੱਖਾਂ ਦੀ ਕਟਾਈ ਦੀ ਵਧ ਰਹੀ ਦਰ ਮਨੁੱਖ ਵਾਸਤੇ ਚਿੰਤਾ ਦਾ ਵਿਸ਼ਾ ਬਣ ਗਈ ਹੈ। ਇਨ੍ਹਾਂ ਦਾ ਉਤਪਾਦਨ ਵਧਾਉਣ ਦੇ ਯਤਨ ਹੋਣੇ ਚਾਹੀਦੇ ਹਨ। ਰੁੱਖਾਂ ਹੇਠਲੀ ਜ਼ਬਰੀ ਕੀਤੀ ਗਈ ਜ਼ਮੀਨ ਨੂੰ ਜੰਗਲਾਤ ਵਿਭਾਗ ਦੇ ਅਧਿਕਾਰ ਹੇਠ ਲਿਆਉਣ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਰੁੱਖ ਸਾਡੀ ਰਾਸ਼ਟਰੀ ਸੰਪਤੀ ਹਨ। ਜੇ ਇਸ ਧਨ ਨੂੰ ਸਾਂਭ ਕੇ ਨਾ ਰੱਖਿਆ ਗਿਆ ਤਾਂ ਰਾਸ਼ਟਰ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਮਨੁੱਖ ਦੇ ਰੁੱਖ ਨਾਲ ਪੁਰਾਣੇ ਰਿਸ਼ਤੇ ਨੂੰ ਬਣਾਈ ਰੱਖਣ ਲਈ ਅਤੇ ਹੋਰ ਪਰਪੱਕ ਬਣਾਉਣ ਲਈ ਸੁਹਿਰਦ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਵੱਡੀ ਪੱਧਰ ਉੱਪਰ ਸਮੂਹਿਕ ਰੂਪ ਵਿੱਚ ਕੀਤੇ ਯਤਨਾਂ ਨਾਲ ਰੁੱਖ ਸੰਪਤੀ ਦੀ ਰਖਵਾਲੀ ਵੀ ਕੀਤੀ ਜਾ ਸਕੇਗੀ ਅਤੇ ਇਸ ਸਰਮਾਏ ਦਾ ਪੂਰਣ ਲਾਭ ਵੀ ਉਠਾਇਆ ਜਾ ਸਕੇਗਾ।

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 31 ਅਗਸਤ 1997 ਵਿੱਚੋਂ ਧੰਨਵਾਦ ਸਹਿਤ!)

-o-



# ਰੁੱਖ ਧਰਤੀ ਦੀ ਖੱਲੜੀ ਹਨ

***ਭਾਰਤਵਾਸੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰਦੇ ਹੋਏ ਆਤਮਘਾਤ ਦੇ ਰਸਤੇ 'ਤੇ ਤੁਰੇ ਜਾ ਰਹੇ ਹਨ***

ਇਸ ਕਟਾਈ ਨੂੰ ਘਟਾਉਣ ਲਈ ਕੁਰਸੀਆਂ, ਮੇਜ਼ਾਂ ਅਤੇ ਡਬਲ-ਬੈੱਡਾਂ ਦੀ ਵਰਤੋਂ ਤਿਆਗ ਕੇ ਧਰਤੀ ਉੱਤੇ ਬੈਠ ਕੇ ਕੰਮ ਕਰਨ ਦੀ ਆਦਤ ਪਾਉਣੀ ਪਵੇਗੀ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੂਰਨਿਆਂ 'ਤੇ ਚਲ ਕੇ ਦੇਸ਼ ਦੀ ਧਰਤੀ ਨੂੰ ਰੁੱਖਾਂ ਨਾਲ ਕੱਜ ਕੇ ਧਰਤੀ ਨੂੰ ਰੇਤ ਦਾ ਮਾਰੂਥਲ ਹੋਣ ਤੋਂ ਬਚਾਉਣ ਦੀ ਲੋੜ ਹੈ।

ਭਾਰਤ ਦੀ ਧਰਤੀ ਦਾ ਕੁੱਲ ਰਕਬਾ 32 ਕਰੋੜ 9 ਲੱਖ ਹੈਕਟੇਅਰ ਹੈ। ਧਰਤੀ ਨੂੰ ਹਵਾ ਦੀਆਂ ਹਨੇਰੀਆਂ ਤੇ ਪਾਣੀ ਦੇ ਹੜ੍ਹਾਂ ਨਾਲ ਖੁਰਨ ਤੋਂ ਬਚਾਉਣ ਲਈ ਧਰਤੀ ਦੇ ਸੌ ਹਿੱਸੇ ਵਿੱਚੋਂ 33 ਹਿੱਸੇ ਉੱਤੇ ਜੰਗਲ ਹੋਣੇ ਚਾਹੀਦੇ ਹਨ ; ਪਰ ਭਾਰਤ ਦੀ ਜਿੰਨੀ ਧਰਤੀ ਉੱਤੇ ਜੰਗਲ ਹਨ ਉਹ ਰਕਬਾ 6 ਕਰੋੜ 7 ਲੱਖ ਹੈਕਟੇਅਰ ਦੱਸਿਆ ਜਾ ਰਿਹਾ ਹੈ ਤੇ ਉਹ ਰਕਬਾ 33 ਪ੍ਰਤੀਸ਼ਤ ਦੀ ਥਾਂ ਕੇਵਲ 20 ਪ੍ਰਤੀਸ਼ਤ ਹੈ। ਸਰਕਾਰੀ ਕਾਗ਼ਜ਼ਾਂ ਵਿੱਚ ਭਾਵੇਂ ਇਹ ਰਕਬਾ 20 ਪ੍ਰਤੀਸ਼ਤ ਹੈ ਪਰ ਇਸ ਰਕਬੇ ਵਿੱਚੋਂ ਵੀ ਏਨਾ ਰੁੱਖ ਵੱਢਿਆ ਜਾ ਚੁੱਕਾ ਹੈ ਕਿ ਇਹ ਵੀਹ ਦੀ ਜਗ੍ਹਾ ਪੰਦਰਾਂ ਹੀ ਰਹਿ ਗਿਆ ਹੈ। ਕੁਝ ਸਿਆਣੇ ਇਹ ਵੀ ਕਹਿੰਦੇ ਹਨ ਕਿ ਇਹ ਰਕਬਾ 10 ਪ੍ਰਤੀਸ਼ਤ ਹੀ ਰਹਿ ਗਿਆ ਹੈ । ਸਫ਼ੈਦੇ ਦੇ ਰੁੱਖਾਂ ਤੋਂ ਪਹਿਲਾਂ ਭਾਰਤ ਦੀ ਸਾਰੀ ਧਰਤੀ 'ਤੇ ਜਗ੍ਹਾ-ਜਗ੍ਹਾ ਅਨੇਕ ਪ੍ਰਕਾਰ ਦੇ ਰੁੱਖ ਹੁੰਦੇ ਸਨ; ਜਿਵੇਂ ਪਿੱਪਲ, ਬੇਰੀ, ਬੋਹੜ, ਨਿੰਮ, ਅੰਬ, ਟਾਹਲੀ, ਕਿੱਕਰ, ਤੂਤ ਅਤੇ ਸ਼ਰੀਂਹ ਆਦਿ। ਉਨ੍ਹਾਂ ਰੁੱਖਾਂ ਦੇ ਮਨੁੱਖ ਨੂੰ ਬੜੇ ਲਾਭ ਸਨ। ਰੁੱਖ ਹਵਾ ਦੀਆਂ ਹਨੇਰੀਆਂ ਤੇ ਪਾਣੀ ਦੇ ਹੜ੍ਹਾਂ ਤੋਂ ਧਰਤੀ ਨੂੰ ਖੁਰਨ ਤੋਂ ਬਚਾਉਂਦੇ ਹਨ। ਪਿੱਪਲ ਤੇ ਬੋਹੜ ਸੂਰਜ ਦੀ ਧੁੱਪ ਨੂੰ ਖਾ ਕੇ ਲੋਕਾਂ ਨੂੰ ਅੰਨ੍ਹੇ ਹੋਣ ਤੋਂ ਬਚਾਉਂਦੇ ਹਨ ਅਤੇ ਬੱਸਾਂ, ਟਰੱਕਾਂ ਤੇ ਮੋਟਰਕਾਰਾਂ ਦੀ ਆਵਾਜ਼ ਨੂੰ ਜਜ਼ਬ ਕਰਕੇ ਲੋਕਾਂ ਨੂੰ ਬੋਲੇ ਹੋਣ ਤੋਂ ਬਚਾਉਂਦੇ ਹਨ। ਸਫ਼ੈਦੇ ਦੇ ਰੁੱਖ 'ਤੇ ਕੋਈ ਜਾਨਵਰ ਆਲ੍ਹਣਾ ਨਹੀਂ ਪਾ ਸਕਦਾ ਤੇ ਜਦੋਂ ਭਾਰੀ ਮੀਂਹ ਆਉਂਦਾ ਹੈ ਤਾਂ ਅਨੇਕ ਜਾਨਵਰ ਆਲ੍ਹਣਿਆਂ ਤੋਂ ਬਿਨਾਂ ਸਫ਼ੈਦੇ ਦੇ ਰੁੱਖਾਂ 'ਤੇ ਬੈਠੇ ਧਰਤੀ ਉੱਤੇ ਡਿੱਗ ਕੇ ਮੀਂਹ ਦੀ ਮਾਰ ਨਾਲ ਮਰ ਜਾਂਦੇ ਹਨ। ਇੱਲਾਂ ਮੁਰਦੇ ਡੰਗਰਾਂ ਦਾ ਮਾਸ ਖਾਂਦੀਆਂ ਹਨ ; ਪਰ ਪਿੱਪਲ, ਬੋਹੜ, ਨਿੰਮ, ਟਾਹਲੀ ਜੈਸੇ ਰੁੱਖਾਂ ਦੇ ਘਟ ਜਾਣ ਕਾਰਨ

ਇੱਲਾਂ ਦੀ ਸੰਖਿਆ ਵੀ ਘਟ ਰਹੀ ਹੈ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਇੱਲਾਂ ਮੁਰਦੇ ਡੰਗਰਾਂ ਦਾ ਮਾਸ ਨੋਚ ਰਹੀਆਂ ਹਨ ਅਤੇ ਬਾਕੀ ਸੁੱਕੀਆਂ ਹੱਡੀਆਂ ਦਾ ਪਿੰਜਰ ਰਹਿ ਜਾਂਦਾ ਹੈ, ਉਸਨੂੰ ਹੱਡਾਂ ਨੂੰ ਵੇਚਣ ਵਾਲੇ ਲੈ ਜਾਂਦੇ ਹਨ ਜਿੱਥੇ ਉਹਨਾਂ ਦਾ ਖੇਤਾਂ ਲਈ ਖਾਦ ਦਾ ਚੂਰਾ ਬਣਦਾ ਹੈ; ਪਰ ਗਿੱਲੇ ਮਾਸ ਵਾਲੇ ਪਿੰਜਰ ਨੂੰ ਕੌਣ ਚੁੱਕ ਕੇ ਲਿਜਾਵੇ? ਜ਼ਿੰਮੀਦਾਰ ਉਨਾਂ ਪਿੰਜਰਾਂ ਨੂੰ ਧਰਤੀ ਵਿੱਚ ਦੱਬ ਰਹੇ ਹਨ। ਧਰਤੀ ਹੇਠ ਦੱਬੇ ਪਿੰਜਰਾਂ ਕਾਰਨ ਧਰਤੀ ਉੱਤੇ ਹੱਲ ਚੱਲਣਾ ਔਖਾ ਹੁੰਦਾ ਜਾ ਰਿਹਾ ਹੈ।

ਸਰਕਾਰ ਨੂੰ ਫ਼ਿਕਰ ਕੇਵਲ ਕਾਰਖ਼ਾਨਿਆਂ ਦਾ ਹੀ ਰਹਿ ਗਿਆ ਹੈ।ਸਰਕਾਰ ਕੇਵਲ ਇਕੋ ਰੁੱਖ ਸਫ਼ੈਦੇ ਨੂੰ ਲਾ ਰਹੀ ਹੈ ਜਿਸ ਵਿੱਚੋਂ ਇਮਾਰਤਾਂ ਲਈ ਲੱਕੜੀ ਤੇ ਕਾਗ਼ਜ਼ ਦੇ ਕਾਰਖ਼ਾਨਿਆਂ ਨੂੰ ਕਾਗ਼ਜ਼ ਬਣਾਉਣ ਲਈ ਗੁੱਦਾ ਮਿਲਦਾ ਹੈ। ਅਜਿਹਾ ਕਰਕੇ ਸਰਕਾਰ ਆਪਣੀ ਮੂਰਖ਼ਤਾ ਨਾਲ ਦੇਸ਼ ਨੂੰ ਨੁਕਸਾਨ ਪਹੁੰਚਾਉਣ ਵਾਲੇ ਪੁੱਠੇ ਪਾਸੇ ਤੁਰਨ ਦਾ ਸਬੂਤ ਦੇ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਫ਼ੈਦਿਆਂ ਨੂੰ ਕਟਵਾ ਕੇ ਪਿੱਪਲ, ਬੋਹੜ, ਨਿੰਮ ਅਤੇ ਟਾਹਲੀ ਜੈਸੇ ਰੁੱਖਾਂ ਨੂੰ ਲਗਵਾਏ। ਜਿਸ ਜੰਗਲ ਵਿੱਚ ਰੁੱਖ ਕੇਵਲ ਇਕੋ ਕਿਸਮ ਦੇ ਹੋਣ, ਉਸਦੀ ਮਿਸਾਲ ਉਸ ਮਨੁੱਖੀ ਸਰੀਰ ਵਰਗੀ ਹੁੰਦੀ ਹੈ ਜਿਸ ਵਿੱਚੋਂ ਰੂਹ ਨਿਕਲ ਚੁੱਕੀ ਹੋਵੇ।

1951 ਤੋਂ 1976 ਤਕ ਜੰਗਲਾਂ ਦੀ ਵਢਾਈ ਏਨੀ ਅੰਨ੍ਹੇਵਾਹ ਹੋਈ ਹੈ ਕਿ ਸਾਡੇ ਦੇਸ਼ ਵਿੱਚ 4 ਕਰੋੜ ਇਕ ਲੱਖ ਹੈਕਟੇਅਰ ਰਕਬੇ ਦੇ ਜੰਗਲ ਇਮਾਰਤਾਂ ਲਈ, ਖੇਤੀ ਲਈ, ਸੜਕਾਂ ਲਈ ਅਤੇ ਡੈਮਾਂ ਲਈ ਕੱਟੇ ਜਾ ਚੁੱਕੇ ਹਨ। ਇਹ ਅਨੁਮਾਨ ਲਾਇਆ ਗਿਆ ਹੈ ਕਿ ਇਸ ਸਾਲ ਵਿੱਚ ਸ਼ਹਿਰਾਂ ਅਤੇ ਪਿੰਡਾਂ ਦੇ ਬੰਦੇ ਬਾਲਣ ਲਈ ਜਿੰਨੀ ਲੱਕੜ ਜਲਾ ਰਹੇ ਹਨ ਉਹ ਇਕ ਕਰੋੜ 35 ਲੱਖ ਟਨ ਤੋਂ ਲੈ ਕੇ ਇਕ ਕਰੋੜ 70 ਲੱਖ ਟਨ ਤਕ ਹੁੰਦੀ ਹੈ। ਇਸ ਕੰਮ ਲਈ ਹਰ ਸਾਲ ਇਕ ਕਰੋੜ ਤੀਹ ਲੱਖ ਹੈਕਟੇਅਰ ਧਰਤੀ ਤੋਂ ਜੰਗਲ ਵੱਢੇ ਜਾ ਰਹੇ ਹਨ। ਰੁੱਖਾਂ ਦੀ ਇਸ ਕਟਾਈ ਦਾ ਹਰ ਸਾਲ ਦਾ ਘਾਟਾ ਤਦੇ ਪੂਰਾ ਹੋ ਸਕਦਾ ਹੈ ਜੇ ਹਰ ਸਾਲ 2 ਕਰੋੜ ਹੈਕਟੇਅਰ ਧਰਤੀ ਉੱਤੇ ਨਵੇਂ ਰੁੱਖ ਲਾਏ ਜਾਣ। ਉੱਪਰ ਲਿਖੇ ਅੰਕੜੇ ਮੈਂ ਦਿੱਲੀ ਦੇ ਰੋਜ਼ਾਨਾ ਅਖ਼ਬਾਰ ਪੈਟਰੀਆਟ 22 ਜਨਵਰੀ 1986 ਦੇ ਪਰਚੇ ਵਿੱਚੋਂ ਲਏ ਹਨ।

ਪੀ.ਐਸ. ਸ਼ਰਮਾ ਦਾ ਲੇਖ ਹੇਠ ਲਿਖੇ ਸਿਰਲੇਖ ਹੇਠ ਨਿਕਲਿਆ



ਹੈ:- "Restoring the forest tribals link" ਪੰਜਾਬ ਵਿੱਚ ਜੋ ਲੱਕੜ ਬਾਲਣ ਲਈ ਵਰਤੀ ਜਾ ਰਹੀ ਹੈ ਉਸ ਦਾ ਸੌ ਵਿੱਚੋਂ ਪੰਜਵਾਂ ਹਿੱਸਾ ਹੀ ਪੰਜਾਬ ਵਿੱਚ ਖੜ੍ਹੇ ਰੁੱਖਾਂ ਤੋਂ ਪ੍ਰਾਪਤ ਹੋ ਰਿਹਾ ਹੈ। 95 ਪ੍ਰਤੀਸ਼ਤ ਲੱਕੜ ਨਹੀਂ ਮਿਲੇਗੀ ਤੇ ਲੋਕੀਂ ਲੱਕੜ ਲਈ ਇਕ ਦੂਜੇ ਕੋਲੋਂ ਖੋਹਮਾਈ ਕਰਨਗੇ ਅਤੇ ਦੰਗੇ ਹੋਣਗੇ। ਉੱਪਰ ਦਿੱਤੇ ਅੰਕੜਿਆਂ ਤੋਂ ਉਹਨਾਂ ਅਮੀਰ ਬੰਦਿਆਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜਿਹੜੇ ਘਰਾਂ ਵਿੱਚ ਪ੍ਰਤੀ-ਦਿਨ ਕਈ-ਕਈ ਭਾਜੀਆਂ ਬਣਾਉਂਦੇ ਹਨ। ਭੱਠਿਆਂ ਨੂੰ ਇਸ ਸਮੇਂ ਏਨਾ ਕੋਇਲਾ ਨਹੀਂ ਮਿਲ ਰਿਹਾ ਜਿੰਨਾ ਚਾਹੀਦਾ ਹੈ ਅਤੇ ਉਹ ਵੀ ਇੱਟਾਂ ਪਕਾਉਣ ਲਈ ਲੱਕੜ ਵਰਤ ਰਹੇ ਹਨ। ਫੇਰ ਕੋਇਲਾ ਵੀ ਬਾਹਰੀ ਰਿਆਸਤ ਤੋਂ ਟਰੱਕਾਂ ਰਾਹੀਂ ਆ ਰਿਹਾ ਹੈ ਜੋ ਆਪਣੇ ਪੈਟਰੋਲ ਅਤੇ ਡੀਜ਼ਲ ਦੇ ਧੂੰਏਂ ਨਾਲ ਹਵਾ ਵੀ ਖ਼ਰਾਬ ਕਰ ਰਿਹਾ ਹੈ। ਜਿਹੜੇ ਬੰਦੇ ਕਈ-ਕਈ ਕਮਰਿਆਂ ਵਾਲੀਆਂ ਕੋਠੀਆਂ ਬਣਾ ਰਹੇ ਹਨ ਉਹ ਸੋਚ ਲੈਣ ਕਿ ਉਨ੍ਹਾਂ ਦੀਆਂ ਕੋਠੀਆਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੀਆਂ ਹਨ ਜਾਂ ਹੰਕਾਰ ਦੇ ਪ੍ਰਗਟਾਵੇ ਲਈ। ਉਹ ਕੋਠੀਆਂ ਬਣਾ ਕੇ ਅੰਨ-ਉਪਜਾਊ ਧਰਤੀ ਦਾ ਰਕਬਾ ਘਟਾ ਰਹੇ ਹਨ। ਰੁੱਖ ਵਢਾ ਕੇ ਲੱਕੜ ਦੀਆਂ ਛੱਤਾਂ, ਦਰਵਾਜ਼ਿਆਂ, ਬਾਰੀਆਂ ਉੱਤੇ ਖ਼ਰਚ ਕਰ ਰਹੇ ਹਨ, ਰੁੱਖ ਕਟਵਾ ਕੇ ਆਪਣੀਆਂ ਕੋਠੀਆਂ ਲਈ ਇੱਟਾਂ ਪਕਾ ਰਹੇ ਹਨ। ਅਬਾਦੀ ਵਧ ਰਹੀ ਹੈ ਪਰ ਧਰਤੀ ਰੱਬ ਨੇ ਜਿੰਨੀ ਬਣਾਈ ਹੈ ਇਹ ਓਨੀ ਹੀ ਰਹਿਣੀ ਹੈ। ਸੜਕਾਂ ਉੱਤੇ ਜੋ ਲੁੱਕ ਪੈ ਰਹੀ ਹੈ ਉਹ ਵੀ ਲੱਕੜਾਂ ਨਾਲ ਪਿ-ਘਲਾਈ ਜਾ ਰਹੀ ਹੈ। ਜਿਹੜੇ ਬੰਦੇ ਰੇਲ ਗੱਡੀਆਂ ਛੱਡ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਣ ਲਈ ਮੋਟਰਕਾਰਾਂ ਨੂੰ ਵਰਤਦੇ ਹਨ ਉਹ ਸੜਕਾਂ ਉੱਤੇ ਚੱਲਣ ਵਾਲੀਆਂ ਮੋਟਰਕਾਰਾਂ ਦੀ ਗਿਣਤੀ ਵਧਾ ਕੇ ਸੜਕਾਂ ਚੌੜੀਆਂ ਕਰਾਉਣ ਦਾ ਕਾਰਨ ਬਣ ਰਹੇ ਹਨ। ਸੜਕਾਂ ਚੌੜੀਆਂ ਹੋਣ ਨਾਲ ਅੰਨ-ਉਪਜਾਊ ਧਰਤੀ ਦਾ ਰਕਬਾ ਘਟ ਰਿਹਾ ਹੈ। ਲੋਕਾਂ ਦੇ ਮਕਾਨ ਢੱਠ ਰਹੇ ਹਨ, ਦੁਕਾਨਾਂ ਢੱਠ ਰਹੀਆਂ ਹਨ। ਸੜਕਾਂ ਦੇ ਕੰਢਿਆਂ ਦੇ ਨਾਲ ਲੱਗਦੇ ਪਿੱਪਲ, ਬੋਹੜ, ਨਿੰਮ ਜੈਸੇ ਰੁੱਖ ਵੱਢੇ ਜਾ ਰਹੇ ਹਨ। ਉਨ੍ਹਾਂ ਸੜਕਾਂ ਉੱਤੇ ਚਲਦੀਆਂ ਮੋਟਰਕਾਰਾਂ ਜਿਹੜੀਆਂ ਪੈਦਲ ਤੁਰਨ ਵਾਲੇ ਲੋਕਾਂ ਨੂੰ ਅਤੇ ਸਾਈਕਲ ਸਵਾਰਾਂ ਨੂੰ ਜਾਨੋਂ ਮਾਰ ਰਹੀਆਂ ਹਨ, ਜ਼ਹਿਰੀਲੀ ਗੈਸ ਖਿਲਾਰ ਰਹੀਆਂ ਹਨ, ਦੂਜੇ ਦੇਸ਼ਾਂ ਤੋਂ ਆਉਣ ਵਾਲੇ ਡੀਜ਼ਲ ਨੂੰ ਵਰਤ ਕੇ ਦੇਸ਼ ਉੱਤੇ ਪਹਾੜ ਜਿੱਡੇ ਚੜ੍ਹੇ ਹੋਏ ਬਦੇਸ਼ੀ

ਕਰਜ਼ੇ ਨੂੰ ਵਧਾ ਰਹੀਆਂ ਹਨ।

ਮੈਂ ਜਦ 19 ਸਾਲ ਦਾ ਸਾਂ ਤਾਂ ਦਿਨ ਦੇ ਬਾਰ੍ਹਾਂ ਵਜੇ ਨਾਭਾ ਸ਼ਹਿਰ ਤੋਂ ਆਪਣੇ ਪਿੰਡ ਰਾਜੇਵਾਲ ਨੂੰ ਤੁਰਿਆ ਸਾਂ। ਇਹ ਪਿੰਡ 19 ਕੋਹ ਦੱਸਿਆ ਜਾਂਦਾ ਹੈ। ਮੈਂ ਉਸ ਪੈਂਡੇ ਨੂੰ ਵੱਧ ਤਾਂ ਨਹੀਂ 35 ਕਿਲੋਮੀਟਰ ਮੰਨ ਲੈਂਦਾ ਹਾਂ । ਮੈਂ ਉਸ ਪੈਂਡੇ ਨੂੰ ਸ਼ਾਮ ਦੇ ਸਾਢੇ ਸੱਤ ਵਜੇ ਤਕ ਮੁਕਾ ਦਿੱਤਾ ਸੀ। ਬਰਸਾਤ ਦੇ ਦਿਨ ਸਨ, ਬੱਦਲ ਛਾਏ ਹੋਏ ਸਨ, ਮਾੜੀ ਮੋਟੀ ਕਿਣਮਿਣ ਹੋ ਰਹੀ ਸੀ। ਮੈਂ ਘੋੜੇ ਦੀ ਦੁੜਕੀ ਚਾਲ ਨਾਲ ਆਇਆ ਸਾਂ । ਉਹ ਪੈਂਡਾ ਕਰਨ ਨਾਲ ਮੇਰੇ ਸਰੀਰ ਨੂੰ ਕੋਈ ਤਕਲੀਫ਼ ਨਹੀਂ ਸੀ ਹੋਈ ਤੇ ਨਾ ਹੀ ਕੋਈ ਥਕਾਵਟ ਹੋਈ ਸੀ । ਇਸ ਤਰ੍ਹਾਂ ਮੈਂ ਆਪਣੇ ਪਿੰਡ ਤੋਂ ਨੈਣਾਂ ਦੇਵੀ ਦੇ ਦਰਸ਼ਨਾਂ ਨੂੰ ਨੈਣਾਂ ਦੇਵੀ ਗਿਆ ਸਾਂ। ਨੈਣਾਂ ਦੇਵੀ ਸਾਡੇ ਪਿੰਡ ਤੋਂ 80 ਕਿਲੋਮੀਟਰ ਹੋਵੇਗੀ। ਮੈਂ ਪੈਦਲ ਗਿਆ ਸਾਂ ਤੇ ਪੈਦਲ ਹੀ ਆਇਆ ਸਾਂ। ਅਨੰਦਪੁਰ ਸਾਹਿਬ ਤੋਂ ਨੈਣਾਂ ਦੇਵੀ ਦੀ ਚੜ੍ਹਾਈ 12 ਕਿਲੋਮੀਟਰ ਦੀ ਹੈ ਤੇ ਭੱਜੇ ਜਾਂਦੇ ਨੇ ਹੀ ਮੈਂ ਪਹਾੜ ਦੀ ਚੜ੍ਹਾਈ ਕੀਤੀ ਸੀ। ਮੈਂ ਆਪਣੇ ਸਾਥੀਆਂ ਨੂੰ ਆਪਣੇ ਬਾਲਪਨ ਦੀ ਲੀਲ੍ਹਾ ਦਿਖਾ ਕੇ ਮਸਤੀ ਮਾਣ ਰਿਹਾ ਸਾਂ। ਨੈਣਾਂ ਦੇਵੀ ਤੋਂ ਆਉਣ ਵਾਲੇ ਜਿਹੜੇ 70 ਬੰਦੇ ਬੱਸ ਹਾਦਸੇ ਰਾਹੀਂ ਸਰਹੰਦ ਵਾਲੀ ਨਹਿਰ ਦੇ ਪੁਲ ’ਤੇ ਕੁਝ ਸਾਲ ਪਹਿਲਾਂ ਮਰੇ ਸਨ, ਜੇਕਰ ਉਨ੍ਹਾਂ ਸਾਰਿਆਂ ਨੂੰ ਜਿਉਂਦੇ ਕਰ ਕੇ ਪੁੱਛਿਆ ਜਾਵੇ ਤਾਂ ਉਹ ਇਹੀ ਕਹਿਣਗੇ ਕਿ ਬੁਰਾ ਹੋਵੇ ਬੱਸਾਂ ਮੋਟਰਕਾਰਾਂ ਬਣਾਉਣ ਵਾਲਿਆਂ ਦਾ। ਉਨ੍ਹਾਂ ਦਿਨਾਂ ਵਿੱਚ ਮੇਰੇ ਕੋਲ ਪੈਸੇ ਨਹੀਂ ਸਨ ਹੁੰਦੇ। ਜੇਕਰ ਉਨ੍ਹਾਂ ਦਿਨਾਂ ਵਿੱਚ ਬੱਸਾਂ ਦਾ ਰਿਵਾਜ ਹੁੰਦਾ ਤੇ ਮੇਰੇ ਕੋਲ ਪੈਸੇ ਨਹੀਂ ਸਨ ਹੋਣੇ, ਤਾਂ ਮੈਂ ਹਉਕਾ ਲੈਂਦਾ ਤੇ ਪੈਦਲ ਤੁਰਨ ਵਾਲਿਆਂ ਨੂੰ ਬਿਪਤਾ ਸਮਝਦਾ ਤੇ ਆਪਣੇ ਆਪ ਨੂੰ ਮਾੜੇ ਭਾਗਾਂ ਵਾਲਾ ਸਮਝਦਾ। ਜੇ ਮੈਂ ਉਨ੍ਹਾਂ ਦਿਨਾਂ ਵਿੱਚ ਬੱਸ ਉੱਤੇ ਚੜ੍ਹ ਕੇ ਆਉਂਦਾ ਤੇ ਉਹ 35 ਕਿਲੋਮੀਟਰ ਤੁਰਨ ਵਾਲੀ ਵਡਿਆਈ ਕਿਸਨੂੰ ਮਿਲਦੀ ਤੇ ਜਿਹੜਾ ਅਦੁੱਤੀ ਜਵਾਨੀ ਵਾਲਾ ਹੋਣ ਵਾਲਾ ਮਾਣ ਮੈਨੂੰ ਅੱਜ ਮਿਲ ਰਿਹਾ ਹੈ ਉਹ ਕਿਸਨੂੰ ਮਿਲਦਾ। ਬੱਸਾਂ ਨੇ ਸੁਹਾਗਾ ਫੇਰ ਕੇ ਮਾੜੇ ਤਕੜੇ ਨੂੰ ਇਕੋ ਜਿਹਾ ਸਾਬਤ ਕਰ ਦਿੱਤਾ। ਜਦ ਮੈਂ 19 ਸਾਲ ਦੀ ਉਮਰ ਵਿੱਚ ਸੱਤ ਘੰਟਿਆਂ ਵਿੱਚ 35 ਕਿਲੋਮੀਟਰ ਪੈਦਲ ਭੱਜ ਕੇ ਪਹਾੜੀ ’ਤੇ ਚੜ੍ਹਨ ਨੂੰ ਯਾਦ ਕਰਦਾ ਹਾਂ ਤਾਂ ਮੈਂ ਆਪਣੇ-ਆਪ ’ਤੇ ਮਾਣ ਕਰਦਾ ਹਾਂ ਕਿ ਮੈਂ ਕੈਸੇ ਮਾਂ-ਬਾਪ ਤੋਂ ਜਨਮ ਲਿਆ,



ਵਧੀਆ ਦੁੱਧ ਘਿਉ ਖਾ ਕੇ ਪਲਿਆ ਤੇ ਪੰਜਾਬ ਦਾ ਅਦੁੱਤੀ ਸਰੀਰ ਵਾਲਾ ਮੁੰਡਾ ਬਣਿਆ। ਇਸ ਤੋਂ ਮੇਰੇ ਘਰ ਦੀ ਵਡਿਆਈ ਪ੍ਰਗਟ ਹੋ ਰਹੀ ਹੈ। ਰਸਕਿਨ ਫ਼ਿਲਾਸਫ਼ਰ ਨੇ ਲਿਖਿਆ ਹੈ ਕਿ **‘ਜਿਹੜਾ ਬੰਦਾ ਰੇਲਗੱਡੀ ਵਿੱਚ ਸਫ਼ਰ ਕਰਦਾ ਹੈ ਉਹ ਬੰਦਾ ਬੰਦਾ ਨਹੀਂ ਰਹਿੰਦਾ ਤੇ ਪਾਰਸਲ ਬਣ ਕੇ ਰਹਿ ਜਾਂਦਾ ਹੈ ।’** ਮੇਰਾ ਤੁਰਨਾ ਮੇਰੀ ਤਪੱਸਿਆ ਹੈ ਅਤੇ ਬੜਾ ਭਾਰੀ ਪੁੰਨ ਹੈ, ਕਿਉਂਕਿ ਮੈਂ ਸੜਕਾਂ ’ਤੇ ਤੁਰਿਆ ਜਾਂਦਾ ਖੁਰੀਆਂ, ਮੇਖਾਂ, ਰੋੜਾ, ਸ਼ੀਸ਼ਾ, ਕੇਲੇ ਦਾ ਛਿਲਕਾ, ਪੱਠੇ, ਲੱਕੜ, ਗੋਬਰ ਆਦਿ ਸਭ ਵਸਤਾਂ ਚੁੱਕਦਾ ਜਾਂਦਾ ਹਾਂ । ਸੜਕ ’ਤੇ ਤੁਰਿਆ ਜਾਂਦਾ ਮੈਂ ਸਿਆਲ ਦੇ ਦਿਨਾਂ ਵਿੱਚ ਕਿਸੇ ਗ਼ਰੀਬ ਨੂੰ ਨੰਗਾ ਦੇਖਾਂ ਤਾਂ ਉਸਨੂੰ ਕੰਬਲ ਦੇ ਦੇਂਦਾ ਹਾਂ। ਜੇ ਮੈਂ ਸੜਕ ’ਤੇ ਕੋਈ ਟੋਇਆ ਦੇਖਾਂ ਤਾਂ ਉਸ ਟੋਏ ਵਿੱਚ ਮਿੱਟੀ ਪਾ ਕੇ ਉਸਨੂੰ ਪੂਰ ਦਿੰਦਾ ਹਾਂ। ਜੇ ਬੇਆਸਰਾ ਰੋਗੀ ਮਿਲੇ ਤਾਂ ਉਸਨੂੰ ਪਿੰਗਲਵਾੜੇ ਪਹੁੰਚਾਂਦਾ ਹਾਂ। ਮੋਟਰਕਾਰਾਂ ਤੇ ਸਕੂਟਰਾਂ ਦਾ ਪ੍ਰਚਾਰ ਕਰਕੇ ਟੈਲੀਵਿਯਨ ਦੇਸ਼ ਨੂੰ ਪੁੱਠੇ ਪਾਸੇ ਤੋਰ ਰਿਹਾ ਹੈ ਤੇ ਦੇਸ਼ ਨਾਲ ਜ਼ੁਲਮ ਕਮਾ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੈਦਲ ਤੁਰ ਕੇ ਹੀ ਦੇਸ਼ ਵਾਸੀਆਂ ਨੂੰ ਜਗਾਇਆ ਸੀ। ਇਹੀ ਕੰਮ ਵਿਨੋਬਾ ਭਾਵੇ ਨੇ ਕੀਤਾ ਸੀ। ਸ਼ਹਿਨਸ਼ਾਹ ਅਸ਼ੋਕ ਨੇ ਸੜਕਾਂ ’ਤੇ ਕੁਥਵੇ ਲਿਖਵਾ ਦਿੱਤੇ ਸਨ ਕਿ ਰੁੱਖ ਲਾਉਣੇ ਚਾਹੀਦੇ ਹਨ।

-ਭਗਤ ਪੂਰਨ ਸਿੰਘ

-o-

ਮਿਠਿਆਈ ਦੇ ਡੱਬਿਆਂ, ਲਿਫ਼ਾਫ਼ਿਆਂ ਤੇ ਸ਼ਾਦੀ ਕਾਰਡ ਦੇ ਰੂਪ ਵਿੱਚ

# ਰੁੱਖਾਂ ਤੋਂ ਬਣਨ ਵਾਲੇ ਕਾਗ਼ਜ਼ ਦਾ ਉਜਾੜਾ

–ਭਗਤ ਪੂਰਨ ਸਿੰਘ

ਕਾਗ਼ਜ਼ ਬਹੁਤ ਮਹਿੰਗਾ ਹੋ ਚੁੱਕਿਆ ਹੈ। ਦੂਜੇ ਦੇਸ਼ਾਂ ਤੋਂ ਵੀ ਸਾਡੇ ਦੇਸ਼ ਨੂੰ ਭਾਰੇ ਮੁੱਲ ’ਤੇ ਕਾਗ਼ਜ਼ ਆ ਰਿਹਾ ਹੈ। ਗ਼ਰੀਬ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਕਾਪੀਆਂ ਦਾ ਖ਼ਰਚ ਦੇਣਾ ਅਸੰਭਵ ਹੋ ਰਿਹਾ ਹੈ। ਕਾਗ਼ਜ਼ ਰੁੱਖਾਂ ਤੋਂ ਬਣਦਾ ਹੈ। ਦੇਸ਼ ਵਿੱਚ ਰੁੱਖਾਂ ਦੀ ਚਿੰਤਾਜਨਕ ਹੱਦ ਤਕ ਘਾਟ ਪੈਦਾ ਹੋ ਚੁੱਕੀ ਹੈ, ਜਿਸ ਦੇ ਕਾਰਨ ਦੇਸ਼ ਦੀ ਧਰਤੀ ਰੇਤਾ ਬਣਦੀ ਜਾ ਰਹੀ ਹੈ। ਰੁੱਖਾਂ ਦੀ ਘਾਟ ਦੇ ਕਾਰਨ ਭਾਖੜਾ ਡੈਮ ਜੈਸੀਆਂ ਪਾਣੀ ਦੀਆਂ ਡੈਮਾਂ ਪਹਾੜਾਂ ਤੋਂ ਖੁਰ-ਖੁਰ ਕੇ ਆਉਣ ਵਾਲੀ ਮਿੱਟੀ ਨਾਲ ਬੜੀ ਤੇਜ਼ੀ ਨਾਲ ਭਰ ਰਹੀਆਂ ਹਨ। ਭਾਖੜਾ ਡੈਮ ਨੂੰ ਬਣਾਉਣ ਲਈ ਬਹੁਤ ਸਾਰੇ ਪਿੰਡ ਉਜਾੜੇ ਗਏ ਸਨ। ਸਾਰਾ ਰਕਬਾ ਜੰਗਲਾਂ ਦਾ ਰਕਬਾ ਸੀ, ਜਿਸ ਦੀ ਕਟਾਈ ਕਰਕੇ ਡੈਮ ਬਣਾਈ ਗਈ। ਇਸ ਨੂੰ ਬਣਾਉਣ ਲਈ ਰਕਮ ਵੀ ਪਹਾੜ ਜਿੱਡੀ ਖ਼ਰਚ ਹੋਈ। ਅਜਿਹੇ ਖ਼ਰਚਾਂ ਲਈ ਦੇਸ਼ ਦੇ ਸਿਰ ’ਤੇ ਦੂਜੇ ਦੇਸ਼ਾਂ ਦਾ ਪਹਾੜ ਜਿੱਡਾ ਕਰਜ਼ਾ ਚੜ੍ਹ ਚੁੱਕਿਆ ਹੈ। ਮਨੋਰਥ ਖੇਤੀ ਲਈ ਨਹਿਰਾਂ ਕੱਢਣਾ ਅਤੇ ਬਿਜਲੀ ਪੈਦਾ ਕਰਨਾ ਸੀ; ਪਰ ਜਿਸ ਵੇਲੇ ਉੱਪਰ ਲਿਖੇ ਖ਼ਰਚਾਂ ਨਾਲ ਡੈਮ ਬਣੀ ਤਾਂ ਆਸ ਕੀਤੀ ਗਈ ਸੀ ਕਿ ਡੈਮ ਪੰਜ ਸੌ ਸਾਲ ਤਕ ਪਾਣੀ ਨਾਲ ਭਰੀ ਰਹੇਗੀ। ਪਰ ਦੇਸ਼ ਵਾਸੀਆਂ ਦੀਆਂ ਮੇਜ਼ਾਂ ਕੁਰਸੀਆਂ ’ਤੇ ਰੋਟੀ ਖਾਣ ਜੈਸੀਆਂ ਫ਼ਜ਼ੂਲ ਖ਼ਰਚੀਆਂ ਨੇ ਇਤਨੇ ਰੁੱਖ ਪਹਾੜਾਂ ਤੋਂ ਕਟਾ ਦਿੱਤੇ ਹਨ ਕਿ ਇਹ ਡੈਮ ਅੱਧੀ ਉਮਰ ਤੋਂ ਪਹਿਲਾਂ ਹੀ ਗਾਰ ਨਾਲ ਭਰ ਜਾਵੇਗੀ ਜਿਸ ਦੇ ਕਾਰਨ ਨਹਿਰਾਂ ਬੰਦ ਹੋ ਜਾਣਗੀਆਂ ਤੇ ਬਿਜਲੀ ਦੀ ਪੈਦਾਵਾਰ ਵੀ ਬੰਦ ਹੋ ਜਾਵੇਗੀ। ਪਹਾੜਾਂ ਵਿੱਚ ਜਿਹੜੀ ਮਿੱਟੀ ਪਾਣੀ ਨਾਲ ਖੁਰਦੀ ਹੈ ਤੇ ਮੈਦਾਨਾਂ ਵਿੱਚ ਹਵਾ ਨਾਲ ਖੁਰਦੀ ਹੈ ਉਸ ਵਿੱਚੋਂ ਧਰਤੀ ਦਾ ਜਿਹੜਾ ਅੱਠ ਇੰਚ ਉਤਲਾ ਹਿੱਸਾ ਹੁੰਦਾ ਹੈ ਉਹ ਬਹੁਤ ਕੀਮਤੀ ਹੁੰਦਾ ਹੈ । ਉਸ ਵਿੱਚ ਜਿਣਸਾਂ ਨੂੰ ਪੈਦਾ ਕਰਨ ਵਾਲੇ ਸਾਰੇ ਤੱਤ ਹੁੰਦੇ ਹਨ। ਉਹ ਮਿੱਟੀ ਭਾਰਤ ਵਿੱਚ ਹਰ ਸਾਲ ਛੇ ਹਜ਼ਾਰ ਟਨ ਸਾਲਾਨਾ ਦੇ ਹਿਸਾਬ ਨਾਲ ਪਾਣੀ ਤੇ ਹਵਾ ਨਾਲ ਖੁਰ



ਰਹੀ ਹੈ ਤੇ ਖੁਰ-ਖੁਰ ਕੇ ਡੈਮਾਂ ਨੂੰ ਵੀ ਭਰ ਰਹੀ ਹੈ ਤੇ ਸਮੁੰਦਰ ਨੂੰ ਵੀ ਜਾ ਰਹੀ ਹੈ। ਉਹ ਪਰਤ ਕੇ ਆਪਣੀ ਥਾਂ ’ਤੇ ਨਹੀਂ ਆਵੇਗੀ। ਉਸ ਦੇ ਖੁਰ ਜਾਣ ਨਾਲ ਧਰਤੀ ਦੀ ਉਪਜਾਊ-ਸ਼ਕਤੀ ਪੂਰਨ ਤੌਰ ’ਤੇ ਸਮਾਪਤ ਹੋ ਸਕਦੀ ਹੈ। ਰੁੱਖਾਂ ਦੀ ਘਾਟ ਦੇ ਕਾਰਨ ਇਹ ਕਹਿਰ ਭਾਰਤ ਨਾਲ ਲਗਾਤਾਰ ਵਰਤ ਰਿਹਾ ਹੈ। ਮਿੱਟੀ ਖੁਰਨ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਧਰਤੀ ਉੱਤੇ ਰੁੱਖਾਂ ਦਾ ਸਮੁੱਚੇ ਤੌਰ ’ਤੇ ਰਕਬਾ 33 ਪ੍ਰਤੀਸ਼ਤ ਹੋਵੇ, ਪਹਾੜਾਂ ਵਿੱਚ 60 ਪ੍ਰਤੀਸ਼ਤ ਤੇ ਮੈਦਾਨਾਂ ਵਿੱਚ 21 ਪ੍ਰਤੀਸ਼ਤ ; ਪਰ ਭਾਰਤ ਵਿੱਚ ਇਹ ਰਕਬਾ ਘਟ ਕੇ 33 ਪ੍ਰਤੀਸ਼ਤ ਦੀ ਥਾਂ 10 ਪ੍ਰਤੀਸ਼ਤ ਰਹਿ ਗਿਆ ਹੈ। ਜੇਕਰ ਦੇਸ਼-ਵਾਸੀ ਪਹਿਲਾਂ ਵਾਂਙ ਹੀ ਮੇਜ਼ ਕੁਰਸੀਆਂ ਤੇ ਡਬਲ-ਬੈੱਡ ਮੰਜਿਆਂ ਜੈਸੀਆਂ ਹੰਕਾਰ ਦਾ ਪ੍ਰਗਟਾਵਾ ਕਰਨ ਵਾਲੀਆਂ ਵਸਤਾਂ ਲਈ ਰੁੱਖਾਂ ਦੀ ਕਟਾਈ ਅੰਨ੍ਹੇਵਾਹ ਕਰਦੇ ਰਹੇ ਤੇ ਜੰਗਲਾਂ ਦਾ ਬਾਕੀ ਬਚਿਆ ਦਸ ਪ੍ਰਤੀਸ਼ਤ ਰਕਬਾ ਵੀ ਘਟਾ ਬੈਠੇ ਤਾਂ ਪੰਦਰਾਂ ਸਾਲਾਂ ਤਕ ਸੋਕਿਆਂ ਦੇ ਕਾਰਨ ਭਾਰਤ ਵਿੱਚ ਭਿਆਨਕ ਕਾਲ ਪੈਦਾ ਹੋ ਕੇ ਦੇਸ਼ ਦੀ ਅਬਾਦੀ ਨੂੰ ਹੂੰਝਾ ਫੇਰ ਦੇਵੇਗਾ, ਫੇਰ ਲੋਕਾਂ ਨੂੰ ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਭਿਆਨਕ ਸਿੱਟਿਆਂ ਦਾ ਪਤਾ ਲੱਗੇਗਾ। ਜੇ ਪਹਾੜਾਂ ਵਿੱਚ 60 ਪ੍ਰਤੀਸ਼ਤ ਰੁੱਖ ਹੋਣ ਤਾਂ ਵਰਖਾ ਦੀ ਕਣੀ ਰੁੱਖਾਂ ਦੇ ਪੱਤਿਆਂ ’ਤੇ ਡਿੱਗਦੀ ਹੈ ਧਰਤੀ ’ਤੇ ਨਹੀਂ ਡਿੱਗਦੀ। ਇਸ ਲਈ, ਧਰਤੀ ਉਸ ਕਣੀ ਨਾਲ ਖੁਰਨ ਤੋਂ ਬਚ ਜਾਂਦੀ ਹੈ। ਪਹਾੜਾਂ ਵਿੱਚੋਂ ਰੁੱਖਾਂ ਦੀ ਘਾਟ ਸੌ ਵਿੱਚੋਂ ਚਾਲੀ ਹਿੱਸੇ ਤੋਂ ਜ਼ਿਆਦਾ ਹੋ ਜਾਵੇ ਤਾਂ ਕਣੀ ਸਿੱਧੀ ਧਰਤੀ ਉੱਤੇ ਡਿਗਦੀ ਹੈ। ਪਹਾੜਾਂ ਵਿੱਚ ਤਾਂ ਰੁੱਖ ਏਨੇ ਵੱਢੇ ਜਾ ਚੁੱਕੇ ਹਨ ਕਿ ਕਿਸੇ ਥਾਂ ਉੱਤੇ 60 ਪ੍ਰਤੀਸ਼ਤ ਦੀ ਥਾਂ 15 ਪ੍ਰਤੀਸ਼ਤ ਹੀ ਰਹਿ ਗਏ ਹਨ। ਜੇ ਮੈਦਾਨਾਂ ਵਿੱਚ ਰੁੱਖ 21 ਪ੍ਰਤੀਸ਼ਤ ਨਾ ਰਹਿਣ ਜਿਵੇਂ ਪੰਜਾਬ ਵਿੱਚ 5 ਪ੍ਰਤੀਸ਼ਤ, ਬਠਿੰਡੇ ਜ਼ਿਲ੍ਹੇ ਵਿੱਚ ਇਕ ਪ੍ਰਤੀਸ਼ਤ ਰਹਿ ਗਏ ਹਨ ਤਾਂ ਹਨੇਰੀਆਂ ਅੱਠ ਇੰਚ ਮਿੱਟੀ ਨੂੰ ਉਡਾ ਕੇ ਹਜ਼ਾਰਾਂ ਮੀਲਾਂ ਦੀ ਦੂਰੀ ’ਤੇ ਲੈ ਜਾਂਦੀਆਂ ਹਨ। ਰਾਜਸਥਾਨ ਦਾ ਮਾਰੂਥਲ ਰੁੱਖਾਂ ਦੀ ਘਾਟ ਦੇ ਕਾਰਨ ਅੱਠ ਕਿਲੋਮੀਟਰ ਦੇ ਹਿਸਾਬ ਨਾਲ ਹਰਿਆਣੇ ਵੱਲ ਨੂੰ ਆ ਰਿਹਾ ਹੈ, ਇਸ ਨੇ ਬਠਿੰਡੇ ਨੂੰ ਵੀ ਘੇਰਨਾ ਹੈ। ਰੁੱਖਾਂ ਦੀ ਘਾਟ ਦੇ ਕਾਰਨ ਦੋ ਹਨ—ਇਕ ਅਬਾਦੀ ਦਾ ਵਾਧਾ, ਦੂਸਰਾ ਘਰਾਂ ਵਿੱਚ ਮੇਜ਼ ਕੁਰਸੀਆਂ ਉੱਤੇ ਬੈਠ ਕੇ ਰੋਟੀ ਖਾਣਾ,

ਕੰਧਾਂ ਦੀ ਸਜਾਵਟ ਕਰਨਾ, ਡਬਲ-ਬੈੱਡ ਪਲੰਘਾਂ ’ਤੇ ਸੌਣਾ, ਕਈ-ਕਈ ਕਮਰਿਆਂ ਵਾਲੀਆਂ ਕੋਠੀਆਂ ਵਿੱਚ ਰਹਿਣਾ, ਹਰ ਕਮਰੇ ਵਿੱਚ ਕਾਗ਼ਜ਼ ਦੀ ਵਰਤੋਂ ਕਰਨਾ; ਜਿਵੇਂ ਲਿਫ਼ਾਫ਼ਿਆਂ ਵਿੱਚ ਵਸਤਾਂ ਘਰਾਂ ਨੂੰ ਲਿਆਉਣਾ, ਵੇਲ ਬੂਟਿਆਂ ਵਾਲੇ ਮਹਿੰਗੇ ਕਾਗ਼ਜ਼ ਵਾਲੇ ਡੱਬਿਆਂ ਵਿੱਚ ਮਿਠਿਆਈ ਘਰ ਨੂੰ ਲਿਆਉਣਾ, ਕੋਠੀਆਂ ਦੀਆਂ ਕੰਧਾਂ ਨੂੰ ਫੁੱਲਦਾਰ ਮੋਟੇ ਕਾਗ਼ਜ਼ ਨਾਲ ਸਜਾਉਣਾ; ਕੰਧਾਂ ’ਤੇ ਲੱਗਣ ਵਾਲੇ ਸਿਨੇਮਿਆਂ ਦੇ ਇਸ਼ਤਿਹਾਰ ਤੇ ਮੋਮੀ ਕਾਗ਼ਜ਼ ਵਾਲੇ ਮਾਸਿਕ-ਪੱਤਰਾਂ ’ਤੇ ਛਪਣ ਵਾਲੇ ਸਕੂਟਰਾਂ, ਸਿਗਰਟਾਂ ਤੇ ਵਧੀਆ ਕੱਪੜਿਆਂ ਤੇ ਹਵਾਈ ਜਹਾਜ਼ਾਂ ਦੇ ਇਸ਼ਤਿਹਾਰਾਂ ਤੇ ਗੰਦੀਆਂ ਤਸਵੀਰਾਂ ਉੱਤੇ ਕਾਗ਼ਜ਼ ਨੂੰ ਉਜਾੜਨਾ ਆਦਿ। ਇਹ ਸਭ ਖ਼ਰਚ ਉਜਾੜਦੇ ਹਨ । ਹੁਣ ਤਾਂ ਇਕ ਹੋਰ ਕਹਿਰ ਵਰਤਣ ਲੱਗ ਪਿਆ ਹੈ- ਕੋਲਿਆਂ ਦੀ ਥੁੜ ਕਾਰਨ ਇੱਟਾਂ ਦੇ ਭੱਠੇ ਲੱਕੜ ਨਾਲ ਪਕਾਏ ਜਾਣ ਲੱਗੇ ਹਨ। ਸੜਕਾਂ ’ਤੇ ਪੈਣ ਵਾਲੀ ਲੁੱਕ ਦੇ ਡਰੰਮ ਲੱਕੜ ਨਾਲ ਪਿਘਲਾਏ ਜਾ ਰਹੇ ਹਨ। ਇਹ ਸਾਰੇ ਗ਼ਲਤ ਰਿਵਾਜ ਧਰਤੀ ਨੂੰ ਕਮਜ਼ੋਰ ਤੇ ਨਕਾਰਾ ਬਣਾ ਰਹੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵੰਡੇ ਜਾਣ ਵਾਲੇ ਇਸ ਇਸ਼ਤਿਹਾਰ ਦਾ ਖੋਜ ਭਰਪੂਰ ਲੇਖ ਟੈਲੀਵਿਜ਼ਨ ਦੇ ਇਸ ਦਾਅਵੇ ਨੂੰ ਝੂਠਿਆਂ ਕਰ ਰਿਹਾ ਹੈ ਕਿ ਉਹ ਲੋਕਾਂ ਨੂੰ ਸਮੇਂ ਦਾ ਲੋੜੀਂਦਾ ਗਿਆਨ ਦੇ ਸਕਦਾ ਹੈ। ਇਹ ਗਿਆਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰੱਬ ਦੇ ਘਰ ਸੱਚਖੰਡ ਤੋਂ ਹੀ ਮਿਲ ਸਕਦਾ ਹੈ, ਜਿਸ ਦੀ ਛਤਰ-ਛਾਇਆ ਹੇਠ ਖੋਜੀ ਬੰਦੇ ਪੈਦਾ ਹੁੰਦੇ ਹਨ ਤੇ ਜੁੱਗੋ ਜੁੱਗ ਪੈਦਾ ਹੁੰਦੇ ਰਹਿਣਗੇ। ਟੈਲੀਵਿਜ਼ਨ ਇਸ਼ਨਾਨ ਕਰਨ ਵਾਲੇ ਸਾਬਣ ਅਤੇ ਕੇਸ ਧੋਣ ਵਾਲੀਆਂ ਟਿੱਕੀਆਂ ਦਾ ਪ੍ਰਚਾਰ ਕਰ ਰਿਹਾ ਹੈ। ਰਾਜਰਿਸ਼ੀ ਬਾਬੂ ਪਰਸ਼ੋਤਮ ਦਾਸ ਟੰਡਨ ਵਕਾਲਤ ਪਾਸ ਸਨ। ਉਹ ਪੰਡਿਤ ਜਵਾਹਰ ਲਾਲ ਨਹਿਰੂ ਦੇ ਮੁਕਾਬਲੇ ਦੇ ਕਾਂਗਰਸ ਦੇ ਲੀਡਰ ਸਨ। ਉਹ ਹੱਥ ਨਾਲ ਕੱਤਿਆ ਖੱਦਰ ਪਹਿਨਦੇ ਤੇ ਰੀਠਿਆਂ ਨਾਲ ਪਿੰਡੇ ਨਹਾਉਂਦੇ ਸਨ, ਸਾਬਣ ਨਹੀਂ ਵਰਤਦੇ ਸਨ । ਉਹ ਖੰਡ ਨਹੀਂ ਖਾਂਦੇ ਸਨ, ਗੁੜ ਖਾਂਦੇ ਸਨ।ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਸਾਬਣ ਪਿੰਡੇ ਦੀ ਚਮੜੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਕਿਉਂਕਿ ਸਾਬਣ ਵਿੱਚ ਸੋਡਾ ਹੈ। ਰੀਠੇ ਚਮੜੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ । ਇਸ ਲਈ ਮੈਂ ਰੀਠਿਆਂ ਨਾਲ ਇਸ਼ਨਾਨ ਕਰਦਾ ਹਾਂ। ਗੁੜ ਵਿੱਚ ਸਰੀਰ ਨੂੰ ਪਾਲਣ



ਵਾਲੇ ਬਹੁਤ ਪਦਾਰਥ ਹੁੰਦੇ ਹਨ ਜਿਹੜੇ ਗੁੜ ਤੋਂ ਖੰਡ ਬਣਨ ਦੀ ਕਿਰਿਆ ਵਿੱਚ ਸਾਰੇ ਬਾਹਰ ਨਿਕਲ ਜਾਂਦੇ ਹਨ। ਦਾਣੇਦਾਰ ਖੰਡ ਵਿੱਚ ਸਰੀਰ ਨੂੰ ਪਾਲਣ ਵਾਲਾ ਕੋਈ ਕੰਮ ਨਹੀਂ ਹੁੰਦਾ। ਦਾਣੇਦਾਰ ਖੰਡ ਨੂੰ ਜ਼ਹਿਰ ਮੰਨਿਆ ਜਾਂਦਾ ਹੈ। ਮੈਂ ਇਕ ਪਿੰਡ ਵਿੱਚ ਜੰਮਿਆ ਪਲਿਆ ਹਾਂ । ਦੀਵਾਲੀ ਦੇ ਦਿਨ ਹਰ ਘਰ ਵਿੱਚ ਗੁੜ ਦੇ ਗੁਲਗੁਲਿਆਂ, ਗੁੜ ਦੀਆਂ ਮੱਠੀਆਂ ਤੇ ਪਿੰਨੀਆਂ ਦਾ ਪਕਵਾਨ ਪੱਕਦਾ ਸੀ ਤੇ ਹਰ ਕੋਈ ਇਸ ਪਕਵਾਨ ਨੂੰ ਇਕ ਭਾਰੀ ਸੁਗਾਤ ਦੀ ਵਸਤ ਸਮਝ ਕੇ ਛਕਦਾ ਸੀ। ਉਹ ਪਕਵਾਨ ਵੱਧ ਤੋਂ ਵੱਧ ਸੁਆਦ ਵਾਲਾ ਪਕਵਾਨ ਸਮਝਿਆ ਜਾਂਦਾ ਸੀ। ਉਸ ਪਕਵਾਨ ਨੂੰ ਕੋਈ ਵੀ ਲੱਡੂ ਜਲੇਬੀਆਂ ਦੇ ਮੁਕਾਬਲੇ ਵਿੱਚ ਘਟੀਆ ਪਕਵਾਨ ਨਹੀਂ ਸਮਝਦਾ ਸੀ । ਮੈਂ ਚਾਰ ਕੁ ਸਾਲ ਹੋਏ ਇਤਨਾ ਬਿਮਾਰ ਹੋਇਆ ਕਿ ਬਚਣ ਦੀ ਆਸ ਨਾ ਰਹੀ ਤੇ ਬੋਲਣਾ ਵੀ ਬੰਦ ਹੋ ਗਿਆ। ਮੈਨੂੰ ਉਸ ਹਾਲਤ ਵਿੱਚ ਖੰਡ ਦੀਆਂ ਜਲੇਬੀਆਂ ਯਾਦ ਨਾ ਆਈਆਂ ਬਲਕਿ ਗੁੜ ਯਾਦ ਆਇਆ ਜਿਸ ਨੂੰ ਖਾਣ ਲਈ ਮੈਂ ਤਰਸਦਾ ਰਿਹਾ। ਇਹ ਮੇਰੇ ਅੰਤਿਮ ਵੇਲੇ ਦੀ ਇੱਛਿਆ ਸੀ। ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਆਏ ਅਮੀਰ ਬੰਦੇ ਤੇ ਅਫ਼ਸਰ ਗੁੜ ਦੇ ਬਣੇ ਹੋਏ ਪਕਵਾਨ ਨੂੰ ਘਟੀਆ ਦਰਜੇ ਦਾ ਪਕਵਾਨ ਸਮਝਦੇ ਹਨ। ਉਹ ਵੇਲ ਬੂਟਿਆਂ ਵਾਲੇ ਮਹਿੰਗੇ ਮੋਮੀ ਕਾਗ਼ਜ਼ ਨਾਲ ਸਜਾਏ ਗਏ ਤਿੰਨ ਰੁਪਏ ਵਾਲੇ ਗੱਤੇ ਦੇ ਡੱਬੇ ਵਿੱਚ ਪੈਂਤੀ ਰੁਪਏ ਕਿੱਲੋ ਦੀ ਮਿਠਿਆਈ ਨੂੰ ਮੁੱਲ ਲੈਣਾ ਆਪਣੀ ਸ਼ਾਨ ਸਮਝਦੇ ਹਨ। ਚਾਕੂ ਤਕ ਹਰ ਵਸਤੂ ਨੂੰ ਕਾਗ਼ਜ਼ ਦੇ ਲਿਫ਼ਾਫ਼ਿਆਂ ਵਿੱਚ ਮੁੱਲ ਲੈਣਾ ਰੁੱਖਾਂ ਤੋਂ ਬਣਨ ਵਾਲੇ ਕਾਗ਼ਜ਼ ਦੀ ਖ਼ੱਪਤ ਦਾ ਅੰਨ-ਸੰਕਟ ਪੈਦਾ ਕਰਨ ਵਾਲਾ ਇਕ ਹੂੰਝਾ ਫੇਰ ਨਵਾਂ ਕਾਰਨ ਪੈਦਾ ਕਰਨਾ ਹੈ। ਗੱਤੇ ਦੇ ਡੱਬਿਆਂ ਵਿੱਚ ਮਿਠਿਆਈ ਤੇ ਕਾਗ਼ਜ਼ ਦੇ ਲਿਫ਼ਾਫ਼ਿਆਂ ਵਿੱਚ ਹਰ ਚੀਜ਼ ਨੂੰ ਦੁਕਾਨਦਾਰ ਤੋਂ ਲੈਣਾ ਰੁੱਖਾਂ ਨੂੰ ਕਟਾਉਣ ਦਾ ਕਾਰਨ ਬਣਦੀ ਹੈ।

-o-

# ਇਕੱਲਾ ਮਨੁੱਖ ਵੀ ਕਰਾਮਾਤ ਕਰ ਸਕਦੈ

## ਜਿਆਂ ਜਿਓਨੋ ਦੀ ਮੂਲ ਫ਼ਰਾਂਸੀਸੀ ਰਚਨਾ

ਕਿਸੇ ਇਨਸਾਨ ਦੀ ਇਨਸਾਨੀਅਤ ਦਾ ਸਹੀ ਅੰਦਾਜ਼ਾ ਲਾਉਣ ਲਈ ਉਸ ਨੂੰ ਕਾਫ਼ੀ ਸਮੇਂ ਤੀਕਰ ਘੋਖਣ-ਪੜਤਾਲਣ ਦੀ ਲੋੜ ਹੁੰਦੀ ਹੈ। ਉਸ ਨੂੰ ਲੰਬੇ ਸਮੇਂ ਤੀਕਰ ਜਾਂਚਣਾ- ਪਰਖਣਾ ਜ਼ਰੂਰੀ ਹੁੰਦਾ ਹੈ। ਜੇਕਰ ਕੋਈ ਜਣਾ ਫਲ ਦੀ ਇੱਛਾ ਰੱਖੇ ਬਗੈਰ ਦੂਜਿਆਂ ਦੀ ਭਲਾਈ ਵਿੱਚ ਲੱਗਾ ਹੋਵੇ ਤਾਂ ਇਸ ਤੋਂ ਚੰਗੀ ਤੇ ਵਧੀਆ ਗੱਲ ਹੋਰ ਕੀ ਹੋ ਸਕਦੀ ਹੈ। ਜਿਸ ਬੰਦੇ ਦੀ ਕਹਾਣੀ ਮੈਂ ਤੁਹਾਨੂੰ ਸੁਣਾਉਣ ਵਾਲਾ ਹਾਂ ਉਸ ਨੇ ਤਾਂ ਆਪਣੀ ਮਿਹਨਤ ਅਤੇ ਲਗਨ ਨਾਲ ਇਸ ਧਰਤੀ ਦੀ ਤਸਵੀਰ ਹੀ ਬਦਲ ਦਿੱਤੀ।

ਗੱਲ ਅਸਲ ਵਿੱਚ ਕਾਫ਼ੀ ਪੁਰਾਣੀ ਹੈ। ਅੱਜ ਤੋਂ ਲੱਗਭੱਗ ਚਾਲੀ ਸਾਲ ਪਹਿਲਾਂ ਮੈਂ ਫ਼ੌਜ ਵਿੱਚ ਭਰਤੀ ਹੋਇਆ ਸਾਂ। ਸਾਲ ਭਰ ਦੀ ਟਰੇਨਿੰਗ ਮਗਰੋਂ ਮੈਨੂੰ ਪੰਦਰਾਂ ਦਿਨ ਦੀ ਛੁੱਟੀ ਮਿਲੀ ਸੀ। ਛੁੱਟੀ ਸਮੇਂ ਘਰ ਜਾਣ ਦੀ ਥਾਂ ਮੈਂ ਘੁੰਮਣ ਫਿਰਨ (ਘੁਮੱਕੜੀ) ਦੀ ਗੱਲ ਸੋਚੀ; ਆਪਣੇ ਫ਼ੌਜੀ ਥੈਲੇ ਵਿੱਚ ਕੁਝ ਖਾਣ-ਪੀਣ ਦਾ ਸਾਮਾਨ ਰੱਖ ਕੇ ਅਤੇ ਪਾਣੀ ਦੀ ਛਾਗਲ ਲੈ ਕੇ ਮੈਂ ਸੈਰ ਲਈ ਨਿਕਲ ਪਿਆ। ਜਿਸ ਇਲਾਕੇ ਵਿੱਚੋਂ ਮੈਂ ਲੰਘ ਰਿਹਾ ਸਾਂ, ਉਸ ਤੋਂ ਮੈਂ ਪਹਿਲਾਂ ਤੋਂ ਵਾਕਫ਼ ਨਹੀਂ ਸੀ। ਜ਼ਮੀਨ ਉੱਕੀ ਬੰਜਰ ਸੀ। ਕਿਤੇ-ਕਿਤੇ ਪੀਲੇ ਧਤੂਰੇ ਦੀਆਂ ਕੰਡਿਆਲੀਆਂ ਝਾੜੀਆਂ ਦਿੱਸਦੀਆਂ ਸਨ । ਬਾਕੀ ਤਾਂ ਸੁੱਕੀ ਘਾਹ ਤੋਂ ਬਿਨਾਂ ਕੁਝ ਵੀ ਉੱਗਿਆ ਹੋਇਆ ਨਹੀਂ ਸੀ।

ਮੈਨੂੰ ਇਸ ਇਲਾਕੇ ਵਿੱਚ ਘੁੰਮਦਿਆਂ ਦੋ ਦਿਨ ਹੋ ਗਏ ਸਨ। ਇਹ ਇਲਾਕਾ ਕਾਫ਼ੀ ਵੀਰਾਨ ਸੀ ਅਤੇ ਆਲੇ ਦੁਆਲੇ ਸੰਨਾਟਾ ਛਾਇਆ ਹੋਇਆ ਸੀ। ਜਿੱਥੇ ਮੈਂ ਹੁਣ ਖਲੋਤਾ ਸਾਂ, ਇੱਥੇ ਸ਼ਾਇਦ ਕੋਈ ਪਿੰਡ ਹੁੰਦਾ ਹੋਵੇਗਾ, ਇਕ ਥਾਂ ’ਤੇ ਛੇ-ਸੱਤ ਮਕਾਨ ਸਨ, ਜੋ ਹੁਣ ਖੰਡਰ ਹੋ ਚੁੱਕੇ ਸਨ। ਉਨ੍ਹਾਂ ਨੂੰ ਵੇਖ ਕੇ ਮੈਨੂੰ ਜਾਪਿਆ ਕਿ ਲਾਗੇ ਚਾਗੇ ਕੋਈ ਖੂਹ ਜਾਂ ਪਾਣੀ ਦਾ ਚਲ੍ਹਾ, ਸਰੋਤ ਬਗੈਰਾ ਜ਼ਰੂਰ ਹੋਏਗਾ। ਮਾੜੀ ਜਿਹੀ ਭਾਲ ਪਿੱਛੋਂ ਇਕ ਨਾਲਾ ਵਿਖਾਲੀ ਤਾਂ ਦਿੱਤਾ ਪਰ ਉਹ ਵੀ ਹੁਣ ਸੁੱਕਿਆ ਹੋਇਆ ਸੀ। ਮੈਂ ਕੁਝ ਦੇਰ ਉੱਥੇ ਹੀ ਅਰਾਮ ਕਰਨ ਦੀ ਸੋਚੀ। ਮੇਰਾ ਪਾਣੀ ਮੁੱਕ ਗਿਆ ਤੇ ਪਿਆਸ ਨਾਲ ਮੇਰਾ ਗਲਾ ਖ਼ੁਸ਼ਕ ਹੋ ਰਿਹਾ ਸੀ । ਪਿੰਡ ਦੇ ਇਕ ਕੋਨੇ ਵਿੱਚ ਇਕ ਟੁੱਟਾ ਮੰਦਰ ਵੀ ਨਜ਼ਰੀਂ ਪਿਆ, ਪਰ ਉੱਥੇ ਹੁਣ ਕੋਈ ਨਹੀਂ ਸੀ ਰਹਿੰਦਾ।



ਜੂਨ ਦਾ ਮਹੀਨਾ ਸੀ। ਸੂਰਜ ਦੀ ਗਰਮੀ ਨਾਲ ਭੋਂ ਤਪ ਰਹੀ ਸੀ। ਤੇਜ਼ ਹਵਾ ਧੂੜ ਉਡਾ ਰਹੀ ਸੀ । ਇਸ ਉਦਾਸੀ ਭਰੇ ਮਾਹੌਲ ਨੂੰ ਮੈਂ ਜ਼ਿਆਦਾ ਚਿਰ ਬਰਦਾਸ਼ਤ ਨਾ ਕਰ ਸਕਿਆ। ਮੈਂ ਇਕ ਪਗਡੰਡੀ ਤੋਂ ਹੀ ਅਗਾਂਹ ਨੂੰ ਹੋਇਆ। ਪੰਜ ਘੰਟੇ ਤਕ ਤੁਰਦੇ ਰਹਿਣ ਪਿੱਛੋਂ ਪਾਣੀ ਕਿਧਰੇ ਵੀ ਨਾ ਲੱਭਾ। ਹੁਣ ਤਾਂ ਮੈਂ ਪਾਣੀ ਦੀ ਆਸ ਵੀ ਗਵਾ ਬੈਠਾ ਸਾਂ। ਮੇਰੇ ਚਾਰੇ ਪਾਸੇ ਸੁੱਕੀ ਭੋਂ ਵਿੱਚ ਉੱਗੀਆਂ ਕੰਡਿਆਲੀਆਂ ਝਾੜੀਆਂ ਤੋਂ ਬਿਨਾਂ ਕੁਝ ਵੀ ਨਹੀਂ ਸੀ। ਇਸ ਸੰਨਾਟੇ ਵਿੱਚ ਮੈਨੂੰ ਦੂਰ ਇਕ ਕਾਲੀ ਜਿਹੀ ਪਰਛਾਈ ਦਿੱਸੀ; ਮੈਨੂੰ ਦੂਰੋਂ ਇਕ ਬ੍ਰਿਛ ਜਿਹੇ ਵਾਂਙ ਜਾਪੀ ਤੇ ਮੈਂ ਉਸ ਪਾਸੇ ਵੱਲ ਨੂੰ ਤੁਰ ਪਿਆ। ਕੋਲ ਪੁੱਜਣ ’ਤੇ ਉਹ ਇਕ ਆਜੜੀ ਨਿਕਲਿਆ। ਉਸ ਦੇ ਆਲੇ ਦੁਆਲੇ ਸਖ਼ਤ ਭੋਂ ’ਤੇ ਤੀਹ ਭੇਡਾਂ ਬੈਠੀਆਂ ਸਨ।

ਉਸ ਨੇ ਕੱਦੂ ਦੀ ਤੂੰਬੀ ਤੋਂ ਮੈਨੂੰ ਪਾਣੀ ਪਿਆਇਆ ਤੇ ਕੁਝ ਦੇਰ ਪਿੱਛੋਂ ਉਹ ਮੈਨੂੰ ਆਪਣੇ ਘਰ ਲੈ ਗਿਆ। ਉਹ ਇਕ ਡੂੰਘੀ ਕੁਦਰਤੀ ਬਾਉਲੀ ਵਿੱਚੋਂ ਪਾਣੀ ਖਿੱਚਦਾ ਸੀ। ਏਨੀ ਗਹਿਰਾਈ ਤੋਂ ਪਾਣੀ ਖਿੱਚਣ ਲਈ ਉਸ ਨੇ ਪੁਲੀਆਂ ਤੇ ਰੱਸੀਆਂ ਦਾ ਇਕ ਜੁਗਾੜ ਬਣਾਇਆ ਹੋਇਆ ਸੀ। ਉਹ ਆਦਮੀ ਬਹੁਤ ਘੱਟ ਬੋਲਦਾ ਸੀ। ਇੰਞ ਸ਼ਾਇਦ ਇਸ ਲਈ ਸੀ ਕਿ ਉਹ ਇਕੱਲਾ ਹੀ ਰਹਿੰਦਾ ਸੀ ਅਤੇ ਉਸ ਨਾਲ ਗੱਲਬਾਤ ਕਰਨ ਵਾਲਾ ਉੱਥੇ ਕੋਈ ਹੋਰ ਬੰਦਾ ਨਹੀਂ ਸੀ। ਪਰ ਉਸ ਦੇ ਸਵੈ-ਵਿਸ਼ਵਾਸ ਨੂੰ ਦੇਖ ਕੇ ਇੰਞ ਲੱਗਦਾ ਸੀ ਜਿਵੇਂ ਉਹ ਆਪਣੇ ਕੰਮ ਵਿੱਚ ਕਾਫ਼ੀ ਹੁਸ਼ਿਆਰ ਹੋਵੇ। ਇਸ ਬੰਜਰ ਸੁੰਨਸਾਨ ਇਲਾਕੇ ਵਿੱਚ ਮੈਨੂੰ ਉਸ ਦੇ ਮਿਲਣ ਦੀ ਕੋਈ ਉਮੀਦ ਨਹੀਂ ਸੀ। ਉਹ ਬਾਕਾਇਦਾ ਇਕ ਪੱਕੇ ਮਕਾਨ ਵਿੱਚ ਰਹਿੰਦਾ ਸੀ, ਜਿਸ ਨੂੰ ਉਸ ਨੇ ਆਲੇ-ਦੁਆਲੇ ਦੇ ਪੱਥਰਾਂ ਨਾਲ ਆਪਣੀ ਹੱਥੀਂ ਬਣਾਇਆ ਸੀ। ਮਕਾਨ ਦੀ ਛੱਤ ਮਜ਼ਬੂਤ ਸੀ। ਛੱਤ ਵਿੱਚ ਹਵਾ ਟਕਰਾ ਕੇ ਸਾਂ-ਸਾਂ ਕਰ ਰਹੀ ਸੀ।

ਘਰ ਅੰਦਰ ਸਾਰੀਆਂ ਵਸਤਾਂ ਥਾਂ ਸਿਰ ਕਰੀਨੇ ਨਾਲ ਰੱਖੀਆਂ ਹੋਈਆਂ ਸਨ। ਭਾਂਡੇ ਮਾਂਜੇ-ਧੋਤੇ ਪਏ ਸਨ ਤੇ ਫ਼ਰਸ਼ ਸਾਫ਼-ਸੁਥਰਾ ਸੀ। ਇਕ ਕੋਨੇ ਵਿੱਚ ਤਿੱਖੀ ਕੁਹਾੜੀ ਪਈ ਸੀ। ਚੁੱਲ੍ਹੇ ਦੀ ਮੱਠੀ ਅੱਗ ਉੱਤੇ ਖਿੱਚੜੀ ਰਿੱਝ ਰਹੀ ਸੀ। ਉਸ ਨੇ ਏਨੀ ਹੁਸ਼ਿਆਰੀ ਨਾਲ ਆਪਣੇ ਕੋਟ ਉੱਤੇ ਟਾਕੀ ਲਾਈ ਹੋਈ ਸੀ ਕਿ ਉਸ ਦੇ ਲੱਗੇ ਹੋਣ ਦਾ ਪਤਾ ਨਹੀਂ ਸੀ ਲੱਗਦਾ। ਉਸ ਮੈਨੂੰ ਵੀ ਖਿੱਚੜੀ ਖੁਆਈ। ਖਾਣ ਪਿੱਛੋਂ ਮੈਂ ਸਿਗਰਟ ਸੁਲਗਾਈ ਤੇ ਇਕ ਉਸ ਨੂੰ ਵੀ ਦਿੱਤੀ। ਉਸ ਨੇ ਕਿਹਾ ਕਿ ਉਹ ਸਿਗਰਟ ਨਹੀਂ ਪੀਂਦਾ। ਉਸ

ਦਾ ਇਕ ਜੱਤਲ ਕੁੱਤਾ ਸੀ ਪਰ ਉਹ ਵੀ ਆਪਣੇ ਮਾਲਕ ਵਾਂਗ ਚੁੱਪਚਾਪ ਰਹਿੰਦਾ ਸੀ।

ਪਹਿਲੀ ਮੁਲਾਕਾਤ ਪਿੱਛੋਂ ਮੈਨੂੰ ਇੰਞ ਲੱਗਾ ਜਿਵੇਂ ਉਸ ਮੈਨੂੰ ਉੱਥੇ ਰਾਤ ਕੱਟਣ ਲਈ ਹਾਂ ਕਰ ਦਿੱਤੀ ਹੋਵੇ। ਅਗਲਾ ਪਿੰਡ ਇੱਥੋਂ ਲਗਭਗ ਡੇਢ ਦਿਨ ਦੀ ਦੂਰੀ ’ਤੇ ਸੀ। ਇਸ ਲਈ ਇਹ ਚੰਗਾ ਸੀ ਕਿ ਮੈਂ ਆਪਣੇ ਥੱਕੇ ਪੈਰਾਂ ਨੂੰ ਕੁਝ ਅਰਾਮ ਕਰ ਲੈਣ ਦੇਵਾਂ। ਇਸ ਪਹਾੜੀ ਇਲਾਕੇ ਵਿੱਚ ਦੂਰ-ਦੁਰਾਡੇ ਕਈ ਛੋਟੀਆਂ-ਛੋਟੀਆਂ ਬਸਤੀਆਂ (ਠਾਹਰਾਂ) ਸਨ। ਉਹ ਕੱਚੇ ਪਹਿਆਂ ਦੁਆਰਾ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਸਨ। ਇਹਨਾਂ ਬਸਤੀਆਂ ਦੇ ਵਸਨੀਕ ਲੱਕੜ ਤੋਂ ਕੋਇਲਾ ਬਣਾਉਣ ਦਾ ਧੰਦਾ ਕਰਦੇ ਸਨ। ਕੋਇਲੇ ਦੇ ਧੰਦੇ ਕਾਰਨ ਆਲੇ-ਦੁਆਲੇ ਦੇ ਸਾਰੇ ਬ੍ਰਿਛ ਕੱਟੇ ਜਾ ਚੁੱਕੇ ਸਨ। ਬੇਰਹਿਮ ਹਵਾ ਨੂੰ ਡੱਕਣ ਵਾਲਾ ਕੋਈ ਬ੍ਰਿਛ ਨਹੀਂ ਸੀ ਬਚਿਆ।

ਟਿੱਬਿਆਂ ਉੱਪਰ ਹਰ ਵੇਲੇ ਧੂੜਭਰੀ ਹਨੇਰੀ ਨੱਚਿਆ ਕਰਦੀ ਸੀ। ਕੋਲੇ ਦੇ ਧੰਦੇ ਵਿੱਚ ਕੋਈ ਜ਼ਿਆਦਾ ਫ਼ਾਇਦਾ ਨਹੀਂ ਸੀ। ਕੋਲੇ ਨੂੰ ਗੱਡੀ ’ਤੇ ਸ਼ਹਿਰ ਤੀਕਰ ਪਹੁੰਚਾਣ ਵਿੱਚ ਦੋ ਦਿਨ ਲੱਗ ਜਾਂਦੇ ਸਨ। ਇਸ ਦੇ ਬਦਲੇ ਦਲਾਲ ਜੋ ਪੈਸੇ ਦਿੰਦੇ ਸਨ ਉਸ ਨਾਲ ਖ਼ਰਚੇ ਵੀ ਮੁਸ਼ਕਲ ਨਾਲ ਪੂਰੇ ਹੁੰਦੇ ਸਨ।

ਖਾਣੇ ਪਿੱਛੋਂ ਆਜੜੀ ਨੇ ਛੋਟਾ ਜਿਹਾ ਝੋਲਾ ਚੁੱਕਿਆ ਅਤੇ ਉਸ ਵਿਚਲੇ ਸਾਰੇ ਬੀਜ ਜ਼ਮੀਨ ’ਤੇ ਉਲੱਦ ਦਿੱਤੇ। ਫੇਰ ਉਹ ਬੜੇ ਧਿਆਨ ਨਾਲ ਉਹਨਾਂ ਦੀ ਜਾਂਚ-ਪਰਖ ਕਰਨ ਲੱਗਾ। ਉਹ ਇਕ-ਇਕ ਬੀਜ ਚੁੱਕਦਾ ਤੇ ਉਸ ਨੂੰ ਬੜੇ ਧਿਆਨ ਨਾਲ ਦੇਖਦਾ ਅਤੇ ਬਾਅਦ ਵਿੱਚ ਉਹਨਾਂ ਵਿੱਚੋਂ ਚੰਗੇ ਬੀਜਾਂ ਨੂੰ ਚੁਣ-ਛਾਂਟ ਕੇ ਇਕ ਪਾਸੇ ਰੱਖਦਾ। ਮੈਂ ਸਿਗਰਟ ਦਾ ਇਕ ਕਸ ਖਿੱਚਿਆ ਅਤੇ ਸੋਚਿਆ ਕਿ ਮੈਂ ਵੀ ਬੀਜਾਂ ਨੂੰ ਛਾਂਟਣ ਵਿੱਚ ਉਸ ਆਜੜੀ ਦੀ ਕੁਝ ਮਦਦ ਕਰਾਂ। ਪਰ ਉਸਨੇ ਕਿਹਾ ਕਿ ਉਹ ਇਹ ਕੰਮ ਆਪਣੇ ਹੱਥੀਂ ਹੀ ਕਰੇਗਾ। ਉਹ ਜਿਸ ਲਗਨ ਅਤੇ ਇਕਾਗਰਤਾ ਨਾਲ ਕੰਮ ਕਰ ਰਿਹਾ ਸੀ, ਉਸ ਨੂੰ ਵੇਖ ਕੇ ਮੈਨੂੰ ਆਪ ਨੂੰ ਆਪਣੀ ਇਹ ਦਖ਼ਲ-ਅੰਦਾਜ਼ੀ ਠੀਕ ਨਾ ਲੱਗੀ। ਸਾਡੇ ਦੋਹਾਂ ਵਿਚਕਾਰ ਬੱਸ ਏਨੀ ਕੁ ਹੀ ਗੱਲਬਾਤ ਹੋਈ। ਬੀਜਾਂ ਨੂੰ ਛਾਂਟਣ ਪਿੱਛੋਂ ਉਹ ਉਸ ਢੇਰੀ ਵਿੱਚੋਂ ਚੰਗੇ ਬੀਜਾਂ ਦੀਆਂ ਦਸ-ਦਸ ਦੀਆਂ ਢੇਰੀਆਂ ਬਣਾਉਣ ਲੱਗਾ। ਢੇਰੀ



ਬਣਾਉਣ ਸਮੇਂ ਉਹ ਉਹਨਾਂ ਬੀਜਾਂ ਨੂੰ ਬੜੀ ਬਾਰੀਕੀ ਨਾਲ ਘੋਖਦਾ। ਉਨ੍ਹਾਂ ਵਿੱਚੋਂ ਉਸ ਨੂੰ ਜੋ ਬੀਜ ਜ਼ਰਾ ਕੁ ਵੀ ਤਿੜਕਿਆ ਜਾਂ ਦਾਗ਼ੀ ਨਜ਼ਰ ਆਉਂਦਾ, ਉਹ ਉਸ ਨੂੰ ਲਾਂਭੇ ਕਰ ਦਿੰਦਾ।ਏਦਾਂ ਉਸਨੇ ਸੌ ਵਧੀਆ ਬੀਜ ਛਾਂਟ ਲਏ, ਉਨ੍ਹਾਂ ਨੂੰ ਇਕ ਥੈਲੀ ਵਿੱਚ ਪਾ ਲਿਆ ਤੇ ਸੌਣ ਤੁਰ ਪਿਆ।

ਨਾ ਜਾਣੇ ਮੈਨੂੰ ਕਿਉਂ ਉਸ ਬੰਦੇ ਦੇ ਸਾਥ ਵਿੱਚ ਬਹੁਤ ਸ਼ਾਂਤੀ ਮਹਿਸੂਸ ਹੋ ਰਹੀ ਸੀ। ਅਗਲੇ ਦਿਨ ਸਵੇਰੇ ਮੈਂ ਉਸ ਤੋਂ ਪੁੱਛਿਆ ਕਿ ਕੀ ਮੈਂ ਉਸ ਦੇ ਘਰ ਵਿੱਚ ਇਕ ਦਿਨ ਹੋਰ ਅਰਾਮ ਕਰ ਸਕਦਾ ਹਾਂ। ਉਸ ਨੇ ਸਹਿਜ-ਸੁਭਾਅ ਹੀ ਇਸਦੀ ਆਗਿਆ ਦੇ ਦਿੱਤੀ। ਇਸ ਪਿੱਛੋਂ ਉਹ ਫੇਰ ਆਪਣੇ ਕੰਮ ਵਿੱਚ ਰੁੱਝ ਗਿਆ। ਹੁਣ ਅੱਗੋਂ ਕਿਸੇ ਕਿਸਮ ਦੀ ਗੱਲਬਾਤ ਦੀ ਲੋੜ ਨਹੀਂ ਸੀ; ਪਰ ਮੇਰੇ ਅੰਦਰ ਉਥੱਲ-ਪੁਥੱਲ ਮੱਚ ਰਹੀ ਸੀ ਅਤੇ ਮੈਂ ਉਸ ਆਜੜੀ ਦੀ ਜੀਵਨ ਕਹਾਣੀ ਜਾਣਨ ਨੂੰ ਉਤਸੁਕ ਸਾਂ।

ਸਭ ਤੋਂ ਪਹਿਲਾਂ ਉਸ ਨੇ ਉਨ੍ਹਾਂ ਛਾਂਟੇ ਹੋਏ ਬੀਜਾਂ ਨੂੰ ਇਕ ਭਾਂਡੇ ਵਿੱਚ ਪਾਣੀ ਵਿੱਚ ਭਿਉਂ ਦਿੱਤਾ। ਫੇਰ ਉਸਨੇ ਭੇਡਾਂ ਦੀ ਵਾੜ ਖੋਲ੍ਹੀ ਅਤੇ ਉਨ੍ਹਾਂ ਨੂੰ ਚਰਾਂਦ ਵੰਨੀ ਲੈ ਤੁਰਿਆ। ਮੈਂ ਵੇਖਿਆ ਕਿ ਆਜੜੀ ਦੇ ਹੱਥ ਵਿੱਚ ਇਕ ਪੰਜ ਫੁੱਟ ਲੰਮੀ ਲੋਹੇ ਦੀ ਸੱਬਲ (ਛੜ) ਸੀ। ਉਹ ਸੱਬਲ ਮੇਰੇ ਅੰਗੂਠੇ ਜਿੰਨੀ ਮੋਟੀ ਹੋਵੇਗੀ। ਮੈਂ ਹੌਲੀ-ਹੌਲੀ ਆਜੜੀ ਦੇ ਪਿੱਛੇ ਤੁਰ ਪਿਆ। ਭੇਡਾਂ ਦੀ ਚਰਾਂਦ ਹੇਠਾਂ ਘਾਟੀ ਵਿੱਚ ਸੀ। ਥੋੜ੍ਹੀ ਦੇਰ ਪਿੱਛੋਂ ਉਹ ਭੇਡਾਂ ਨੂੰ ਆਪਣੇ ਜੱਤਲ ਕੁੱਤੇ ਦੀ ਦੇਖ-ਰੇਖ ਵਿੱਚ ਛੱਡ ਕੇ ਆਪ ਹੌਲੀ-ਹੌਲੀ ਪਹਾੜੀ ਉੱਪਰ ਮੇਰੇ ਵੰਨੀਂ ਹੋਇਆ । ਮੈਨੂੰ ਇੰਞ ਜਾਪਿਆ ਜਿਵੇਂ ਉਹ ਮੇਰੀ ਇਸ ਦਖ਼ਲ-ਅੰਦਾਜ਼ੀ ’ਤੇ ਮੈਨੂੰ ਝੁੰਜਲਾਏਗਾ, ਪਰ ਉਸ ਨੇ ਏਦਾਂ ਦਾ ਕੋਈ ਭਾਵ ਨਾ ਦਿਖਾਇਆ। ਉਹ ਆਪਣੇ ਰਾਹ ਤੁਰੀ ਗਿਆ ਅਤੇ ਕਿਉਂ ਜੋ ਮੇਰੇ ਕੋਲ ਵੀ ਕਰਨ ਨੂੰ ਕੁਝ ਨਹੀਂ ਸੀ, ਸੋ ਮੈਂ ਵੀ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਉਹ ਲੱਗਪਗ ਸੌ ਗਜ਼ ਦੂਰ ਇਕ ਟਿੱਬੇ ਜਿਹੇ ਉੱਪਰ ਚੜ੍ਹਿਆ। ਉੱਥੇ ਉਸਨੇ ਲੋਹੇ ਦੀ ਸੱਬਲ (ਛੜ) ਨਾਲ ਮਿੱਟੀ ਪੁੱਟ ਕੇ ਇਕ ਟੋਇਆ ਬਣਾਇਆ। ਇਸ ਵਿੱਚ ਉਸਨੇ ਇਕ ਬੀਜ ਬੀਜਿਆ ਅਤੇ ਫਿਰ ਉਸ ਨੂੰ ਮਿੱਟੀ ਨਾਲ ਭਰ ਦਿੱਤਾ। ਉਹ ਦੇਸੀ ਬ੍ਰਿਛਾਂ ਦੇ ਬੀਜ ਬੀਜ ਰਿਹਾ ਸੀ। ਮੈਂ ਉਸਨੂੰ ਪੁੱਛਿਆ ਕਿ ਕੀ ਉਹ ਭੋਂ ਉਸਦੀ ਆਪਣੀ ਜਾਇਦਾਦ ਹੈ। ਉਸਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਹ ਜ਼ਮੀਨ ਕਿਸ ਦੀ ਸੀ। ਸ਼ਾਇਦ ਉਹ ਪਿੰਡ ਦੀ ਸਾਂਝੀ ਸ਼ਾਮਲਾਟ ਸੀ ਜਾਂ ਕੁਝ ਅਜਿਹੇ ਸ਼ਾਹੂਕਾਰਾਂ ਦੀ

ਜਿਨ੍ਹਾਂ ਨੂੰ ਇਸ ਜ਼ਮੀਨ ਦੀ ਕੋਈ ਪਰਵਾਹ ਹੀ ਨਹੀਂ ਸੀ। ਜ਼ਮੀਨ ਦਾ ਮਾਲਕ ਕੌਣ ਹੈ, ਇਹ ਜਾਣਨ ਵਿੱਚ ਉਸਦੀ ਕੋਈ ਰੁਚੀ ਨਹੀਂ ਸੀ। ਉਸਨੇ ਉਨ੍ਹਾਂ ਸੌ ਬੀਜਾਂ ਨੂੰ ਬਹੁਤ ਪਿਆਰ ਤੇ ਮੁਹੱਬਤ ਨਾਲ ਬੀਜਿਆ।

ਦੁਪਹਿਰ ਦੇ ਖਾਣੇ ਪਿੱਛੋਂ ਉਹ ਬੀਜ ਬੀਜਣ ਦੇ ਕੰਮ ਵਿੱਚ ਮੁੜ ਰੁੱਝ ਗਿਆ। ਸ਼ਾਇਦ ਮੈਂ ਆਪਣਾ ਸਵਾਲ ਵਾਰ-ਵਾਰ ਦੁਹਰਾਇਆ ਹੋਣਾ ਏਂ, ਕਿਉਂ ਜੋ ਮੈਨੂੰ ਅਖ਼ੀਰ ਵਿੱਚ ਉਸ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਮਿਲ ਹੀ ਗਈ। ਪਿਛਲੇ ਤਿੰਨ ਵਰ੍ਹਿਆਂ 'ਚ ਇਕ ਲੱਖ ਬੀਜਾਂ ਵਿੱਚੋਂ ਸਿਰਫ਼ ਵੀਹ ਹਜ਼ਾਰ ਬੀਜ ਫੁੱਟੇ ਸਨ। ਉਸ ਨੂੰ ਜਾਪਦਾ ਸੀ ਕਿ ਇਨ੍ਹਾਂ ਵੀਹ ਹਜ਼ਾਰ ਪੌਦਿਆਂ ਵਿੱਚੋਂ ਸਿਰਫ਼ ਅੱਧੇ ਹੀ ਜਿਊਂਦੇ ਬਚਣਗੇ। ਅੱਧੇ ਜਾਂ ਤਾਂ ਕਿਸੇ ਕੁਦਰਤੀ ਆਫ਼ਤ ਦਾ ਸ਼ਿਕਾਰ ਹੋ ਜਾਣਗੇ ਜਾਂ ਫੇਰ ਉਨ੍ਹਾਂ ਨੂੰ ਚੂਹੇ ਕੁਤਰ ਜਾਣਗੇ; ਪਰ ਜਿੱਥੇ ਪਹਿਲਾਂ ਕੁਝ ਵੀ ਨਹੀਂ ਸੀ ਉੱਥੇ ਹੁਣ ਘੱਟੋ-ਘੱਟ ਦਸ ਹਜ਼ਾਰ ਬ੍ਰਿਛ ਤਾਂ ਉੱਗ ਰਹੇ ਹਨ।

ਇਹ ਸਭ ਕੁਝ ਜਾਣਨ ਤੋਂ ਪਿੱਛੋਂ ਮੈਂ ਉਸ ਬੰਦੇ ਦੀ ਉਮਰ ਬਾਰੇ ਅਟਕਲਾਂ ਭਾਵ ਅਨੁਮਾਨ ਲਾਉਣ ਲੱਗਾ। ਉਹ ਯਕੀਨੀ ਤੌਰ 'ਤੇ ਪੰਜਾਹ ਵਰ੍ਹਿਆਂ ਤੋਂ ਉੱਪਰ ਹੋਏਗਾ। ਉਸ ਨੇ ਮੈਨੂੰ ਆਪ ਦੱਸਿਆ ਕਿ ਉਹ ਪਚਵੰਜਾ ਸਾਲ ਦਾ ਹੈ। ਉਸ ਦਾ ਨਾਂ ਐਲਜ਼ੀਆਰਾਦ ਬੋਫੇ ਸੀ। ਕਦੀ ਉਸਦੀ ਤਰਾਈ ਦੇ ਹੇਠਲੇ ਹਿੱਸੇ ਵਿੱਚ ਆਪਣੀ ਖੇਤੀਬਾੜੀ ਹੁੰਦੀ ਸੀ। ਪਰ ਚਾਣਚੱਕ ਉਸਦੇ ਇਕਲੌਤੇ ਪੁੱਤਰ ਅਤੇ ਫੇਰ ਉਸਦੀ ਪਤਨੀ ਦੀ ਮੌਤ ਹੋ ਗਈ। ਇਸ ਨਾਲ ਉਸਨੂੰ ਗਹਿਰਾ ਸਦਮਾ ਪੁੱਜਾ। ਉਦੋਂ ਉਹ ਇਕ ਇਕਾਂਤ-ਵਾਸ ਲਈ ਆਪਣੇ ਕੁੱਤੇ ਤੇ ਭੇਡਾਂ ਨੂੰ ਨਾਲ ਲੈ ਕੇ ਇੱਥੇ ਚਲਾ ਆਇਆ। ਉਸ ਦੀ ਮਨੌਤ ਸੀ ਕਿ ਬ੍ਰਿਛਾਂ ਬਿਨਾਂ ਭੋਂ ਭਾਵ ਜ਼ਮੀਨ ਹੌਲੀ-ਹੌਲੀ ਮਰ ਰਹੀ ਹੈ। ਕਿਉਂ ਜੋ ਉਸਦੇ ਜ਼ਿੰਮੇ ਕੋਈ ਹੋਰ ਜ਼ਰੂਰੀ ਕੰਮ ਨਹੀਂ ਸੀ, ਇਸ ਲਈ ਉਸਨੇ ਜ਼ਮੀਨ ਦੀ ਇਸ ਖ਼ਰਾਬ ਹਾਲਤ ਨੂੰ ਸੁਧਾਰਨ ਦੀ ਗੱਲ ਮਨ ਵਿੱਚ ਠਾਣ ਲਈ।

ਉਦੋਂ ਕਿਉਂ ਜੋ ਮੈਂ ਜਵਾਨ ਸੀ ਅਤੇ ਮੈਂ ਸੈਰ ਸਪਾਟੇ ਲਈ ਇਕ ਵੀਰਾਨ ਇਲਾਕੇ ਵਿੱਚ ਆ ਗਿਆ ਸੀ; ਇਸ ਲਈ ਮੈਨੂੰ ਉਸਦੇ ਮਨ ਦਾ ਦਰਦ ਕੁਝ ਕੁਝ ਸਮਝ ਆਇਆ। ਇਸ ਦੇ ਨਾਲ ਹੀ ਕੁਝ ਸਮੇਂ ਮੈਂ ਹਾਲੀ ਕੁਝ ਨਾਸਮਝ ਵੀ ਸਾਂ ਅਤੇ ਚੰਗੇ ਖੁਸ਼ਹਾਲ ਭਵਿੱਖ ਦਾ ਰਾਹ ਲੱਭ ਰਿਹਾ ਸਾਂ। ਸੋ ਮੈਂ ਉਸਨੂੰ ਕਿਹਾ ਕਿ ਅਗਲੇ ਤੀਹਾਂ ਵਰ੍ਹਿਆਂ ਵਿੱਚ ਉਸ ਦੁਆਰਾ ਲਾਏ



ਗਏ ਇਹ ਦਸ ਹਜ਼ਾਰ ਬ੍ਰਿਛ ਇਕ ਘਣੇ ਅਤੇ ਸ਼ਾਨਦਾਰ ਜੰਗਲ ਦਾ ਰੂਪ ਧਾਰਨ ਕਰ ਜਾਣਗੇ। ਉਸਨੇ ਸਾਦਾ ਜਿਹਾ ਜਵਾਬ ਦਿੱਤਾ ਕਿ ਜੇ ਪਰਮਾਤਮਾ ਨੇ ਉਸ ਨੂੰ ਲੰਮੀ ਉਮਰ ਬਖ਼ਸ਼ੀ ਤਾਂ ਉਹ ਅਗਲੇ ਤੀਹਾਂ ਸਾਲਾਂ ਵਿੱਚ ਏਨੇ ਜ਼ਿਆਦਾ ਬ੍ਰਿਛ ਲਾਏਗਾ ਕਿ ਦਸ ਹਜ਼ਾਰ ਬ੍ਰਿਛ ਤਾਂ ਇਕ ਸਮੁੰਦਰ ਦੀ ਬੂੰਦ ਜਿੰਨੇ ਹੀ ਦਿੱਸਣਗੇ। ਇਸ ਤੋਂ ਇਲਾਵਾ ਉਹ ਕੁਝ ਫ਼ਲਦਾਰ ਬ੍ਰਿਛਾਂ ਦੇ ਬੀਜ ਬੀਜਣ ਬਾਰੇ ਵੀ ਤਜਰਬੇ ਕਰ ਰਿਹਾ ਸੀ। ਇਸ ਲਈ ਉਸਨੇ ਆਪਣੇ ਘਰ ਦੇ ਬਾਹਰ ਇਕ ਪੌਦਸ਼ਾਲਾ (ਨਰਸਰੀ) ਬਣਾਈ ਸੀ। ਕੁਝ ਪੌਦਿਆਂ ਨੂੰ ਉਸਨੇ ਕੰਡਿਆਲੀ ਤਾਰ ਦੀ ਵਾੜ ਲਗਾ ਕੇ ਭੇਡਾਂ ਤੋਂ ਸੁਰੱਖਿਅਤ ਰੱਖਿਆ ਸੀ। ਉਹ ਪੌਦੇ ਚੰਗੀ ਤਰ੍ਹਾਂ ਵਧ ਫੁੱਲ ਰਹੇ ਸਨ। ਉਸਨੇ ਹੇਠਾਂ ਘਾਟੀ ਵਿੱਚ ਕੁਝ ਹੋਰ ਕਿਸਮਾਂ ਦੇ ਬੀਜ ਬੀਜਣ ਦੀ ਯੋਜਨਾ ਬਣਾਈ ਸੀ। ਘਾਟੀ ਦੀ ਭੋਂ ਵਿੱਚ ਕੁਝ ਗਹਿਰਾਈ 'ਤੇ ਮਿੱਟੀ ਵਿੱਚ ਨਮੀ ਸੀ। ਇਸ ਕਾਰਨ ਇਹ ਦਰੱਖ਼ਤ ਉੱਤੇ ਚੰਗੀ ਜੜ੍ਹ ਫੜਨਗੇ, ਇਹ ਉਸਦਾ ਵਿਚਾਰ ਸੀ।

**ਅਗਲੇ ਦਿਨ ਮੈਂ ਉੱਥੋਂ ਤੁਰ ਪਿਆ।**

ਅਗਲੇ ਸਾਲ 1914 ਵਿਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਮੇਰੀ ਫ਼ੌਜੀ ਟੁਕੜੀ ਪੰਜ ਸਾਲ ਇਸ ਜੰਗ ਵਿੱਚ ਲੜਦੀ ਰਹੀ। ਇਕ ਫ਼ੌਜੀ ਸਿਪਾਹੀ ਹੋਣ ਦੇ ਨਾਤੇ ਮੈਨੂੰ ਜੰਗ ਦੌਰਾਨ ਦਰੱਖ਼ਤਾਂ ਬਾਰੇ ਸੋਚਣ ਤਕ ਦੀ ਵਿਹਲ ਨਾ ਮਿਲੀ। ਸੱਚੀ ਗੱਲ ਤਾਂ ਇਹ ਸੀ ਕਿ ਉਸ ਘਟਨਾ ਦਾ ਮੇਰੇ ਉੱਤੇ ਉੱਕਾ ਅਸਰ ਨਹੀਂ ਸੀ ਹੋਇਆ। ਲੋਕਾਂ ਦੇ ਵੱਖਰੇ-ਵੱਖਰੇ ਸ਼ੌਕ ਹੁੰਦੇ ਹਨ, ਸ਼ੁਗਲ ਹੁੰਦੇ ਹਨ, ਕੁਝ ਡਾਕ ਟਿਕਟਾਂ ਇਕੱਤਰ ਕਰਦੇ ਹਨ ਤੇ ਕੁਝ ਵੱਖ-ਵੱਖ ਕਿਸਮ ਦੇ ਸਿੱਕੇ। ਕੁਝ ਲੋਕਾਂ ਨੂੰ ਸ਼ੌਕੀਆ ਤੌਰ 'ਤੇ ਦਰੱਖ਼ਤ ਲਾਉਣ ਵਿੱਚ ਵੀ ਮਜ਼ਾ ਆਉਂਦਾ ਹੋਏਗਾ। ਮੈਂ ਉਪਰੋਕਤ ਘਟਨਾ ਨੂੰ ਲੱਗਭੱਗ ਭੁੱਲ ਹੀ ਗਿਆ ਸਾਂ।

ਜੰਗ ਖ਼ਤਮ ਹੋਣ ਪਿੱਛੋਂ ਮੈਨੂੰ ਕਾਫ਼ੀ ਲੰਮੀ ਛੁੱਟੀ ਮਿਲੀ ਅਤੇ ਉਸ ਦੇ ਨਾਲ ਕਾਫ਼ੀ ਪੈਸਾ ਵੀ। ਮੈਂ ਸੋਚਿਆ, ਕਿਉਂ ਨਾ ਸੈਰ-ਸਪਾਟਾ ਕੀਤਾ ਜਾਏ ਤੇ ਇਸ ਮਕਸਦ ਨਾਲ ਮੈਂ ਇਕ ਵਾਰ ਫੇਰ ਉਸੇ ਬੀਆਬਾਨ ਇਲਾਕੇ ਵਿੱਚ ਘੁੰਮਣ ਲਈ ਨਿਕਲਿਆ। ਉਸ ਇਲਾਕੇ ਦੇ ਹੁਲੀਏ ਵਿੱਚ ਕੋਈ ਤਬਦੀਲੀ ਨਹੀਂ ਸੀ ਆਈ। ਪਰ ਜਦ ਮੈਂ ਉਸ ਉੱਜੜੇ ਖੰਡਰ ਬਣੇ ਪਿੰਡ ਪੁੱਜਾ ਤਦ ਮੈਨੂੰ ਦੂਰ ਸਾਰੇ ਪਹਾੜੀਆਂ 'ਤੇ ਇਕ ਧੁੰਦ ਜਿਹੀ ਛਾਈ ਨਜ਼ਰ ਆਈ। ਹੁਣ

ਜਿਵੇਂ ਮੈਂ ਉਸ ਆਜੜੀ ਦੇ ਘਰ ਲਾਗੇ ਪਹੁੰਚ ਰਿਹਾ ਸਾਂ, ਉਸਦੀ ਯਾਦ ਓਨੀ ਹੀ ਸਜੀਵ ਤੇ ਤਾਜ਼ਾ ਹੋ ਰਹੀ ਸੀ। ਮੈਂ ਮਨ ਹੀ ਮਨ ਵਿੱਚ ਕਲਪਨਾ ਕਰ ਰਿਹਾ ਸਾਂ ਕਿ ਉਹ ਦਸ ਹਜ਼ਾਰ ਦਰੱਖਤ ਹੁਣ ਕਿੱਡੇ ਵੱਡੇ ਹੋ ਗਏ ਹੋਣਗੇ।

ਮੈਂ ਬੜੇ ਲੋਕਾਂ ਨੂੰ ਜੰਗ ਦੌਰਾਨ ਮਰਦੇ ਵੇਖਿਆ ਸੀ। ਜੇਕਰ ਕੋਈ ਜਣਾ ਕਹਿੰਦਾ ਕਿ ਉਹ ਆਜੜੀ ਮਰ ਚੁੱਕਾ ਹੈ, ਤਦ ਇਹ ਗੱਲ ਮੰਨਣ ਵਿੱਚ ਮੈਨੂੰ ਕੋਈ ਮੁਸ਼ਕਲ ਨਹੀਂ ਸੀ ਆਉਣੀ। ਭਲਾ ਪੰਜਾਹ ਸੱਠ ਸਾਲਾਂ ਦਾ ਬੁੱਢਾ ਬਾਬਾ ਮਰਨ ਤੋਂ ਬਿਨਾਂ ਹੋਰ ਕਰ ਹੀ ਕੀ ਸਕਦਾ ਸੀ। ਪਰ ਉਹ ਆਜੜੀ ਮਰਿਆ ਨਹੀਂ ਸੀ। ਉਹ ਨਾ ਸਿਰਫ਼ ਜਿਊਂਦਾ ਸੀ ਸਗੋਂ ਬਿਲਕੁਲ ਨੌਂ-ਬਰ-ਨੌਂ ਸੀ। ਉਸਦੇ ਕੰਮ ਕਰਨ ਦੇ ਤਰੀਕੇ ਵਿੱਚ ਥੋੜ੍ਹੀ ਤਬਦੀਲੀ ਜ਼ਰੂਰ ਆਈ ਸੀ। ਉਸ ਕੋਲ ਸਿਰਫ਼ ਹੁਣ ਚਾਰ ਭੇਡਾਂ ਸਨ, ਪਰ ਉਨ੍ਹਾਂ ਨਾਲ ਸ਼ਹਿਦ ਦੀਆਂ ਮੱਖੀਆਂ ਦੇ ਸੌ ਛੱਤੇ ਵੀ ਸਨ। ਉਸਨੂੰ ਡਰ ਸੀ ਕਿ ਕਿਧਰੇ ਭੇਡਾਂ ਉਸ ਦੇ ਨਵੇਂ ਪੌਦਿਆਂ ਨੂੰ ਹੀ ਨਾ ਖਾ ਜਾਣ। ਮੈਨੂੰ ਸਪੱਸ਼ਟ ਨਜ਼ਰੀਂ ਆਇਆ ਕਿ ਵੱਡੀ ਜੰਗ ਨੇ ਉਸਦੇ ਕੰਮ-ਕਾਜ ਵਿੱਚ ਕੋਈ ਫ਼ਰਕ ਨਹੀਂ ਸੀ ਪਾਇਆ। ਉਹ ਉਸ ਭਿਆਨਕ ਲੜਾਈ ਤੋਂ ਉੱਕਾ ਹੀ ਬੇਖ਼ਬਰ ਸੀ ਅਤੇ ਲਗਾਤਾਰ ਬੀਜ ਬੀਜੀ ਜਾ ਰਿਹਾ ਸੀ ਅਤੇ ਦਰੱਖਤ ਲਾ ਰਿਹਾ ਸੀ।

1910 ਵਿੱਚ ਲਾਏ ਦਰੱਖਤ ਹੁਣ ਏਨੇ ਉੱਚੇ ਹੋ ਗਏ ਸਨ ਕਿ ਉਨ੍ਹਾਂ ਸਾਹਮਣੇ ਅਸੀਂ ਦੋਵੇਂ ਬੌਣੇ ਭਾਵ ਗਿਠਮੁਠੀਏ ਜਿਹੇ ਲੱਗਦੇ ਸਾਂ। ਹਰੇ ਲਸ਼-ਲਸ਼ ਕਰਦੇ ਦਰੱਖਤਾਂ ਦਾ ਨਜ਼ਾਰਾ ਬਸ ਵੇਖਣ ਵਾਲਾ ਸੀ। ਇਸ ਅਸਾਧਾਰਣ ਤਬਦੀਲੀ ਦਾ ਵਰਣਨ ਕਰਨਾ ਮੇਰੇ ਵੱਸ ਦਾ ਰੋਗ ਨਹੀਂ। ਸਾਰਾ ਦਿਨ, ਅਸੀਂ ਚੁੱਪ ਹਰੇ ਭਰੇ ਜੰਗਲ ਵਿੱਚ ਘੁੰਮਦੇ ਰਹੇ। ਹਰੇ ਭਰੇ ਦਰੱਖਤਾਂ ਦੀ ਉਹ ਵਾਦੀ ਹੁਣ ਗਿਆਰਾਂ ਕਿਲੋਮੀਟਰ ਲੰਬੀ ਅਤੇ ਤਿੰਨ ਕਿਲੋਮੀਟਰ ਚੌੜ੍ਹੀ ਹੋ ਗਈ ਸੀ। ਇਹ ਸਾਰਾ ਕੁਝ ਇਕ ਅਨਪੜ੍ਹ ਆਜੜੀ ਦੇ ਦੋ ਹੱਥਾਂ ਨਾਲ ਕੀਤੀ ਸਖ਼ਤ ਮਿਹਨਤ ਦਾ ਸਿੱਟਾ ਸੀ। ਉਸਦੀ ਇਨਸਾਨੀ-ਦੋਸਤੀ ਅਤੇ ਦਰਿਆ-ਦਿਲੀ ਵੇਖ ਕੇ ਮੇਰਾ ਦਿਲ ਭਰ ਆਇਆ। ਮੈਂ ਸੋਚਿਆ ਜੇਕਰ ਕੋਈ ਆਦਮੀ ਚਾਹੇ ਤਾਂ ਲੜਾਈ ਤੇ ਤਬਾਹੀ ਦਾ ਰਸਤਾ ਛੱਡ ਕੇ ਰੱਬ ਵਾਂਙ ਇਕ ਖ਼ੂਬਸੂਰਤ ਤੇ ਪਿਆਰੀ ਦੁਨੀਆਂ ਘੜ ਸਕਦਾ ਹੈ।

ਉਹ ਦੁਨੀਆਂ ਵਿੱਚ ਹਫ਼ੜਾ-ਦਫੜੀ, ਹਲਚਲ ਤੋਂ ਉੱਕਾ ਬੇਖ਼ਬਰ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਰਿਹਾ ਸੀ। ਹਵਾ ਵਿੱਚ ਝੂਮਦੇ ਚੀਲ ਦੇ



ਅਣਗਿਣਤ ਦਰੱਖਤ ਇਸ ਗੱਲ ਦੇ ਖਾਮੋਸ਼ ਗਵਾਹ ਸਨ। ਉਸਨੇ ਮੈਨੂੰ ਕੁਝ ਦਿਓਦਾਰ ਦੇ ਦਰੱਖਤ ਵੀ ਵਿਖਾਏ ਜੋ ਉਸ ਨੇ ਪੰਜ ਸਾਲ ਪਹਿਲਾਂ ਲਾਏ ਸਨ, ਉਸ ਸਮੇਂ ਮੈਂ ਫਰੰਟ 'ਤੇ ਲੜ ਰਿਹਾ ਸਾਂ। ਉਸਨੇ ਇਨ੍ਹਾਂ ਦਰੱਖਤਾਂ ਨੂੰ ਘਾਟੀ ਦੀ ਤਲਹਟੀ ਵਿੱਚ ਲਾਇਆ ਸੀ ਜਿੱਥੇ ਕਿ ਮਿੱਟੀ ਵਿੱਚ ਵਧੇਰੇ ਨਮੀ ਸੀ। ਇਨ੍ਹਾਂ ਬ੍ਰਿਛਾਂ ਦੀਆਂ ਜੜ੍ਹਾਂ ਨੇ ਮਿੱਟੀ ਨੂੰ ਬੰਨ੍ਹੀ ਰੱਖਿਆ ਸੀ। ਉਨ੍ਹਾਂ ਦੀਆਂ ਚੌੜੀਆਂ ਪੱਤੀਆਂ ਛਤਰੀਆਂ ਵਾਂਙ ਧੁੱਪ ਨੂੰ ਰੋਕ ਰਹੀਆਂ ਸਨ ਅਤੇ ਭੋਂ ਤਪਣ ਤੋਂ ਬਚਾਅ ਰਹੀਆਂ ਸਨ।

ਇਸ ਬੰਜਰ ਜ਼ਮੀਨ ਵਿੱਚ ਦਰੱਖਤਾਂ ਦੇ ਲੱਗਣ ਨਾਲ ਇਕ ਨਵੀਂ ਜਾਨ ਆ ਗਈ ਸੀ। ਪਰ ਵਾਪਸੀ ਸਮੇਂ, ਮੈਨੂੰ ਪਿੰਡ ਦੇ ਲਾਗੇ ਕੁਝ ਝਰਨਿਆਂ 'ਚੋਂ ਪਾਣੀ ਦੀ ਕਲ-ਕਲ ਸੁਣਾਈ ਦਿੱਤੀ। ਇਹ ਝਰਨੇ ਪਤਾ ਨਹੀਂ ਕਦ ਤੋਂ ਸੁੱਕੇ ਪਏ ਸਨ। ਬ੍ਰਿਛ ਲੱਗਣ ਦਾ ਇਹ ਸਭ ਤੋਂ ਵੱਧ ਉਤਸ਼ਾਹਜਨਕ ਸਬੂਤ ਸੀ। ਬਹੁਤ ਸਾਲ ਪਹਿਲਾਂ ਇਨ੍ਹਾਂ ਨਾਲਿਆਂ ਵਿੱਚ ਜ਼ਰੂਰ ਪਾਣੀ ਵਹਿੰਦਾ ਹੋਏਗਾ। ਜਿਨ੍ਹਾਂ ਖੰਡਰ ਹੋਏ ਪਿੰਡਾਂ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਸੀ, ਉਹ ਸ਼ਾਇਦ ਕਦੇ ਇਨ੍ਹਾਂ ਨਾਲਿਆਂ ਕੰਢੇ ਹੀ ਵੱਸੇ ਹੋਣਗੇ।

ਹਵਾ ਵੀ ਬੀਜਾਂ ਨੂੰ ਦੂਰ-ਦੂਰ ਫੈਲਾਅ ਰਹੀ ਸੀ। ਪਾਣੀ ਦੇ ਦੁਬਾਰਾ ਵਧਣ ਨਾਲ ਨਾਲਿਆਂ ਦੇ ਕੰਢਿਆਂ 'ਤੇ ਅਨੇਕ ਪ੍ਰਕਾਰ ਦੇ ਪੌਦੇ ਅਤੇ ਘਾਹ ਉੱਗ ਪਿਆ ਸੀ। ਭਾਂਤ-ਭਾਂਤ ਦੇ ਬੀਜ ਜੋ ਮਿੱਟੀ ਦੀ ਚਾਦਰ ਤਾਣੀ ਸੁੱਤੇ ਪਏ ਸਨ, ਹੁਣ ਆਪਣੀ ਨੀਂਦ ਤੋਂ ਜਾਗੇ ਸਨ। ਜੰਗਲੀ ਫੁੱਲ ਆਪਣੀਆਂ ਰੰਗ-ਬਿਰੰਗੀਆਂ ਅੱਖਾਂ ਨਾਲ ਅਸਮਾਨ ਨੂੰ ਤੱਕ ਰਹੇ ਸਨ। ਇੰਝ ਲੱਗਦਾ ਸੀ ਜਿਵੇਂ ਜ਼ਿੰਦਗੀ ਜਿਊਣ ਵਿੱਚ ਕੋਈ ਮਕਸਦ ਹੋਵੇ। ਪਰ ਇਹ ਸਭ ਤਬਦੀਲੀ ਏਨੀ ਧੀਮੀ ਤੇ ਕੁਦਰਤੀ ਢੰਗ ਨਾਲ ਏਨੀ ਸਹਿਜ ਸੁਭਾਅ ਹੋਈ ਸੀ ਕਿ ਉਸਨੂੰ ਮੰਨਣ ਲੱਗਿਆਂ ਕੋਈ ਹੈਰਾਨੀ ਨਹੀਂ ਸੀ ਹੁੰਦੀ। ਖ਼ਰਗੋਸ਼ ਅਤੇ ਜੰਗਲੀ ਸੂਰਾਂ ਦੇ ਸ਼ਿਕਾਰੀਆਂ ਨੇ ਇਨ੍ਹਾਂ ਦਰੱਖਤਾਂ ਦੇ ਹੜ੍ਹ ਨੂੰ ਵੇਖਿਆ ਤਾਂ ਜ਼ਰੂਰ ਸੀ, ਪਰ ਉਨ੍ਹਾਂ ਨੇ ਇਸ ਨੂੰ ਧਰਤੀ ਦੀ ਸਨਕ ਜਾਂ ਸ਼ੁਦਾਅ ਸਮਝ ਕੇ ਭੁਲਾ ਦਿੱਤਾ ਸੀ। ਤਦ ਹੀ ਤਾਂ ਉਸ ਆਜੜੀ ਦੇ ਕਾਰਜ ਵਿੱਚ ਕਿਸੇ ਨੇ ਦਖ਼ਲ ਨਹੀਂ ਸੀ ਦਿੱਤਾ। ਜੇਕਰ ਕਿਸੇ ਨੇ ਉਸਨੂੰ ਤੱਕਿਆ ਹੁੰਦਾ ਤਾਂ ਉਸਦਾ ਵਿਰੋਧ ਜ਼ਰੂਰ ਹੋਇਆ ਹੁੰਦਾ। ਪਰ ਉਸਨੂੰ ਲੱਭ ਲੈਣਾ ਬਹੁਤ ਮੁਸ਼ਕਲ ਸੀ। ਸਰਕਾਰ ਵਿੱਚ ਜਾਂ ਆਲੇ ਦੁਆਲੇ ਦੇ ਪਿੰਡਾਂ ਵਿੱਚ ਕਦੀ ਕਿਸੇ ਦੇ ਦਿਮਾਗ਼ ਵਿੱਚ ਇਹ ਗੱਲ ਆ ਹੀ ਨਹੀਂ ਸਕਦੀ ਸੀ ਕਿ ਉਹ ਵਿਸ਼ਾਲ ਜੰਗਲ ਕਿਸਨੇ ਆਪਣੇ ਹੱਥੀਂ ਲਾਇਆ

ਸੀ। ਇਸ ਅਨੋਖੇ ਇਨਸਾਨ ਦੀ ਸ਼ਖ਼ਸੀਅਤ ਦਾ ਸਹੀ ਅੰਦਾਜ਼ਾ ਲਾਉਣ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਹ ਬਿਲਕੁਲ ਇਕੱਲਾ ਸੀ ਅਤੇ ਇਸ ਉਜਾੜ ਬੀਆਬਾਨ ਇਲਾਕੇ ਵਿੱਚ ਆਪਣਾ ਕੰਮ ਕਰਦਾ ਸੀ। ਉਸਦੇ ਇਕਾਂਤ ਮਾਹੌਲ ਵਿੱਚ ਏਨੀ ਖ਼ਾਮੋਸ਼ੀ ਸੀ ਕਿ ਅੰਤ ਵਿੱਚ ਉਹ ਬੋਲਣਾ ਚਾਲਣਾ ਵੀ ਭੁੱਲ ਗਿਆ ਸੀ। ਸ਼ਾਇਦ ਇਹ ਵੀ ਸੰਭਵ ਹੈ ਕਿ ਉਸਦੇ ਜੀਵਨ ਵਿੱਚ ਹੁਣ ਸ਼ਬਦਾਂ ਦੀ ਲੋੜ ਹੀ ਨਹੀਂ ਸੀ ਰਹਿ ਗਈ।

1933 ਵਿੱਚ ਪਹਿਲੀ ਵਾਰ ਇਕ 'ਫਾਰੈਸਟ ਰੇਂਜਰ' ਭੁੱਲਿਆ-ਭਟਕਿਆ ਉੱਧਰ ਆ ਨਿਕਲਿਆ। ਉਸ ਨੂੰ ਮਿਲ ਕੇ ਰੇਂਜਰ ਨੇ ਉਸ ਨੂੰ ਇਸ ਹੁਕਮ ਤੋਂ ਜਾਣੂ ਕਰਵਾਇਆ, ਜਿਸ ਅਨੁਸਾਰ ਜੰਗਲ ਦੇ ਲਾਗੇ ਚਾਗੇ ਕਿਸੇ ਤਰ੍ਹਾਂ ਦੀ ਬੀੜੀ-ਸਿਗਰਟ ਸੁਲਗਾਉਣ ਜਾਂ ਅੱਗ ਬਾਲਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਅੱਗ ਫੜ ਲੈਣ ਵਾਲੀਆਂ ਵਸਤਾਂ ਤੋਂ ਇਸ ਸਰਕਾਰੀ ਜੰਗਲ ਨੂੰ ਖ਼ਤਰਾ ਸੀ। ਉਸ ਰੇਂਜਰ ਨੇ ਉਸ ਜੰਗਲ ਨੂੰ ਆਪਣੇ-ਆਪ ਉੱਗਦੇ ਵੇਖ ਕੇ ਆਪਣੀ ਹੈਰਾਨੀ ਪ੍ਰਗਟ ਕੀਤੀ। ਉਸ ਸਮੇਂ ਉਹ ਆਜੜੀ ਆਪਣੇ ਘਰ ਤੋਂ ਲਗਭਗ 12 ਕਿਲੋਮੀਟਰ ਦੂਰ ਕੁਝ ਚੀਲ (ਦਿਆਰ) ਦੇ ਦਰੱਖਤ ਲਾਉਣ ਦੀ ਗੱਲ ਸੋਚ ਰਿਹਾ ਸੀ। ਏਨੀ ਦੂਰ ਰੋਜ਼ ਆਉਣ ਜਾਣ ਦੀ ਥਾਂ ਉਸ ਨੇ ਉਸ ਜਗ੍ਹਾ 'ਤੇ ਆਪਣਾ ਘਰ ਬਣਾਉਣ ਦੀ ਸੋਚੀ। ਅਗਲੇ ਸਾਲ ਉਸਨੇ ਆਪਣੇ ਨਵੇਂ ਮਕਾਨ ਵਿੱਚ ਜਾ ਡੇਰਾ ਲਾਇਆ।

1935 ਵਿੱਚ ਉਸ ਕੁਦਰਤੀ ਜੰਗਲ ਦਾ ਮੁਆਇਨਾ ਕਰਨ ਇਕ ਵੱਡੀ ਸਰਕਾਰੀ ਟੋਲੀ ਵੀ ਉੱਥੇ ਆਈ। ਉਸ ਵਿੱਚ ਵਣ-ਵਿਭਾਗ ਦੇ ਸਾਰੇ ਅਫ਼ਸਰ ਸ਼ਾਮਲ ਸਨ। ਉਨ੍ਹਾਂ ਨੇ ਬਹੁਤ ਸਾਰੀਆਂ ਬੇਮਤਲਬ ਦੀਆਂ ਗੱਲਾਂ ਕੀਤੀਆਂ। ਉਨ੍ਹਾਂ ਦੀਆਂ ਫ਼ਜ਼ੂਲ ਨਿਰਾਰਥਕ ਗੱਲਾਂ ਤੋਂ ਹੋਰ ਕੋਈ ਫ਼ਾਇਦਾ ਤਾਂ ਨਾ ਹੋਇਆ ਪਰ ਇਕ ਗੱਲ ਜ਼ਰੂਰ ਹੋਈ ਕਿ ਸਮੁੱਚੇ ਜੰਗਲ ਨੂੰ '**ਸੁਰੱਖਿਅਤ ਵਣ ਖੇਤਰ**' ਐਲਾਨਿਆ ਗਿਆ। ਇਸ ਦਾ ਇਕ ਲਾਭ ਇਹ ਹੋਇਆ ਕਿ ਲੱਕੜੀ ਤੋਂ ਕੋਇਲਾ ਬਣਾਉਣ ਦੇ ਧੰਦੇ 'ਤੇ ਪਾਬੰਦੀ ਲੱਗ ਗਈ। ਇਸ ਜੰਗਲ ਦੇ ਸੁਹੱਪਣ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਿਹਾ ਜਾ ਸਕਦਾ। ਸ਼ਾਇਦ ਇਸੇ ਸੁਹੱਪਣ ਕਾਰਨ ਹੀ ਸਰਕਾਰੀ ਬੰਦਿਆਂ ਦਾ ਦਿਲ ਵੀ ਪਿਘਲ ਗਿਆ ਸੀ। ਮੁਆਇਨੇ ਵਿੱਚ ਆਈ ਟੋਲੀ ਵਿੱਚ ਮੇਰਾ ਇਕ ਮਿੱਤਰ ਵੀ ਸੀ। ਜਦ ਮੈਂ ਜੰਗਲ ਦਾ ਅਸਲ ਰਹੱਸ ਦੱਸਿਆ ਤਾਂ ਉਹ ਬਹੁਤ ਹੈਰਾਨ ਹੋਇਆ। ਅਗਲੇ ਹਫ਼ਤੇ ਅਸੀਂ ਉਸ ਆਜੜੀ ਕੋਲ ਪੁੱਜੇ। ਉਹ ਆਪਣੇ ਕੰਮ ਵਿੱਚ



ਮਸਤ ਸੀ। ਇਹ ਥਾਂ ਮੁਆਇਨੇ ਵਾਲੀ ਥਾਂ ਤੋਂ ਲਗਭਗ ਦਸ ਕਿਲੋਮੀਟਰ ਦੂਰੀ 'ਤੇ ਸੀ।

ਉਹ ਅਫ਼ਸਰ ਐਵੇਂ ਕੈਵੇਂ ਹੀ ਮੇਰਾ ਮਿੱਤਰ ਨਹੀਂ ਸੀ ਬਣ ਗਿਆ। ਉਹ ਇਕ ਵਧੀਆ ਇਨਸਾਨ ਸੀ ਅਤੇ ਭਲੇ ਕੰਮ ਦਾ ਸਤਿਕਾਰ ਕਰਦਾ ਸੀ। ਜੋ ਖਾਣਾ ਮੈਂ ਆਪਣੇ ਨਾਲ ਲਿਆਇਆ ਸਾਂ, ਉਹ ਅਸਾਂ ਤਿੰਨਾਂ ਨੇ ਰਲ ਕੇ ਖਾਧਾ। ਉਸ ਪਿੱਛੋਂ ਕਈ ਘੰਟੇ ਉਸ ਖ਼ੂਬਸੂਰਤ ਜੰਗਲ ਨੂੰ ਵੇਖਦੇ ਰਹੇ। ਜਿਸ ਪਾਸਿਉਂ ਅਸੀਂ ਆਏ ਸਾਂ, ਉਹ ਪਹਾੜੀ ਦੀਆਂ ਢਲਾਨਾਂ ਉੱਪਰ ਲੱਗੇ ਦਰੱਖਤ ਹੁਣ 20-25 ਫੁੱਟ ਉੱਚੇ ਹੋ ਚੁੱਕੇ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1913 ਵਿੱਚ ਇਹੋ ਜ਼ਮੀਨ ਬੰਜਰ ਤੇ ਬੇਜਾਨ ਸੀ। ਮਾਨਸਿਕ ਸ਼ਾਂਤੀ ਸਖ਼ਤ ਮਿਹਨਤ, ਪਹਾੜਾਂ ਦੀ ਸਾਫ਼ ਹਵਾ ਤੇ ਸਾਤਵਿਕ ਜੀਵਨ ਨੇ ਉਸ ਆਜੜੀ ਨੂੰ ਵਧੀਆ ਸਿਹਤ ਬਖ਼ਸ਼ੀ ਸੀ। ਇਸ ਧਰਤੀ ਉੱਪਰ ਸ਼ਾਇਦ ਉਹ ਭਗਵਾਨ ਦਾ ਦੂਤ ਸੀ। ਮੈਂ ਬਸ ਇਹੀ ਸੋਚ ਰਿਹਾ ਸਾਂ ਕਿ ਉਹ ਹੋਰ ਕਿੰਨੀ ਜ਼ਮੀਨ ਉੱਪਰ ਹੋਰ ਬ੍ਰਿਛ ਲਾਏਗਾ।

ਜਾਣ ਤੋਂ ਪਹਿਲਾਂ ਮੇਰੇ ਮਿੱਤਰ ਨੇ ਮਿੱਟੀ ਨੂੰ ਜਾਂਚ ਕੇ ਕੁਝ ਖ਼ਾਸ ਕਿਸਮ ਦੇ ਦਰੱਖਤ ਲਾਉਣ ਦਾ ਸੁਝਾਅ ਦਿੱਤਾ। ਪਰ ਉਸਨੇ ਆਪਣੇ ਸੁਝਾਅ ਬਾਰੇ ਬਹੁਤ ਜ਼ੋਰ ਨਾ ਦਿੱਤਾ। **ਪਿੱਛੋਂ ਉਸਨੇ ਮੈਨੂੰ ਕਿਹਾ, "ਮੇਰੇ ਇਸ ਗੱਲ 'ਤੇ ਜ਼ੋਰ ਨਾ ਦੇਣ ਪਿੱਛੇ ਇਕ ਕਾਰਨ ਸੀ। ਉਹ ਆਜੜੀ ਦਰੱਖਤਾਂ ਬਾਰੇ ਮੈਥੋਂ ਕਿਤੇ ਵੱਧ ਜਾਣਦਾ ਹੈ"। ਕੋਈ ਘੰਟਾ ਕੁ ਤੁਰਦੇ ਰਹਿਣ ਪਿੱਛੋਂ ਮੇਰੇ ਅਫ਼ਸਰ ਦੋਸਤ ਨੇ ਮੈਨੂੰ ਕਿਹਾ, "ਇਹ ਬੰਦਾ ਸ਼ਾਇਦ ਦਰੱਖਤਾਂ ਬਾਰੇ ਦੁਨੀਆਂ ਵਿੱਚ ਸਭ ਤੋਂ ਵੱਧ ਜਾਣਕਾਰੀ ਰੱਖਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸਨੇ ਖ਼ੁਸ਼ ਰਹਿਣ ਦਾ ਅਦਭੁੱਤ ਤਰੀਕਾ ਲੱਭ ਲਿਆ ਹੈ ।"**

ਉਸ ਅਫ਼ਸਰ ਕਰਕੇ ਹੀ ਇਹ ਜੰਗਲ ਸੁਰੱਖਿਅਤ ਰਹਿ ਗਿਆ ਅਤੇ ਆਜੜੀ ਦੀ ਖ਼ੁਸ਼ੀ ਵੀ। ਉਸ ਅਫ਼ਸਰ ਨੇ ਉਸ ਜੰਗਲ ਦੀ ਰਾਖੀ ਲਈ ਤਿੰਨ ਰੇਂਜਰ ਉੱਥੇ ਲਾ ਦਿੱਤੇ। ਉਨ੍ਹਾਂ 'ਤੇ ਕਾਫ਼ੀ ਸਖ਼ਤ ਨਜ਼ਰ ਰੱਖੀ ਗਈ ਤਾਂ ਜੋ ਉਹ ਕੋਇਲਾ ਬਣਾਉਣ ਵਾਲਿਆਂ ਦੁਆਰਾ ਸ਼ਰਾਬ ਦੀਆਂ ਬੋਤਲਾਂ ਵਰਗੀ ਰਿਸ਼ਵਤ ਤੋਂ ਬਚੇ ਰਹਿਣ। -1989 ਵਿੱਚ ਉਸਦੀ ਰਾਖੀ ਦੇ ਕੰਮ ਵਿੱਚ ਜ਼ਰਾ ਕੁ ਰੁਕਾਵਟ ਆਈ। ਰੇਲ ਦੀਆਂ ਲਾਈਨਾਂ ਵਿਛਾਉਣ ਲਈ ਲੱਕੜ ਦੇ ਸਲੀਪਰਾਂ ਦੀ ਕਾਫ਼ੀ ਭਾਰੀ ਗਿਣਤੀ ਵਿੱਚ ਲੋੜ ਪਈ। ਉਸ ਕਾਰਨ ਦਰੱਖਤਾਂ

ਦੀ ਅੰਨ੍ਹੇਵਾਹ ਕਟਾਈ ਸ਼ੁਰੂ ਹੋ ਗਈ। ਪਰ ਇਹ ਇਲਾਕਾ ਰੇਲਵੇ ਸਟੇਸ਼ਨ ਜਾਂ ਪੱਕੀ ਸੜਕ ਤੋਂ ਏਨਾ ਦੂਰ ਸੀ ਕਿ ਸ਼ਤੀਰੀਆਂ ਨੂੰ ਲੱਦ ਕੇ ਲਿਜਾਣ ਦਾ ਕੰਮ ਬਹੁਤ ਮਹਿੰਗਾ ਸਾਬਤ ਹੋਇਆ। ਇਸ ਕਾਰਨ ਜੰਗਲ ਦੀ ਕਟਾਈ ਬੰਦ ਹੋ ਗਈ। ਆਜੜੀ ਨੂੰ ਇਸ ਸਮੁੱਚੀ ਘਟਨਾ ਦੀ ਭਿਣਕ ਤੀਕਰ ਨਹੀਂ ਸੀ ਪਈ—ਤੇ ਉਹ ਇਸ ਤੋਂ ਬੇਖ਼ਬਰ ਸੀ। ਉਹ ਤਾਂ ਲੱਗਭੱਗ ਤੀਹ ਕਿਲੋਮੀਟਰ ਦੀ ਦੂਰੀ 'ਤੇ ਸ਼ਾਂਤ-ਭਾਵ ਨਾਲ ਸਹਿਜ-ਸੁਭਾਅ ਦਰੱਖਤ ਲਾਉਣ ਦੇ ਕਾਰਜ ਵਿੱਚ ਰੁੱਝਾ ਹੋਇਆ ਸੀ। ਦੂਜੀ ਵੱਡੀ ਜੰਗ ਦੀ ਘਮਸ਼ਾਣ ਦੀ ਲੜਾਈ ਤੋਂ ਵੀ ਉਹ ਉੱਕਾ ਬੇਖ਼ਬਰ ਸੀ। ਪਹਿਲੇ ਮਹਾਂਯੁੱਧ ਨੂੰ ਵੀ ਉਸਨੇ ਏਦਾਂ ਹੀ ਅੱਖੋਂ ਪਰੋਖੇ ਕੀਤਾ ਸੀ।

ਜੂਨ 1945 ਵਿੱਚ ਮੈਨੂੰ ਉਸ ਬੁੱਢੇ ਆਜੜੀ ਨੂੰ ਆਖ਼ਰੀ ਵਾਰ ਮਿਲਣ ਦਾ ਅਵਸਰ ਮਿਲਿਆ। ਉਸ ਸਮੇਂ ਉਸਦੀ ਉਮਰ ਲੱਗਭਗ ਛਿਆਸੀ ਵਰ੍ਹਿਆਂ ਦੀ ਹੋਵੇਗੀ। ਇਸ ਦੌਰਾਨ ਉੱਥੇ ਭਾਰੀ ਤਬਦੀਲੀ ਆਈ ਸੀ। ਉਸ ਬੀਆਬਾਨ ਸੜਕ 'ਤੇ ਮੈਂ ਬੱਸ ਚੱਲਦੀ ਦੇਖੀ ਤਾਂ ਮੈਨੂੰ ਬੜੀ ਹੈਰਾਨੀ ਹੋਈ, ਮੈਂ ਕਈ ਜਾਣੀਆਂ ਪਛਾਣੀਆਂ ਰਾਹਾਂ ਨੂੰ ਪਛਾਣ ਹੀ ਨਾ ਸਕਿਆ। ਬੱਸ ਮੈਨੂੰ ਕਈ ਨਵੇਂ ਇਲਾਕਿਆਂ ਵਿੱਚੋਂ ਘੁੰਮਾਉਂਦੀ ਹੋਈ ਲੈ ਗਈ। ਜਦ ਮੈਂ ਇਕ ਬੋਰਡ ਉੱਪਰ ਉਸ ਪੁਰਾਣੇ ਪਿੰਡ ਦਾ ਨਾਂ ਲਿਖਿਆ ਵੇਖਿਆ ਤਦ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਤਾਂ ਉਹੋ ਪਿੰਡ ਹੈ, ਜੋ ਇਕ ਸਮੇਂ ਖੰਡਰ ਹੋ ਗਿਆ ਸੀ।

ਮੈਂ ਬੱਸ ਵਿੱਚੋਂ ਉੱਤਰ ਕੇ ਪਿੰਡ ਵੰਨੀ ਪੈਦਲ ਹੀ ਚੱਲ ਪਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1913 ਵਿੱਚ ਉਸ ਪਿੰਡ ਵਿੱਚ 10-12 ਟੁੱਟੇ-ਫੁੱਟੇ ਮਕਾਨਾਂ ਵਿੱਚ ਸਿਰਫ਼ ਤਿੰਨ ਜੀਅ ਰਹਿੰਦੇ ਸਨ। ਗਰਮੀ ਤੇ ਗ਼ਰੀਬੀ ਦੇ ਮਾਰੇ ਮੰਦੇ ਹਾਲ। ਉਨ੍ਹਾਂ ਦੀ ਹਾਲਤ ਆਦਿਮ ਯੁੱਗ ਦੇ ਜੰਗਲੀਆਂ ਵਹਿਸ਼ੀਆਂ ਵਰਗੀ ਸੀ। ਉਨ੍ਹਾਂ ਦੇ ਨਾਲ ਦੇ ਘਰਾਂ ਵਿੱਚ ਕੰਡਿਆਲੀਆਂ ਝਾੜੀਆਂ ਉੱਗੀਆਂ ਹੋਈਆਂ ਸਨ। ਉਸ ਨਿਰਾਸਤਾ ਭਰੇ ਜੀਵਨ ਤੋਂ ਸਿਰਫ਼ ਮੌਤ ਉਨ੍ਹਾਂ ਨੂੰ ਮੁਕਤੀ ਦਿਵਾ ਸਕਦੀ ਸੀ।

ਪਰ ਹੁਣ ਸਭ ਕੁਝ ਬਦਲਿਆ ਲੱਗ ਰਿਹਾ ਸੀ। ਹਵਾ ਵਿੱਚ ਭਿੰਨੀ-ਭਿੰਨੀ ਖ਼ੁਸਬੂ ਸੀ। ਗਰਮ ਲੂ ਦੇ ਫਰਾਟਿਆਂ ਦੀ ਥਾਂ ਹੁਣ ਪੌਣ ਵਿੱਚ ਖੁਨਕ ਸੀ। ਇਕ ਬੰਨਿਉਂ ਮੈਨੂੰ ਪਾਣੀ ਦੇ ਡਿੱਗਣ ਦੀ ਆਵਾਜ਼ ਸੁਣਾਈ



ਦਿੱਤੀ। ਮੇਰੀ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦ ਮੈਂ ਵੇਖਿਆ ਕਿ ਉੱਥੇ ਇਕ ਛੋਟੇ ਜਿਹੇ ਤਲਾਅ ਵਿੱਚ ਇਕ ਫਵਾਰਾ ਚਲ ਰਿਹਾ ਸੀ ਅਤੇ ਉਸ ਦੇ ਲਾਗੇ ਹੀ ਕਿਸੇ ਕਨਕ-ਚੰਪਾ ਦਾ ਖ਼ੂਬਸੂਰਤ ਬੂਟਾ ਲਾ ਰੱਖਿਆ ਸੀ। ਉਹ ਬੂਟਾ ਕੋਈ ਚਾਰ ਸਾਲ ਪੁਰਾਣਾ ਹੋਏਗਾ। ਚੰਪਾ ਦਾ ਬੂਟਾ ਇਸ ਗੱਲ ਦਾ ਪ੍ਰਤੀਕ ਸੀ ਕਿ ਇਸ ਮਾਰੂਥਲ ਵਿੱਚ ਹੁਣ ਮੁੜ ਕੇ ਫੇਰ ਜ਼ਿੰਦਗੀ ਪਰਤ ਆਈ ਸੀ।

ਪਿੰਡ ਨੂੰ ਵੇਖ ਕੇ ਇੰਵ ਲੱਗਦਾ ਸੀ ਜਿਵੇਂ ਉੱਥੋਂ ਦੇ ਲੋਕਾਂ ਦਾ ਇਕ ਉੱਜਲ ਭਵਿੱਖ ਵਿੱਚ ਵਿਸ਼ਵਾਸ ਜਾਗਿਆ ਹੈ। ਉਨ੍ਹਾਂ ਵਿੱਚ ਇਕ ਨਵੀਂ ਆਸ ਜਾਗੀ ਹੈ। ਖੰਡਰਾਂ ਨੂੰ ਸਾਫ਼ ਕਰ ਪੰਜ ਘਰਾਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਪੱਕਿਆਂ ਬਣਾਇਆ ਗਿਆ ਸੀ। ਉਸ ਪਿੰਡ ਵਿੱਚ ਹੁਣ 28 ਜਣੇ ਰਹਿੰਦੇ ਸਨ, ਜਿਨ੍ਹਾਂ ਵਿੱਚ ਚਾਰ ਵਿਆਹੇ ਜੋੜੇ ਵੀ ਸ਼ਾਮਲ ਸਨ।ਨਵੇਂ ਘਰਾਂ ਨੂੰ ਪਿੱਛੇ ਜਿਹੇ ਹੀ ਲਿੰਬਿਆ ਪੋਚਿਆ ਗਿਆ ਸੀ ਅਤੇ ਉਨ੍ਹਾਂ ਦੇ ਸਾਹਮਣੇ ਕਿਆਰੀਆਂ ਵਿੱਚ ਹਰੀਆਂ ਸਬਜ਼ੀਆਂ ਫਲ ਤੇ ਫੁੱਲ ਉੱਗੇ ਹੋਏ ਸਨ। ਕਿਤੇ ਸੇਮ ਦੀ ਵੇਲ ਸੀ। ਉਹ ਹੁਣ ਅਜਿਹਾ ਪਿੰਡ ਬਣ ਗਿਆ ਸੀ, ਜਿੱਥੇ ਹਰੇਕ ਜਣੇ ਦਾ ਰਹਿਣ ਅਤੇ ਵੱਸਣ ਨੂੰ ਦਿਲ ਕਰੇ।

ਜੰਗ ਹਾਲੀ ਖ਼ਤਮ ਨਹੀਂ ਸੀ ਹੋਈ ਅਤੇ ਇਸ ਕਰਕੇ ਆਮ ਜਨ-ਜੀਵਨ ਪੂਰੀ ਤਰ੍ਹਾਂ ਨਾਰਮਲ ਨਹੀਂ ਸੀ ਹੋਇਆ। ਪਹਾੜੀ ਦੀ ਹੇਠਲੀ ਢਲਾਨ 'ਤੇ ਮੈਨੂੰ ਜੌਂ ਅਤੇ ਬਾਜਰੇ ਦੇ ਖੇਤ ਨਜ਼ਰ ਪਏ। ਸੁੱਕੀ ਘਾਟੀ ਵਿੱਚ ਜਿੱਥੇ ਨਮੀ ਵੱਧ ਸੀ, ਉੱਥੇ ਹੁਣ ਹਰਿਆਲੀ ਉੱਗ ਆਈ ਸੀ। ਅੱਠਾਂ ਵਰ੍ਹਿਆਂ ਦੇ ਵਿੱਚ ਹੀ ਇਹ ਇਲਾਕਾ ਹਰਿਆ-ਭਰਿਆ ਤੇ ਖ਼ੁਸ਼ਹਾਲ ਹੋ ਗਿਆ ਸੀ। 1913 ਵਿੱਚ ਜਿੱਥੇ ਮੈਨੂੰ ਖੰਡਰ ਨਜ਼ਰ ਆਏ ਸਨ, ਉੱਥੇ ਹੁਣ ਹਰੇ ਭਰੇ ਖੇਤ ਲਹਿਲਹਾ ਰਹੇ ਸਨ। ਲੋਕ ਵੀ ਖ਼ੁਸ਼ ਅਤੇ ਸੁਖੀ ਨਜ਼ਰ ਆਉਂਦੇ ਸਨ। ਪਹਾੜੀ ਨਾਲੇ ਜੋ ਸੁੱਕ ਗਏ ਸਨ, ਹੁਣ ਉਨ੍ਹਾਂ ਵਿੱਚ ਦੁਬਾਰਾ ਪਿਘਲੀ ਬਰਫ਼ ਦਾ ਨਿਰਮਲ ਪਾਣੀ ਵਹਿਣ ਲੱਗ ਪਿਆ ਸੀ। ਇਸ ਪਾਣੀ ਨੂੰ ਖਾਲਾਂ ਰਾਹੀਂ ਵੱਖ-ਵੱਖ ਖੇਤਾਂ ਵਿੱਚ ਪਹੁੰਚਾਇਆ ਜਾ ਰਿਹਾ ਸੀ। ਖੇਤਾਂ ਕੋਲ ਦਰੱਖਤਾਂ ਦੇ ਛਾਂ-ਦਾਰ ਝੁੰਡ ਸਨ। ਹੌਲੀ-ਹੌਲੀ ਕਰਕੇ ਪੂਰਾ ਪਿੰਡ ਮੁੜ ਕੇ ਆਬਾਦ ਹੋ ਗਿਆ ਸੀ। ਮੈਦਾਨੀ ਇਲਾਕਿਆਂ ਵਿੱਚ ਜ਼ਮੀਨ ਦੀ ਕੀਮਤ ਮਹਿੰਗੀ ਸੀ। ਉੱਥੋਂ ਲੋਕ ਆ ਕੇ ਇੱਥੇ ਵੱਸ ਗਏ ਸਨ। ਉਹ ਆਪਣੇ ਨਾਲ ਇਕ ਨਵੀਂ ਉਮੰਗ ਤੇ ਨਵਾਂ ਉਤਸ਼ਾਹ ਲੈ ਕੇ ਆਏ ਸਨ। ਸੜਕਾਂ ਉੱਪਰ ਅਜਿਹੇ ਚਿਹਰੇ

ਨਜ਼ਰ ਆਉਂਦੇ ਸਨ, ਜਿਨ੍ਹਾਂ ਦੇ ਚਿਹਰਿਆਂ ਉੱਪਰ ਮੁਸਕਰਾਹਟ ਤੇ ਅੱਖਾਂ ਵਿੱਚ ਚਮਕ ਸੀ। ਜੇਕਰ ਇੱਥੋਂ ਦੀ ਪੂਰੀ ਅਬਾਦੀ ਦੀ ਗਿਣਤੀ ਕੀਤੀ ਜਾਵੇ, ਤਦ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਹਜ਼ਾਰ ਬੰਦਿਆਂ ਦੀ ਖ਼ੁਸ਼ਹਾਲੀ ਦਾ ਜ਼ਿੰਮੇਵਾਰ ਇਕ ਅਨਪੜ੍ਹ ਆਜੜੀ ਸੀ।

ਜਦ ਮੈਂ ਸੋਚਦਾ ਹਾਂ ਕਿ ਇਹ ਸਾਰੀ ਖ਼ੁਸ਼ਹਾਲੀ ਇਕ ਇਕੱਲੇ ਆਦਮੀ ਦੇ ਦਿਲ ਅਤੇ ਹੱਥਾਂ ਨਾਲ ਪ੍ਰਵਾਨ ਚੜ੍ਹੀ, ਤਦ ਆਪ-ਮੁਹਾਰੇ ਮੇਰਾ ਸਿਰ ਉਸ ਅੱਗੇ ਝੁਕ ਜਾਂਦਾ ਹੈ। ਇਕ ਮਾਮੂਲੀ ਜਿਹੇ ਬੰਦੇ ਨੇ ਇਕੱਲਿਆਂ ਹੀ ਉਸ ਬੰਜਰ ਜ਼ਮੀਨ ਨੂੰ ਆਬਾਦ ਕੀਤਾ ਸੀ। ਜਦ ਮੈਂ ਸੋਚਦਾ ਹਾਂ ਤਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਇਨਸਾਨੀਅਤ ਵਿੱਚ ਮੇਰਾ ਵਿਸ਼ਵਾਸ ਹੋਰ ਵੱਧ ਤੇ ਉੱਚਾ ਹੋ ਜਾਂਦਾ ਹੈ। ਉਸ ਅਨਪੜ੍ਹ ਮਹਾਨ ਆਤਮਾ ਦੇ ਜੀਵਨ ਤੋਂ ਮੈਂ ਸਿਰਫ਼ ਇਕ ਹੀ ਸਬਕ ਸਿੱਖਿਆ ਹੈ ਕਿ ਜੇਕਰ ਇਨਸਾਨ ਚਾਹੇ ਤਾਂ ਧਰਤੀ 'ਤੇ ਰਹਿੰਦੇ ਹੋਏ ਵੀ ਪਰਉਪਕਾਰ ਕਰ ਸਕਦਾ ਹੈ। ਸੰਨ 1947 ਵਿੱਚ ਉਸ ਆਜੜੀ ਦੀਆਂ ਅੱਖਾਂ ਸਦਾ ਲਈ ਬੰਦ ਹੋ ਗਈਆਂ।

ਧੰਨਵਾਦ ਸਹਿਤ!

ਵਾਲੰਟਰੀ ਹੈਲਥ ਐਸੋਸੀਏਸ਼ਨ ਪੰਜਾਬ

18/1, ਸੈਕਟਰ 10-ਡੀ

ਚੰਡੀਗੜ੍ਹ

(ਸਾਡਾ ਵਿਰਸਾ ਸਾਡਾ ਗੌਰਵ ਮਾਰਚ 2002 ਵਿੱਚੋਂ ਧੰਨਵਾਦ ਸਹਿਤ!)

-o-



# ਜੰਗਲ ਨਾ ਰਹੇ ਤਾਂ ਮਨੁੱਖ ਵੀ ਨਹੀਂ ਰਹੇਗਾ

ਵਿਜੈ ਬੰਬੇਲੀ

ਜਨਰਲ ਨਰੈਣ ਬਚਖੇਤੀ, ਭਾਰਤ ਸਰਕਾਰ ਦੇ ਵਣਾਂ ਦਾ ਆਹਲਾ ਅਫ਼ਸਰ, ਇਕ ਵਾਰ ਆਪਣੇ ਸਾਹਮਣੇ ਜੰਗਲ ਕਟਾਈ ਬਨਾਮ ਜੰਗਲ ਉਗਾਈ ਦੇ ਨਕਸ਼ੇ ਰੱਖੀ ਝੂਰ ਰਿਹਾ ਸੀ। "ਮਨੁੱਖੀ ਵਿਕਾਸ ਵਿੱਚ ਸਿਆਣਿਆਂ ਨੇ ਤਿੰਨ ਪੜਾਅ ਮੰਨੇ ਹਨ। ਜੰਗਲ ਪ੍ਰਧਾਨ ਸੱਭਿਅਤਾਵਾਂ ਦਾ ਦੌਰ, ਜੰਗਲ ਉੱਪਰ ਕਾਬੂ ਪਾ ਰਹੀਆਂ ਸੱਭਿਅਤਾਵਾਂ ਦਾ ਦੌਰ ਅਤੇ ਉਹ ਸੱਭਿਅਤਾਵਾਂ ਜਿਹੜੀਆਂ ਜੰਗਲਾਂ ਉੱਪਰ ਪੂਰੀ ਤਰ੍ਹਾਂ ਹਾਵੀ ਹੋ ਚੁੱਕੀਆਂ ਹਨ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡਾ ਦੇਸ਼ ਤੀਜੇ ਪੜਾਅ ਵਿੱਚੋਂ ਲੰਘ ਰਿਹਾ ਹੈ, ਜਿਸ ਵਿੱਚ ਕੇਵਲ ਜੰਗਲਾਂ ਦਾ ਹੀ ਨਹੀਂ, ਸਗੋਂ ਸੱਭਿਅਤਾਵਾਂ ਦਾ ਵੀ ਵਿਨਾਸ਼ ਹੋਣ ਦਾ ਡਰ ਪੈਦਾ ਹੋ ਚੁੱਕਾ ਹੈ ।"

ਅਸੀਂ ਜੰਗਲਾਂ ਦੀ ਸਮੁੱਚੀ ਕਾਇਨਾਤ ਅਤੇ ਮਨੁੱਖ ਨੂੰ ਦੇਣ ਬਾਰੇ ਡੂੰਘਾਈ 'ਚ ਨਹੀਂ ਜਾਣਦੇ। ਜੰਗਲਾਂ ਦੇ ਲਾਭ ਦੋ ਤਰ੍ਹਾਂ ਦੇ ਹੁੰਦੇ ਹਨ- ਪ੍ਰਤੱਖ ਅਤੇ ਅਪ੍ਰਤੱਖ। ਪ੍ਰਤੱਖ ਲਾਭਾਂ ਵੱਲ ਅਸੀਂ ਹਾਬੜੀ-ਚਾਲ ਤੁਰੇ ਹੋਏ ਹਾਂ। ਜੀਵਨ ਨੂੰ ਸੰਭਵ ਬਣਾਉਣ ਵਾਲੇ ਅਪ੍ਰਤੱਖ ਲਾਭਾਂ ਬਾਰੇ ਅਸੀਂ ਉਦੋਂ ਹੀ ਸੋਚਣ ਲੱਗੇ ਹਾਂ, ਜਦ ਜੰਗਲ ਰੁੱਸ ਗਏ। ਜੰਗਲਾਂ ਦੇ ਅਪ੍ਰਤੱਖ ਲਾਭ ਲੰਮੇ ਅਰਸੇ ਪਿੱਛੋਂ ਹੀ ਨਜ਼ਰ ਆਉਂਦੇ ਹਨ। ਅੱਜ ਦੇ ਪਦਾਰਥਵਾਦੀ ਮਨੁੱਖ ਨੇ ਜੰਗਲਾਂ ਦੇ ਪ੍ਰਤੱਖ ਲਾਭਾਂ ਨੂੰ ਤਰਜੀਹ ਦਿੰਦੇ ਹੋਏ ਉਹਨਾਂ ਦੇ ਅਸਿੱਧੇ ਲਾਭਾਂ ਨੂੰ ਅੱਖੋਂ-ਪਰੋਖੇ ਕੀਤਾ ਹੋਇਆ ਹੈ। ਸਿੱਟੇ ਵਜੋਂ ਜੰਗਲਾਂ ਦਾ ਵਿਨਾਸ਼ ਲਗਾਤਾਰ ਜਾਰੀ ਹੈ।

ਜੰਗਲ ਮਿੱਟੀ ਦੀ ਬਣਤਰ ਘੜਨ ਵਾਲੇ ਕਾਰਖ਼ਾਨੇ ਹਨ। ਇਹ ਜੀਵਾਂ ਲਈ ਆਕਸੀਜਨ ਅਤੇ ਖਾਧ ਪਦਾਰਥ ਦੇਣ ਵਾਲੀਆਂ ਲੋਕ-ਗਾਥਾਵਾਂ ਵਾਲੀਆਂ 'ਕਪਿਲਾ ਗਊਆਂ' ਹਨ। ਇਹ ਵਰਖਾ ਨੂੰ ਪ੍ਰੇਰਿਤ ਕਰਦੇ ਹਨ। ਇਸੇ ਲਈ ਇਹ ਨਦੀਆਂ ਦੇ ਵੀ ਜਨਮਦਾਤੇ ਹਨ। ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ ਅਤੇ ਵਰਖਾ ਦਾ ਜੰਗਲਾਂ ਨਾਲ ਚੋਲੀ-ਦਾਮਨ ਵਾਲਾ ਰਿਸ਼ਤਾ ਹੈ। ਦੱਖਣ ਭਾਰਤ ਦੀਆਂ ਬਹੁਤੀਆਂ ਨਦੀਆਂ ਦੇ ਉਗਮਣ ਸਥਾਨ ਘਣੇ ਜੰਗਲ ਹੀ ਹਨ। ਜੰਗਲ ਜਲ ਨੂੰ ਸਾਡੇ ਪੀਣ, ਵਰਤਣ ਤੇ ਸਿੰਚਾਈ ਲਈ ਇਕ ਰਾਖਵੇਂ ਭੰਡਾਰ

ਵਾਂਗ ਆਪਣੀਆਂ ਜੜ੍ਹਾਂ ਰਾਹੀਂ ਸੰਭਾਲ ਲੈਂਦੇ ਹਨ। ਮਿੱਟੀ ਰੁੜ੍ਹਨ ਨਹੀਂ ਦਿੰਦੇ। ਭਾਰਤ ਸਰਕਾਰ ਦੇ ਵਣ-ਅੰਕੜੇ ਦੱਸਦੇ ਹਨ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਹੀ 4.5 ਦਹਿ ਲੱਖ ਹੈਕਟਰ ਜੰਗਲੀ ਰਕਬਾ ਪੂਰੀ ਤਰ੍ਹਾਂ ਅਲੋਪ ਹੋ ਚੁੱਕਿਆ ਹੈ। ਹਰਿਆਵਲੀ ਪਰਤ ਭੂਰੀ ਅਤੇ ਨੰਗੀ ਧਰਤੀ ਨੂੰ ਥਾਂ ਦੇ ਰਹੀ ਹੈ। ਇਹੋ ਵਿਨਾਸ਼ ਪਰਬਤਾਂ ਦਾ ਮੁਹਾਂਦਰਾ ਬਦਲ ਰਿਹਾ ਹੈ।ਇਹ ਭੋਇੰ-ਰੋੜ ਦੀ ਸਮੱਸਿਆ ਹੋਰ ਤੇਜ਼ ਹੋ ਰਹੀ ਹੈ। ਭੋਇੰ-ਮਾਹਰ ਕਮਲਾ ਚੌਧਰੀ ਨੇ ਚਿਤਾਵਨੀ ਦਿੱਤੀ ਹੈ ‘ਗੰਗਾ ਦਾ ਮੈਦਾਨ ਆਉਂਦੇ ਦੋ ਦਹਾਕਿਆਂ ਤਾਈਂ ਮਾਰੂਥਲ ਬਣ ਸਕਦਾ ਹੈ’। ਵਾਤਾਵਰਣ ਯੋਜਨਾਬੰਦੀ ਵਾਲੇ ਬੀ. ਬੀ. ਵੋਹਰਾ ਦੇ ਕਹੇ ਅਨੁਸਾਰ ਕਿ ਜੰਗਲਾਂ ਦੇ ਵਿਨਾਸ਼ ਕਾਰਣ ਹਰ ਸਾਲ ਹਜ਼ਾਰਾਂ ਟਨ ਉੱਪਰਲੀ ਮਿੱਟੀ ਰੁੜ੍ਹਦੀ ਜਾ ਰਹੀ ਹੈ। ਹੁਣ ਤਕ ਸਾਡੇ ਦੇਸ਼ ਦੀ 7 ਫ਼ੀਸਦੀ ਵਾਹੀਯੋਗ ਭੂਮੀ ਵੀਰਾਨ ਹੋ ਚੁੱਕੀ ਹੈ। ਇਹ ਖੇਤਰ ਸਾਡੀਆਂ ਵਾਰਸ਼ਿਕ ਲੋੜਾਂ ਦਾ ਅੱਧਾ ਅਨਾਜ ਪੈਦਾ ਕਰ ਸਕਦਾ ਹੈ। ਦੇਸ਼ ਦੀ ਕੁੱਲ 306 ਦਹਿ ਲੱਖ ਵਾਹੀਯੋਗ ਭੂਮੀ ਵਿੱਚੋਂ 145 ਮਿਲੀਅਨ ਹੈਕਟੇਅਰ(45%) ਭੋਇੰ-ਖੋਰ ਦੀ ਮਾਰ ਹੇਠਾਂ ਆ ਚੁੱਕੀ ਹੈ। ਇਸ ਨੂੰ ਤੁਰੰਤ ਭੋਇੰ ਅਤੇ ਜਲ ਸੰਭਾਲ ਕਾਰਜਾਂ ਦੀ ਲੋੜ ਹੈ। ਇਸ ਲਈ ਨਦੀਆਂ ਵਿਚਲੀ ਗਾਰ ਨੇ ਦੇਸ਼ ਦੀਆਂ ਪ੍ਰਮੁੱਖ **‘ਨਦੀ ਘਾਟੀ ਯੋਜਨਾ’** ਉੱਪਰ ਭੈੜਾ ਪ੍ਰਭਾਵ ਪਾਇਆ ਹੈ। ਇਹ ਯੋਜਨਾਵਾਂ ਦੇਸ਼ ਲਈ ਅੱਧਿਉਂ ਵੱਧ ਬਿਜਲੀ ਅਤੇ ਇਕ ਚੌਥਾਈ ਸਿੰਚਾਈ ਪ੍ਰਦਾਨ ਕਰ ਰਹੀਆਂ ਹਨ। ਜਿਉਂ-ਜਿਉਂ ਇਸ ਤਬਾਹੀ ਦੇ ਅੰਕੜੇ ਸਾਹਮਣੇ ਆ ਰਹੇ ਹਨ, ਤਿਉਂ-ਤਿਉਂ ਸੰਭਾਵੀ ਬਰਬਾਦੀ ਦਾ ਭੂਤ ਹੋਰ ਡਰਾਉਣਾ ਬਣਦਾ ਜਾ ਰਿਹਾ ਹੈ। ਇਨ੍ਹਾਂ ਖ਼ਤਰਿਆਂ ਦੇ ਭਾਵੀ ਸੰਕਟ ਨੂੰ ਭਾਂਪ ਕੇ ਹੀ ਕੁਦਰਤੀ ਮਾਹਰ ਡਾ: ਐੱਨ. ਡੀ. ਜਿਆਲ ਨੇ ਸ਼ਖ਼ਤ ਸ਼ਬਦਾਂ ’ਚ ਕਿਹਾ, ‘ਦਿੱਲੀ ਅਤੇ ਸਟੇਟ ਰਾਜਧਾਨੀਆਂ ਦੇ ਸ਼ੀਸ਼-ਮਹਿਲਾਂ ਵਿੱਚ ਬੈਠੇ ਲੋਕ ਇਸ ਗੱਲ ਨੂੰ ਉੱਕਾ ਨਹੀਂ ਮਹਿਸੂਸ ਕਰ ਰਹੇ ਕਿ ਦੂਰ ਹਿਮਾਲਿਆਈ ਢਲਾਨਾਂ ’ਤੇ ਡਿੱਗਾ ਇਕ ਰੁੱਖ ਜਾਂ ਉੱਥੋਂ ਦਾ ਮਾਮੂਲੀ ਜਿਹਾ ਭੋਇੰ ਖਿਸਕਾਅ ਵੀ ਮਨੁੱਖੀ ਸੰਕਟ ਨੂੰ ਹੋਰ ਗਹਿਰਾ ਕਰ ਜਾਂਦਾ ਹੈ।’

ਪਰ ਲੱਗਦਾ ਹੈ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ ’ਚੋਂ ਰਾਜ (ਸਿਰਮੌਰ) ਸਥਾਨ ਰੱਖਦਾ



ਸਰਸਬਜ਼ ਇਹ ਖਿੱਤਾ ਕੁਝ ਹੀ ਸਹਿ ਸਦੀਆਂ ਵਿੱਚ ਉਦੋਂ ਧੂੜ ਵਿੱਚ ਬਦਲ ਗਿਆ ਜਦ ਜੰਗਲ ਰੁੱਸ ਗਏ। ਤਵਾਰੀਖ਼ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ ‘ਸਲਤਨਤ’ ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਤੇ ਸਿਸਲੀ ਦੀ ਭੋਇੰ-ਖੋਰ ਹੈ।

ਮੈਸੋਪੋਟਾਮੀਆ, ਫ਼ਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ ਉਰ, ਸੁਮੇਰੀਆ, ਬੈਬੀਲੋਨ ਅਤੇ ਅਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਜੰਗਲਾਂ ਦੀ ਅਸਮਤ (honour) ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹੰਜੋਦੜੋ ਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦਾ ਕੀ ਬਣਿਆ?

ਅਜੋਕੀਆਂ ਬਰਤਾਨਵੀ, ਫ਼ਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿੱਚ ਤਾਂ ਰੇਗਿਸਤਾਨ ਨਹੀਂ ਬਣਨ ਦਿੱਤੇ, ਪਰ ਇਨ੍ਹਾਂ ਏਸ਼ੀਆ, ਅਫ਼ਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਉੱਤਰੀ ਅਮਰੀਕਾ ਦੀਆਂ ਨੌਂ-ਅਬਾਦੀਆਂ ਵਿੱਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਹਿਆ। ਕੀਨੀਆ, ਯੁਗਾਂਡਾ ਅਤੇ ਇਥੋਪੀਆ ਵਿੱਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖ਼ਤਰਾ ਪੈਦਾ ਹੋ ਗਿਆ। ਕਦੇ ਦਜਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਜੇ ਜਾਣ ਵਾਲੇ ਇਰਾਕ ਅਤੇ ਅਸੀਰੀਆ ਜੋ ਮੈਸੋਪੋਟਾਮੀਆ ਦੇ ਨਾਂ ਨਾਲ ਸਭ ਤੋਂ ਹਰੇ-ਭਰੇ ਪ੍ਰਦੇਸ਼ ਸਨ, ਪਰ ਜੰਗਲਾਂ ਅਤੇ ਪਾਣੀ ਦੇ ਉਜਾੜੇ ਕਾਰਨ ਮਾਰੂਥਲ ਬਣੇ ਹੋਏ ਹਨ।

ਇਵੇਂ ਹੀ ਅੱਯਾਸ਼ ਬੇਸਮਝੀ ਨਾਲ ਰਾਜਸਥਾਨ ਦੀਆਂ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿੱਚ ਖ਼ਤਮ ਹੋ ਗਈਆਂ। ਅੱਜ ਰਾਜਸਥਾਨ ਨੂੰ ਦੁਨੀਆਂ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਪਿਛਲੇ ਦੋ

ਦਹਾਕਿਆਂ ਵਿੱਚ ਹੀ ਇਹ ਮਾਰੂਥਲ ਅੱਠ ਫ਼ੀ ਸਦੀ ਵਧ ਗਿਆ ਹੈ। ਇਹੀ ਸਥਿਤੀ ਗੁਜਰਾਤ, ਹਰਿਆਣਾ, ਕਰਨਾਟਕਾ ਅਤੇ ਆਂਧਰਾ-ਪ੍ਰਦੇਸ਼ ਆਦਿ ਸਮੇਤ ਕਿਸੇ ਹੱਦ ਤੀਕ ਹੁਣ ਪੰਜਾਬ 'ਚ ਵੀ ਪੈਦਾ ਹੋ ਰਹੀ ਹੈ। ਅਜਿਹਾ ਕਿਉਂ ਵਾਪਰ ਰਿਹਾ ਹੈ? ਕਿਉਂਕਿ ਅਸੀਂ ਅਗਿਆਨਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇਕਿਰਕ ਦਖ਼ਲ-ਅੰਦਾਜ਼ੀ ਕੀਤੀ। ਅਸੀਂ ਜੰਗਲਾਂ ਦੀ ਸੁਰੱਖਿਆ ਛਤਰੀ ਨੂੰ ਮਧੋਲ ਕੇ ਰੱਖ ਦਿੱਤਾ। ਨਤੀਜਾ, ਮਨੁੱਖ ਹੁਣ ਖੁਦ ਮਧੋਲਿਆ ਜਾ ਰਿਹਾ ਹੈ।

ਸ਼ਾਇਦ ਸਾਨੂੰ ਨਹੀਂ ਪਤਾ ਕਿ ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ ਜੋ ਥਾਰ ਦੀ ਖੁਸ਼ਕ ਫ਼ਿਜ਼ਾ ਨੂੰ ਸਿੱਲ੍ਹਾ ਕਰਨ ਵਿੱਚ ਸਿਫ਼ਤੀ ਰੋਲ ਨਿਭਾਉਂਦੀ ਹੈ। ਜੰਗਲਾਂ ਦਾ ਇਕ ਵਰਗ ਕਿਲੋਮੀਟਰ ਰਕਬਾ ਵੀਹ ਤੋਂ ਪੰਜਾਹ ਹਜ਼ਾਰ ਘਣ-ਮੀਟਰ ਪਾਣੀ ਆਪਣੀਆਂ ਜੜ੍ਹਾਂ ਵਿੱਚ ਸਾਡੇ ਲਈ ਸੰਭਾਲੀ ਰੱਖਦਾ ਹੈ। ਇਹ ਊਰਜਾ ਦੇ ਵੀ ਸਰੋਤ ਹਨ। ਇਨ੍ਹਾਂ ਕੋਲੋਂ ਅਥਾਹ ਭੋਜਨ ਮਿਲਦਾ ਹੈ। ਇਹ ਚਿਕਿਤਸਕ ਬੂਟੀਆਂ ਦੇ ਘਰ ਹਨ, ਕੰਦਮੂਲਾਂ ਦੇ ਵੀ। ਇੰਞ ਇਹ ਨਮੀ ਅਤੇ ਮੱਲੜ੍ਹ (ਪੱਤਖਾਦ) ਬਖ਼ਸ਼ ਕੇ ਧਰਤੀ ਨੂੰ ਠੰਢਾ, ਪੋਲਾ, ਮਿੱਤਰ ਕੀਟ-ਯੁਕਤ ਅਰਥਾਤ ਜ਼ਰਖੇਜ਼ ਬਣਾਉਂਦੇ ਹਨ, ਜ਼ਹਿਰਾਂ ਚੂਸਦੇ ਹਨ, ਧਰਾਤਲ ਤੇ ਖਲਾਅ ਨੂੰ ਨਮ-ਠੰਡਕ ਬਖ਼ਸ਼ਦੇ ਹਨ। ਇਨ੍ਹਾਂ ਨੂੰ ਖੇਤੀ ਲਈ ਦੁੱਧ ਚੁੰਘਾਉਣ ਵਾਲੀ ਮਾਂ ਵੀ ਕਿਹਾ ਜਾ ਸਕਦਾ ਹੈ। ਸ਼ਾਇਦ ਆਪਾਂ ਇਹ ਨਹੀਂ ਜਾਣਦੇ ਕਿ ਇਕ ਆਮ ਦਰੱਖਤ ਵੀ ਆਪਣੀ ਨਿੱਕੜੀ ਜਿਹੀ ਜ਼ਿੰਦਗੀ 'ਚ ਲੱਖਾਂ ਰੁਪਏ ਦੀ ਕਰੋੜਾਂ ਟਨ ਆਕਸੀਜਨ ਗੈਸ ਛੱਡਦਾ ਹੈ। ਇਕ ਵਰਗ ਕਿਲੋਮੀਟਰ ਜੰਗਲ ਹਰ ਰੋਜ਼ 3.7 ਮੀਟਰਿਕ ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ। ਇਕ ਮਨੁੱਖ ਨੂੰ 16 ਰੁੱਖਾਂ ਜਿੰਨੀ ਆਕਸੀਜਨ ਲੋੜੀਂਦੀ ਹੈ। ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿੱਚ ਰੁੱਖਾਂ ਤੇ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਅਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਸਿਰਫ਼ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ



ਨੂੰ ਬਚਾ ਸਕਦੀਆਂ ਹਨ। ਅਮਰੀਕਨ ਵਿਗਿਆਨੀ ਡਾਕਟਰ ਹੱਫ. ਐੱਚ. ਬੈਨਿਟ ਨੇ ਢੇਰ ਚਿਰ ਪਹਿਲਾਂ, 1939 ਵਿੱਚ ਹੀ ਅਮਰੀਕੀ ਕਾਂਗਰਸ ਨੂੰ ਚਿਤਾਵਨੀ ਦਿੱਤੀ ਸੀ, "ਅਮਰੀਕੀ ਸੱਭਿਅਤਾ ਦੀ ਨੀਂਹ ਸਿਰਫ਼ ਨੌਂ ਇੰਚ ਮੋਟੀ ਮਿੱਟੀ ਦੀ ਪਰਤ ਉੱਪਰ ਰੱਖੀ ਗਈ ਸੀ। ਇਹ ਪਰਤ ਹੁਣ ਤਿੰਨ ਇੰਚ ਰੁੜ੍ਹ ਚੁੱਕੀ ਹੈ। ਨੀਹਾਂ ਖੁਰ ਰਹੀਆਂ ਹਨ, ਕਿਉਂਕਿ ਅਤੀ ਆਧੁਨਿਕ ਖੇਤੀ ਕਾਰਨ ਅਸੀਂ ਜੰਗਲ ਗੁਆ ਰਹੇ ਹਾਂ। ਸਾਡੀ ਕੌਮ ਦੀ ਛੋਟੀ ਜਿਹੀ ਉਮਰ ਵਿੱਚ ਹੀ ਅਸੀਂ 282 ਦਹਿ ਲੱਖ ਏਕੜ ਭੂਮੀ ਗਵਾ ਚੁੱਕੇ ਹਾਂ। ਭੋਂ ਖੋਰ ਹੋਰ 775 ਦਹਿ ਲੱਖ ਏਕੜ ਵਿੱਚ ਕਿਰਿਆਸ਼ੀਲ ਹੈ।" ਇਹ ਤਾਂ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੀਆਂ ਗੱਲਾਂ ਹਨ। ਸਾਡੇ ਆਪਣੇ ਦੇਸ਼ ਵਿੱਚ ਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਭੋਇੰ ਖੋਰ, ਜਲ-ਸੰਕਟ-ਧੁੰਦ-ਗੁਬਾਰ, ਰੁੱਤ-ਵਿਗਾੜ ਅਤੇ ਜ਼ਰਖੇਜਤਾ ਘਟੀ ਹੈ।

ਚੋਣ ਸਾਡੇ ਸਾਹਮਣੇ ਹੈ- ਵਣਾਂ ਵਿਹੂਣੀ ਭੂਮੀ ਜਾਂ ਹਰਿਆਵਲੀ ਧਰਤੀ, ਬ੍ਰਿਖਾਂ ਸੰਗ ਸੰਵਾਦ ਜਾਂ ਉਨ੍ਹਾਂ ਵੱਲੋਂ ਬੇਪ੍ਰਤੀਤੀ, ਗੁਟਕਤੇ ਪੰਛੀਆਂ ਦਾ ਬਸੇਰਾ ਜਾਂ ਵੀਰਾਨਗੀ, ਉਪਜਾਊ ਮਿੱਟੀ ਦੀਆਂ ਬਰਕਤਾਂ ਜਾਂ ਵੀਰਾਨ ਮਾਰੂਥਲ, ਕੁਦਰਤ ਦੀਆਂ ਬਖ਼ਸ਼ਿਸ਼ਾਂ ਨਾਲ ਭਰੇ ਦਾਮਨ ਜਾਂ ਖ਼ਾਲੀ ਝੋਲੀਆਂ, ਕੁਦਰਤ ਦੇ ਪਾਲਕ ਜਾਂ ਵਿਨਾਸ਼ਕ, ਜਲ-ਕੁੰਡ ਜਾਂ ਕੰਕਰੀਟ ਦੇ ਜੰਗਲ, ਨਮੀ ਯੁਕਤ ਰੁਮਕਦੀਆਂ ਪੌਣਾਂ ਜਾਂ ਪਿੰਡਾ ਲੂੰਹਦਾ ਤਾਪਮਾਨ, ਸਾਫ਼-ਸੁਥਰੇ ਸਾਹ ਜਾਂ ਪਲੀਤ ਹਵਾਵਾਂ, ਗਰਭ ਤੋਂ ਲੈ ਕੇ ਸਿਵਿਆਂ ਤਕ ਦਾ ਸਾਥ ਜਾਂ ...? ਇਸ ਸਭ ਦਾ ਨਿਤਾਰਾ ਸਾਨੂੰ ਅੱਜ ਹੀ ਸਗੋਂ ਹੁਣੇ ਕਰਨਾ ਪੈਣਾ ਹੈ। ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ। ਕੁਦਰਤ ਦਾ ਇਹ ਅੰਗ ਨਾ ਰਿਹਾ ਤਾਂ ਬੰਦਾ ਵੀ ਨਹੀਂ ਰਹੇਗਾ। ਫਿਰ ਇਹ ਮਹਿਲ ਮੁਨਾਰੇ ਕਿਸ ਕੰਮ? ਜੰਗਲ ਕੁਦਰਤ ਦਾ ਸਿਰਮੌਰ ਅੰਗ ਹਨ, ਦਿਲ। ਰੁੱਖ ਗਾਇਬ ਹੋ ਗਏ ਤਾਂ ਸਾਵੇਂ ਮੀਹਾਂ ਅਤੇ ਰਮਤੇ ਜਨੌਰਾਂ ਵਾਂਗ ਮਨੁੱਖ ਵੀ ਛੂਪਣ-ਛੋਤ ਹੋ ਜਾਵੇਗਾ। ਪਹਿਲਾਂ ਹੀ ਰੁੱਖਾਂ ਦੇ ਕੱਟਣ ਨਾਲ ਜੀਵ-ਜੰਤੂਆਂ ਤੇ ਪੌਦਿਆਂ ਦੀਆਂ 66,000 ਜਾਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਅੱਜ ਅਸੀਂ ਅਫਰੀਕੀ ਸਾਹਿਰਾ ਬਾਰੇ ਪੜ੍ਹਦੇ ਹਾਂ... ਇਕ ਬਹੁਤ ਵੱਡਾ ਵੀਰਾਨ ਮਾਰੂਥਲ ਹੈ... ਬਨਸਪਤੀਹੀਣ... ਤਪਤੀ ਹੋਈ ਭੂਮੀ...

ਮ੍ਰਿਗਤ੍ਰਿਸ਼ਨਾ...।' ਜੇਕਰ ਪ੍ਰਚੱਲਿਤ ਸਥਿਤੀਆਂ ਇਵੇਂ ਹੀ ਰਹੀਆਂ, ਜੇ ਅਸੀਂ ਨਾ ਸੰਭਲੇ ਤਾਂ... ਤਦ ਅੱਜ ਤੋਂ ਇਕ ਅੱਧੀ ਸਦੀ ਬਾਅਦ ਹੀ ਵਿਦਿਆਰਥੀ ਭਾਰਤ ਦੇ ਸੰਦਰਭ 'ਚ ਵੀ ਕੁਝ ਇਸ ਤਰ੍ਹਾਂ ਦਾ ਹੀ ਪੜ੍ਹਿਆ ਕਰਨਗੇ, ਵੀਹਵੀਂ ਸਦੀ ਦੇ ਅੰਤ ਤਕ ਭਾਰਤ ਇਕ ਹਰਿਆ-ਭਰਿਆ ਤੇ ਸੰਘਣੀ ਅਬਾਦੀ ਵਾਲਾ ਖਿੱਤਾ ਹੁੰਦਾ ਸੀ। ਇਹ ਦੁਨੀਆਂ ਦੇ ਅਤਿ ਆਧੁਨਿਕ ਤੇ ਸੰਘਣੀ ਅਤੇ ਉੱਨਤ ਖੇਤੀ ਵਾਲੇ ਦੇਸ਼ਾਂ ਵਿੱਚ ਸ਼ੁਮਾਰ ਸੀ। ਪਰ ਵੱਸੋਂ ਦੇ ਬੇਮੁਹਾਰ ਵਾਧੇ ਅਤੇ ਮੁਨਾਫ਼ੇ ਦੀ ਹੋੜ ਨੇ ਜੰਗਲਾਂ ਨੂੰ ਨਿਗਲ ਲਿਆ। ਰੁੱਖਾਂ ਦੀ ਤਬਾਹੀ ਏਨੀ ਬੇਕਿਰਕੀ ਨਾਲ ਕੀਤੀ ਗਈ ਕਿ ਮੀਂਹ ਗਾਇਬ ਹੋ ਗਏ। ਭੋਇੰ-ਖੋਰ ਤੇ ਜਲ-ਸੰਕਟ ਵਧਿਆ। ਅੰਤ ਭੂਮੀ ਬੰਜਰ ਬਣ ਕੇ ਥਾਰ ਮਾਰੂਥਲ ਦਾ ਹਿੱਸਾ ਬਣ ਗਈ। ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ। ਅੱਜ ਇਹ ਉਪ ਮਹਾਂਦੀਪ ਮੱਧ ਏਸ਼ੀਆਈ ਮਾਰੂਥਲ ਨਾਲ ਮੇਲ ਖਾਂਦਾ ਹੈ। ਕਿਧਰੇ-ਕਿਧਰੇ ਘੁਮੱਕੜ ਲੋਕ ਪਾਣੀ ਤੇ ਖ਼ੁਰਾਕ ਦੀ ਭਾਲ ਵਿੱਚ ਭਟਕਦੇ ਦਿਖਾਈ ਦਿੰਦੇ ਹਨ। ਟਾਵੇਂ-ਟਾਵੇਂ ਨਖਲਿਸਤਾਨਾਂ ਵਿੱਚ ਸੀਮਿਤ ਜਿਹੀ ਖੇਤੀ ਵੀ ਕੀਤੀ ਜਾਂਦੀ ਹੈ ਤੇ ਭੇਡਾਂ ਬੱਕਰੀਆਂ ਪਾਲਣ ਦਾ ਕਿੱਤਾ ਚਲਾਇਆ ਜਾਂਦਾ ਹੈ। ਇੱਥੋਂ ਦਾ ਮੁੱਖ ਵਾਹਨ ਊਠ ਹੈ ।'

ਸਾਡੇ ਬਹੁਤੇ ਪੁਰਖੇ ਵੀ ਮੱਧ ਏਸ਼ੀਆ 'ਚੋਂ ਆਏ ਸਨ। ਜਦੋਂ ਉਨ੍ਹਾਂ ਦੇ ਵੱਗਾਂ ਨੇ ਉੱਥੋਂ ਦੀ ਬਨਸਪਤੀ, ਰੁੱਖ ਰੁੰਡ-ਮਰੁੰਡ ਕਰ ਦਿੱਤੇ ਤਾਂ ਚਰਾਂਦਾਂ ਵੀ ਖ਼ਤਮ ਹੋ ਗਈਆਂ ਅਤੇ ਜਲ ਕੁੰਢ ਵੀ । ਫਿਰ ਉਹ ਆਪਣੇ ਪਾਲੀਆਂ ਸਮੇਤ ਪਹਿਲਾਂ-ਪਹਿਲ ਵਰਾਸਤਾ ਸਿੰਧ, ਰਾਜਸਥਾਨ ਵਿੱਚ ਆ ਟਿਕੇ ਤੇ ਮਗਰੋਂ ਪੰਜਾਬ ਨੂੰ ਧਾਹ ਗਏ। ਉਦੋਂ ਇਹ ਖਿੱਤਾ ਸਪਤ-ਸਿੰਧੂ ਅਖਵਾਉਂਦਾ ਸੀ । ਕੀ ਇਤਿਹਾਸ ਫਿਰ ਦੁਹਰਾਇਆ ਜਾਏਗਾ? ਫਿਰ ਅਸੀਂ ਕਿਧਰ ਜਾਵਾਂਗੇ? ਖ਼ੈਰ! ਪੁਰਖੇ ਤਾਂ ਸ਼ਾਇਦ 'ਬੇਸਮਝ' ਸਨ, ਸਬਕ ਅਸੀਂ ਵੀ ਨਹੀਂ ਨਾ ਸਿੱਖਿਆ। ਰਿਗਵੇਦ, ਅੱਜ ਤੋਂ ਕਰੀਬ ਪੰਜ ਕੁ ਹਜ਼ਾਰ ਵਰ੍ਹੇ ਪਹਿਲਾਂ ਲਿਖਿਆ ਗਿਆ ਸੀ। ਇਹ ਹਿੰਦੁਸਤਾਨ ਦਾ ਪਹਿਲ-ਪਲੱਕੜਾ ਗ੍ਰੰਥ ਸੀ। ਉਦੋਂ ਸਾਡੀ ਧਰਤੀ ਕੁਦਰਤੀ ਬਰਕਤਾਂ ਨਾਲ ਮਾਲੋਮਾਲ ਸੀ ਜਿਹੜੀਆਂ ਮਨੁੱਖ ਨੂੰ ਬਹੁ-ਪੱਖੀ ਲਾਭ ਪਹੁੰਚਾ ਰਹੀਆਂ ਸਨ। ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ, ਵੇਲੇ ਦਾ ਨਿਰਛਲ



ਚਿੰਤਕ ਮਨੁੱਖ ਆਪਣੀ ਇਸ ਪਹਿਲ ਪਲੱਕੜੀ ਵਿਲੱਖਣ ਲਿਖਤ ਵਿੱਚ 'ਰੱਬ' ਬਾਰੇ ਨਹੀਂ ਬੋਲਦਾ ਸਗੋਂ ਕੁਦਰਤ ਬਾਰੇ ਗੱਲ ਕਰਦਾ ਹੈ। ਮਿੱਟੀ, ਪਾਣੀ, ਬਨਸਪਤੀ, ਆਕਾਸ਼, ਸੂਰਜ-ਚੰਦ ਆਦਿ ਬਾਰੇ ਬੋਲਦਾ ਹੈ, ਇਹ ਗਰੰਥ। ਇਸ ਗ੍ਰੰਥ ਦੇ ਕੁਝ ਪਹਿਲੂਆਂ ਬਾਰੇ ਸਾਡੇ ਵਿਗਿਆਨਿਕ ਵਿਚਾਰਧਾਰਾ ਵਾਲਿਆਂ ਦੇ ਕਿੰਨੇ ਵੀ ਮਤਭੇਦ ਕਿਉਂ ਨਾ ਹੋਣ ਪ੍ਰੰਤੂ ਇਸ ਵਿੱਚ ਕੁਦਰਤ, ਕੁਦਰਤੀ ਸੋਮਿਆਂ ਅਤੇ ਕੁਦਰਤੀ ਮਾਹਰਾਂ ਦੀ ਜਿਵੇਂ ਬੱਲੇ-ਬੱਲੇ ਕੀਤੀ ਗਈ ਹੈ, ਉਸ ਦੇ ਕੁਝ ਤੱਥਾਂ ਅਤੇ ਹਕੀਕਤਾਂ ਬਾਰੇ ਹਾਮੀ ਭਰੇ ਬਿਨਾਂ ਅਸੀਂ ਨਹੀਂ ਰਹਿ ਸਕਦੇ, ਇਸ ਵਿੱਚ ਉਦੋਂ ਦੇ ਰਾਜਸਥਾਨ ਵਰਗੇ ਖਿੱਤਿਆਂ ਵਿੱਚ ਉਦੋਂ ਵਰਗੇ ਫੈਲੇ ਪਸਰੇ ਰਮਣੀਕ ਨਖਲਿਸਤਾਨਾਂ ਅਤੇ ਇਨ੍ਹਾਂ ਖਿੱਤਿਆਂ ਦੀਆਂ ਉਪਜਾਊ ਸ਼ਾਹ-ਰਗਾਂ ਤੇ ਜੰਗਲਾਂ ਦੀਆਂ ਬਰਕਤਾਂ ਨੂੰ ਵਡਿਆਇਆ ਗਿਆ ਹੈ। ਕੁਦਰਤ ਦੀ ਰਾਖੀ ਨੂੰ ਵੀ ਧਰਮ ਫ਼ਰਜ਼ ਦੱਸਿਆ ਗਿਆ ਹੈ । ਮੁੱਕਦੀ ਗੱਲ, ਸਾਡੀ ਸਭਿਆਚਾਰਕ ਤਵਾਰੀਖ਼ ਵਿੱਚ ਰੁੱਖਾਂ ਨੂੰ ਦੇਵਤੇ ਦਾ ਦਰਜਾ ਪ੍ਰਾਪਤ ਹੈ ਅਤੇ ਜੰਗਲਾਂ ਨੂੰ ਤੀਰਥਾਂ ਦਾ। ਦਰੱਖ਼ਤ ਉਗਾਉਣਾ ਤਾਂ ਸਾਡੀ ਰਹਿਤਲ ਵਿੱਚ ਹੀ ਪਿਆ ਹੋਇਆ ਹੈ। ਅਸੀਂ ਇਸਨੂੰ ਭੁੱਲ ਭੁਲਾ ਚੁੱਕੇ ਹਾਂ।

-o-

## ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਬਾਣੀ ਦੇ ਅਨੁਸਾਰ ਗੁਰੂ ਸਾਹਿਬਾਨ ਨੇ ਹਵਾ, ਪਾਣੀ ਅਤੇ ਧਰਤੀ ਦਾ ਰਿਸ਼ਤਾ ਮਨੁੱਖ ਨਾਲ ਅਟੁੱਟ ਜੋੜਿਆ ਹੈ। ਅਜੋਕੇ ਯੁੱਗ ਵਿੱਚ ਮਨੁੱਖ ਨੇ ਆਪਣੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਕੁਦਰਤ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਦੀ ਕੋਈ ਪਰਵਾਹ ਨਹੀਂ ਕੀਤੀ। ਸਮਾਜ ਸੇਵੀ ਸਵ: ਭਗਤ ਪੂਰਨ ਸਿੰਘ ਜੀ ਨੇ ਜਿੱਥੇ ਮਨੁੱਖਤਾ ਦੀ ਸੇਵਾ ਵਿੱਚ ਦਿਨ ਰਾਤ ਇਕ ਕੀਤਾ ਉੱਥੇ ਨਾਲ-ਨਾਲ ਵਾਤਾਵਰਣ, ਮਨੁੱਖ ਦੀ ਖ਼ੁਰਾਕ ਅਤੇ ਆਪਣੇ ਸਹਿਯੋਗੀ ਪੰਛੀਆਂ ਪੌਦਿਆਂ ਵੱਲ ਵੀ ਖ਼ਾਸ ਧਿਆਨ ਦਿੱਤਾ। ਉਹਨਾਂ ਨੇ ਬਹੁਤ ਲਿਟਰੇਚਰ ਛਪਵਾਇਆ ਅਤੇ ਹਰ ਗੁਰਦੁਆਰੇ, ਮੰਦਰ ਅਤੇ ਪਬਲਿਕ ਥਾਵਾਂ 'ਤੇ ਖੜ੍ਹੇ ਹੋ ਕੇ ਹੱਥੋ ਹੱਥੀ ਮੁਫ਼ਤ ਵੰਡਿਆ। 20ਵੀਂ ਸਦੀ ਦਾ ਸਮਾਂ ਜੋ ਗੁਜ਼ਰ ਗਿਆ ਹੈ ਇਸ ਦੀਆਂ ਯਾਦਾਂ ਸਾਡੀ ਪੀੜ੍ਹੀ ਦੇ ਮਨਾਂ ਵਿੱਚ ਘਰ ਕਰ ਗਈਆਂ ਹਨ। ਅਸੀਂ ਖ਼ੁਦ ਜਾਣਦੇ ਹੋਏ ਵੀ ਆਪਣੇ ਸੁੱਖ ਸਹੂਲਤਾਂ ਲਈ ਸਾਰਾ ਵਾਤਾਵਰਣ ਪ੍ਰਦੂਸ਼ਿਤ ਕਰ ਦਿੱਤਾ ਹੈ। ਸ਼ਹਿਰ ਹੋਵੇ ਜਾਂ ਪਿੰਡ ਜਾਂ ਇਕ ਥਾਂ ਤੋਂ ਦੂਜੀ ਥਾਂ ਜਾਣ ਵਾਲਾ ਰਸਤਾ ਜਾਂ ਉਹ ਟੋਭੇ ਜਾਂ ਛੱਪੜ ਸਭ ਮਨੁੱਖ ਦੀ ਕਰੋਪੀ ਦਾ ਸ਼ਿਕਾਰ ਹੋ ਗਏ ਹਨ। ਸ਼ਹਿਰਾਂ ਵਿੱਚ ਨਿੱਤ ਨਵੇਂ ਵਾਹਨ ਸੜਕਾਂ 'ਤੇ ਦੌੜ ਰਹੇ ਹਨ। ਕੀ ਅਸੀਂ ਇਹ ਨਹੀਂ ਜਾਣਦੇ ਕਿ ਇਕ ਛੋਟੀ ਜਿਹੀ ਮਸ਼ੀਨ ਭਾਵ ਸਕੂਟਰ ਜਿਸ ਵੇਲੇ ਅਸੀਂ ਸਟਾਰਟ ਕਰਦੇ ਹਾਂ ਤਾਂ ਉਹ ਛੇ ਮਹੀਨੇ ਤਕ ਦੀ ਉਮਰ ਦੇ ੩੦ ਬੱਚਿਆਂ ਦੀ ਆਕਸੀਜਨ ਲੈ ਰਿਹਾ ਹੁੰਦਾ ਹੈ, ਉਹ ਵੱਡੀਆਂ ਗੱਡੀਆਂ, ਉਹ ਵੱਡੇ ਕਾਰਖ਼ਾਨਿਆਂ ਦੇ ਜਨਰੇਟਰ ਕਿੰਨੀ ਹਵਾ ਖਿੱਚ ਰਹੇ ਹਨ ਅਤੇ ਸਾਇਲੈਂਸਰ ਰਾਹੀਂ ਸਾਨੂੰ ਉਹ ਕਾਰਬਨ ਟਨਾਂ ਦੇ ਹਿਸਾਬ ਨਾਲ ਦੇ ਰਹੇ ਹਨ। ਇਸ ਨਾਲ ਇਕੱਲਾ ਮਨੁੱਖ ਹੀ ਪ੍ਰਭਾਵਤ ਨਹੀਂ ਹੋ ਰਿਹਾ ਹੈ ਸਗੋਂ ਸਾਰੀ ਬਨਸਪਤੀ, ਪਸ਼ੂ-ਪੰਛੀ ਅਤੇ ਜੀਵਾਣੂ ਵੀ ਮਨੁੱਖ ਵਾਂਗ ਇਸ ਦਲਦਲ ਵਿੱਚ ਫਸੇ ਹੋਏ ਹਨ। ਕੀ ਮਨੁੱਖ ਨੇ ਕਦੀ ਸੋਚਿਆ ਹੈ ਕਿ ਸਾਡੇ ਇਹ ਸਾਧਨ, ਸਾਡੀ ਇਹ ਅਬਾਦੀ ਦਿਨੋ ਦਿਨ ਵਧ ਰਹੀ ਹੈ ਅਤੇ ਆਪਣੇ ਬੱਚਿਆਂ ਨਾਲੋਂ ਵੱਧ ਪਿਆਰੇ ਪੇੜ-ਪੌਦੇ ਅਲੋਪ ਹੁੰਦੇ ਜਾ ਰਹੇ ਹਨ। ਇਹ ਕੁਦਰਤ ਦੇ ਦਿੱਤੇ ਹੋਏ "ਆਕਸੀਜਨ" ਦੇ ਸਿਲੰਡਰ ਕੀ ਮਨੁੱਖ ਕਿਸੇ ਫੈਕਟਰੀ ਵਿੱਚ ਪੈਦਾ ਕਰ ਸਕੇਗਾ? ਦਿਨ-ਬ-ਦਿਨ ਸਾਡਾ ਆਲਾ ਦੁਆਲਾ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਉਸ ਵਿੱਚ ਵਧ ਰਹੀ ਕੈਮੀਕਲ ਦੀ ਵਰਤੋਂ ਅਤੇ ਪਲਾਸਟਿਕ ਦੇ ਲਿਫ਼ਾਫ਼ੇ ਹਰ ਸ਼ਹਿਰ, ਹਰ ਪਿੰਡ ਅਤੇ ਹਰ ਗਲੀ ਮੁਹੱਲੇ



ਵਿੱਚ ਸਾਨੂੰ ਰਾਖ਼ਸ਼ਸ਼ ਦੀ ਤਰ੍ਹਾਂ ਨਜ਼ਰ ਆ ਰਹੇ ਹਨ ਜੋ ਸਾਨੂੰ ਨਿਗਲ ਲੈਣ ਲਈ ਤਿਆਰ ਬੈਠੇ ਹਨ । ਇਹ ਸਾਰਾ ਕੁਝ ਮਨੁੱਖ ਦਾ ਆਪਣਾ ਪੈਦਾ ਕੀਤਾ ਹੋਇਆ ਹੈ।ਅਜੋਕੀ ਖੇਤੀ ਜਿਸ ਵਿੱਚ ਕੀੜੇਮਾਰ ਦਵਾਈਆਂ ਦੀ ਭਰਮਾਰ ਨੇ ਸਾਡੇ ਅੰਦਰ ਜ਼ਹਿਰ ਘੋਲ ਦਿੱਤਾ ਹੈ । ਅਸੀਂ ਧੜਾਧੜ ਫ਼ਸਲੀ ਝਾੜ ਬਹੁਤਾ ਲੈਣ ਦੇ ਚੱਕਰ ਵਿੱਚ ਯੂਰੀਆ, ਕੀਟ-ਨਾਸ਼ਕ ਅਤੇ ਨਦੀਨ-ਨਾਸ਼ਕ ਦਵਾਈਆਂ ਦੀਆਂ ਬੋਰੀਆਂ ਦੇ ਮੂੰਹ ਖੇਤਾਂ ਵਿੱਚ ਖੋਲ੍ਹੀ ਜਾ ਰਹੇ ਹਾਂ । ਸਬਜ਼ੀ ਹੋਵੇ ਜਾਂ ਅਨਾਜ ਸਭ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਸਾਡੇ ਘਰਾਂ ਦਾ ਦਰਵਾਜ਼ਾ ਟੱਪ ਕੇ ਅੰਦਰ ਦਾਖ਼ਲ ਹੋ ਗਈਆਂ ਹਨ । ਪਾਣੀ ਜੋ ਹਵਾ ਤੋਂ ਬਾਅਦ ਸਾਡੇ ਲਈ ਅਤਿਅੰਤ ਜ਼ਰੂਰੀ ਹੈ, ਉਹ ਵੀ ਪ੍ਰਦੂਸ਼ਿਤ ਹੋ ਗਿਆ ਹੈ । ਦੁੱਧ ਨਾਲੋਂ ਮਹਿੰਗਾ ਪਾਣੀ ਲੈ ਕੇ ਅਸੀਂ ਪੀਣ ਲਈ ਮਜ਼ਬੂਰ ਹੋ ਗਏ ਹਾਂ। ਅਸੀਂ ਸਾਰੇ ਜਾਣਦੇ ਹਾਂ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋ ਗਿਆ ਹੈ। ਪੇਟ ਦੀਆਂ ਅੰਤੜੀਆਂ ਦੀਆਂ ਬਿਮਾਰੀਆਂ, ਮਿਹਦੇ ਦੀਆਂ ਬਿਮਾਰੀਆਂ, ਜੋੜਾਂ ਦੀਆਂ ਬਿਮਾਰੀਆਂ, ਸਾਡੀ ਪ੍ਰਦੂਸ਼ਿਤ ਖ਼ੁਰਾਕ ਸਾਡੇ ਵਿੱਚ ਦਾਖ਼ਲ ਹੁੰਦੀਆਂ ਹਨ ।

ਥੋੜ੍ਹਾ ਸਮਾਂ ਪਹਿਲਾਂ ਅਸੀਂ ਰਾਸ਼ਨ-ਕਾਰਡ ਲੈ ਕੇ ਮਿੱਟੀ ਦਾ ਤੇਲ ਲਾਈਨ ਵਿੱਚ ਖੜ੍ਹੇ ਹੋ ਕੇ ਪ੍ਰਾਪਤ ਕਰਦੇ ਸਾਂ; ਪਰ ਹੁਣ ਪੀਣ ਦਾ ਪਾਣੀ ਪ੍ਰਾਪਤ ਕਰਨ ਵਾਸਤੇ ਲਾਈਨ ਵਿੱਚ ਖੜ੍ਹਾ ਹੋਣਾ ਪਵੇਗਾ । ਅਫ਼ਸੋਸ ਮਨੁੱਖ ਕਿਧਰ ਨੂੰ ਜਾ ਰਿਹਾ ਹੈ ? ਭਗਤ ਪੂਰਨ ਸਿੰਘ ਜੀ ਨੇ ਕਿਹਾ ਸੀ ਕਿ

**ਰੁੱਖ ਹੈ ਮਨੁੱਖ ਹੈ,**
**ਰੁੱਖ ਨਹੀਂ ਮਨੁੱਖ ਨਹੀਂ,**
**ਰੁੱਖਾਂ ਤੋਂ ਬਿਨਾਂ ਸਾਡਾ ਜੀਵਨ ਅਧੂਰਾ ਹੈ ।**

ਅਮਰੀਕਾ ਵਰਗੇ ਵਿਕਸਿਤ ਦੇਸ਼ ਵਾਯੂ-ਮੰਡਲ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਅ ਰਹੇ ਹਨ, ਪਰ ਕੌਣ ਕਹੇ "ਰਾਣੀਏ ਅੱਗਾ ਢੱਕ" ਵਾਲੀ ਗੱਲ ਹੈ। ਸਾਡੀਆਂ ਇਹ ਮੌਜੂਦਾ ਸਰਕਾਰਾਂ ਜੇ ਹੋਸ਼ ਵਿੱਚ ਆ ਜਾਣ ਤਾਂ ਪਾਣੀ ਦਾ ਪਵਿੱਤਰ ਸੋਮਾ ਬਚਾਇਆ ਜਾ ਸਕਦਾ ਹੈ । 'ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈਂ ਖੇਤ', ਵਕਤ ਤੋਂ ਬਾਅਦ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ । ਮਨੁੱਖ ਤਾਂ ਬਰਬਾਦ ਹੋ ਹੀ ਰਿਹਾ ਹੈ, ਉਸਨੇ ਓਜ਼ੋਨ ਪਰਤ ਜਿਹੜੀ ਸੂਰਜ ਦੀਆਂ ਕਿਰਨਾਂ ਨਾਲ ਅਲਟਰਾਵਾਇਲੈਟ ਵਰਗੀਆਂ ਕਿਰਨਾਂ ਨੂੰ ਰੋਕਦੀ ਸੀ ਉਸ ਵਿੱਚ ਵੀ ਛੇਕ ਪਾ ਦਿੱਤੇ ਹਨ । ਜਿੱਥੇ ਪਾਣੀ ਹਰ ਸਾਲ

ਡੇਢ ਫੁੱਟ ਦੇ ਕਰੀਬ ਹੇਠਾਂ ਜਾ ਰਿਹਾ ਹੈ ਉੱਥੇ ਬਰਫ਼ ਦੇ ਗਲੇਸ਼ੀਅਰ ਖੁਰ ਰਹੇ ਹਨ । ਸਾਡੇ ਇਹ ਡੈਮ, ਇਹ ਨਹਿਰਾਂ ਸਾਡੀ ਸੁਹਾਵਣੀ ਖੇਤੀ ਵਾਸਤੇ ਪਾਣੀ ਕਿੱਥੋਂ ਆਵੇਗਾ? ਇਕ ਪਾਸੇ ਇੰਗਲੈਂਡ ਅਤੇ ਜਾਪਾਨ ਵਰਗੇ ਦੇਸ਼ ਅਤੇ ਦੂਸਰੇ ਪਾਸੇ ਭਾਰਤ ਵਿੱਚ ਬੰਬੇ ਅਤੇ ਕਈ ਟਾਪੂ ਡੁੱਬ ਜਾਣ ਵਾਲੇ ਪਾਸੇ ਜਾ ਰਹੇ ਹਨ । ਕੁਦਰਤ ਦੀਆਂ ਬਖ਼ਸ਼ੀਆਂ ਹੋਈਆਂ ਅਨਮੋਲ ਦਾਤਾਂ ਜਿਨ੍ਹਾਂ ਦੀ ਮਨੁੱਖ ਨੂੰ ਰਤੀ ਪ੍ਰਵਾਹ ਨਹੀਂ ਖ਼ਤਮ ਹੋ ਰਹੀਆਂ ਹਨ । ਪਦਾਰਥਵਾਦੀ ਯੁੱਗ ਨੇ ਮਨੁੱਖ ਨੂੰ ਕਹਿਰਵਾਨ ਬਣਾ ਦਿੱਤਾ ਹੈ । ਉਹ ਮਨੁੱਖ ਜਿਸ ਨੂੰ ਕਦੇ ਕੁਦਰਤ ਦੀਆਂ ਬਖ਼ਸ਼ੀਆਂ ਦਾਤਾਂ ਦਾ ਪਹਿਰੇਦਾਰ ਸਮਝਿਆ ਜਾਂਦਾ ਸੀ ਉਹ ਇਸ ਵੇਲੇ ਇਨਸਾਨ ਨਹੀਂ ਹੈਵਾਨ ਦਾ ਰੂਪ ਧਾਰ ਗਿਆ ਹੈ ।

ਡਾ: ਬੀਬੀ ਇੰਦਰਜੀਤ ਕੌਰ ਵੱਲੋਂ ਭਗਤ ਜੀ ਦੇ ਨਕਸ਼ੇ ਕਦਮਾਂ ’ਤੇ ਚਲਦਿਆਂ ਹੋਇਆਂ ਜਿੱਥੇ ਪਿੰਗਲਵਾੜਾ ਸੰਸਥਾ ਵਿੱਚ ਬੇਸਹਾਰੇ ਰੋਗੀਆਂ ਦੀ ਸੇਵਾ ਕੀਤੀ ਜਾ ਰਹੀ ਹੈ ਉੱਥੇ ਨਾਲ-ਨਾਲ ਵਾਤਾਵਰਣ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਪਿੰਗਲਵਾੜਾ ਨਰਸਰੀ ਰਾਹੀਂ ਸਕੂਲਾਂ, ਕਾਲਜਾਂ ਅਤੇ ਸ਼ਮਸ਼ਾਨ ਘਾਟਾਂ ਵਰਗੀਆਂ ਥਾਵਾਂ ’ਤੇ ਹਜ਼ਾਰਾਂ ਬੂਟੇ ਲਗਾਏ ਜਾਂਦੇ ਹਨ । ਇਸ ਸੰਬੰਧ ਵਿੱਚ ਮੁਫ਼ਤ ਲਿਟਰੇਚਰ ਹਰ ਜਗ੍ਹਾ ਵੰਡਿਆ ਜਾਂਦਾ ਹੈ । ਅਨੇਕਾਂ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਇੱਥੇ ਹੀ ਬਸ ਨਹੀਂ ਉਹਨਾਂ ਵੱਲੋਂ ਪਿੰਗਲਵਾੜਾ ਐਗਰੀਕਲਚਰ ਫਾਰਮ ਵਿੱਚ ਕੁਦਰਤੀ ਖੇਤੀ ਜਿਸ ਨੂੰ ਅਸੀਂ ‘**ਜ਼ੀਰੋ ਬਜ਼ਟ**’ ਖੇਤੀ ਕਹਿੰਦੇ ਹਾਂ, ਸ਼ੁਰੂ ਕੀਤੀ ਹੈ । ਇਸ ਤਰ੍ਹਾਂ ਦੀ ਖੇਤੀ ਵਿੱਚ ਪਾਣੀ ਦੀ ਘੱਟ ਲੋੜ ਪੈਂਦੀ ਹੈ ਅਤੇ ਆਮ ਪ੍ਰਚੱਲਿਤ ਖੇਤੀ ਨਾ ਕਰਕੇ 60% ਪਾਣੀ ਬਚਾਇਆ ਜਾਂਦਾ ਹੈ । ਇਹ ਖੇਤੀ ਬਿਨਾਂ ਕੀੜੇ ਮਾਰ ਦਵਾਈਆਂ ਅਤੇ ਖਾਦਾਂ ਤੋਂ ਕੀਤੀ ਜਾਂਦੀ ਹੈ । ਕਿਸਾਨਾਂ ਨੂੰ ਵੀ ਇਹ ਖੇਤੀ ਕਰਨ ਲਈ ਪ੍ਰੇਰਿਆ ਜਾਂਦਾ ਹੈ । ਅਸੀਂ ਜਾਣਦੇ ਹਾਂ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜਦ ਆਸਾਮ ਪ੍ਰਦੇਸ਼ ਦੀ ਯਾਤਰਾ ’ਤੇ ਗਏ ਉਦੋਂ ਉਹ ਰਸਤੇ ਵਿੱਚ ਫੁੱਲ ਬੂਟੇ ਅਤੇ ਰੁੱਖ ਲਗਵਾਉਂਦੇ ਗਏ; ਕਿਉਂਕਿ ਉਹ ਜਾਣੀ ਜਾਣ ਸਨ । ਫਿਰ ਅੱਜ ਦਾ ਮਨੁੱਖ ਆਪਣੇ ਗੁਰੂਆਂ ਤੇ ਵੱਡੇ ਵਡੇਰਿਆਂ ਤੋਂ ਸੇਧ ਕਿਉਂ ਨਹੀਂ ਲੈ ਰਿਹਾ?

ਰਾਜਬੀਰ ਸਿੰਘ ਮੈਂਬਰ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਰਜਿ. ਅੰਮ੍ਰਿਤਸਰ।

-o-



# ਬਿਰਖਾਂ ਬਾਝ ਨਾ ਸੋਂਹਦੀ ਧਰਤੀ....

**ਬਿਰਖਾਂ ਬਾਝ ਨਾ ਸੋਂਹਦੀ ਧਰਤੀ,**

**ਭਾਵੇਂ ਲੱਖ ਹਵੇਲੀਆਂ ਖੜ੍ਹੀਆਂ।**

ਸਾਡੇ ਲੋਕ-ਗੀਤ ਐਨੀ ਡੂੰਘੀ ਗੱਲ ਦਾ ਸੁਨੇਹਾ ਦਿੰਦੇ ਹਨ ਕਿ ਹਰ ਮਨੁੱਖ ਨੂੰ ਸੋਚਣ ਤੇ ਸਮਝਣ ਲਈ ਮਜਬੂਰ ਕਰ ਦਿੰਦੇ ਹਨ। ਅੱਜ ਅਸੀਂ ਬਹੁ-ਮੰਜ਼ਲੀਆਂ ਕੰਕਰੀਟ ਦੀਆਂ ਇਮਾਰਤਾਂ ਖੜ੍ਹੀਆਂ ਕਰਕੇ ਮਾਣ ਤੇ ਖ਼ੁਸ਼ੀ ਮਹਿਸੂਸ ਕਰਦੇ ਹਾਂ ਪਰ ਸਾਡੀ ਇਸ ਧਰਤ ਦਾ ਅਸਲ ਸ਼ਿੰਗਾਰ ਤਾਂ ਰੁੱਖ ਹਨ। ਕਦੇ ਕਿਸੇ ਰੁੱਖ ਨੂੰ ਗਹੁ ਨਾਲ ਤੱਕੋ ਤੇ ਮਹਿਸੂਸ ਕਰੋ ਕਿ ਪਰਮਾਤਮਾ ਨੇ ਰੁੱਖ ਦੇ ਰੂਪ ਵਿੱਚ ਸਾਨੂੰ ਇਕ ਤਰ੍ਹਾਂ ਦਾ ਬੁੱਕਾ ਜਾਂ ਗੁਲਦਸਤਾ ਪੇਸ਼ ਕੀਤਾ ਹੈ। ਜ਼ਿੰਦਗੀ ਦੀ ਦੌੜ ’ਚ ਅਸੀਂ ਕੁਦਰਤ ਦੇ ਇਨ੍ਹਾਂ ਖ਼ੂਬਸੂਰਤ ਤੋਹਫ਼ਿਆਂ ਨੂੰ ਵਿਸਾਰਦੇ ਜਾ ਰਹੇ ਹਾਂ। ਬਣਾਵਟੀ ਵਸਤਾਂ ਵੱਲ ਜ਼ਿਆਦਾ ਆਕਰਸ਼ਿਤ ਹੋ ਕੇ ਕੁਦਰਤ ਦੇ ਹੁਸੀਨ ਨਜ਼ਾਰੇ ਨਸ਼ਟ ਕਰਨ ’ਤੇ ਤੁਲੇ ਹੋਏ ਹਾਂ। ਸਾਡੇ ਗੁਰੂਆਂ, ਪੀਰਾਂ, ਪੈਗ਼ੰਬਰਾਂ ਨੇ ਵੀ ਸਾਨੂੰ ਸਦੀਆਂ ਪਹਿਲਾਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ।

**ਬਿਰਖੈ ਹੇਠਿ ਸਭ ਜੰਤ ਇਕੱਠੇ।**

ਭਾਵੇਂ ਅਸੀਂ ਬਹੁਤ ਲੇਟ ਜਾਂ ਪਿੱਛੇ ਰਹਿ ਚੁੱਕੇ ਹਾਂ ਪਰ ਫਿਰ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇ ਅਸੀਂ ਆਪਣਾ ਫ਼ਰਜ਼ ਪਹਿਚਾਣ ਕੇ ਕਾਰਜ ਸ਼ੁਰੂ ਕਰੀਏ। ਬਰਸਾਤ ਰੁੱਤ ਆ ਚੁੱਕੀ ਹੈ, ਇਸ ਨੂੰ ਰੁੱਖ ਲਾਉਣ ਦੀ ਰੁੱਤ ਵੀ ਕਿਹਾ ਜਾਂਦਾ ਹੈ। ਅਸੀਂ ਸਾਲ ਵਿੱਚ ਅਨੇਕਾਂ ਤਿੱਥ ਤਿਉਹਾਰ ਮਨਾਉਂਦੇ ਹਾਂ। ਦੀਵਾਲੀ, ਦੁਸਹਿਰਾ ਦੀ ਤਰ੍ਹਾਂ ਅੱਜ ਸਾਨੂੰ ਰੁੱਖਾਂ ਦੇ ਤਿਉਹਾਰ ਯਾਨੀ ਵਣ-ਮਹਾਂਉਤਸਵ ਵੀ ਓਨੀ ਸ਼ਿੱਦਤ ਨਾਲ ਮਨਾਉਣਾ ਚਾਹੀਦਾ ਹੈ ਜਿੰਨੀ ਸ਼ਿੱਦਤ ਨਾਲ ਅਸੀਂ ਹੋਰ ਤਿਉਹਾਰ ਮਨਾਉਂਦੇ ਹਾਂ। ਜਿਨ੍ਹਾਂ ਰੁੱਖਾਂ ਦੁਆਲੇ ਸ੍ਰਿਸ਼ਟੀ ਦਾ ਸਭ ਚੱਕਰ ਚੱਲਦਾ ਹੈ, ਸਾਡੀਆਂ ਹਰ ਲੋੜਾਂ ਦੀ ਪੂਰਤੀ ਇਹ ਕਰਦੇ ਹਨ ਖ਼ਾਸ ਕਰ ਹਰ ਪਲ ਜਿਊਣ ਲਈ ਲੋੜੀਂਦੀ ਆਕਸੀਜਨ ਸਾਨੂੰ ਦਿੰਦੇ ਹਨ ਤਾਂ ਸਾਨੂੰ ਇਨ੍ਹਾਂ ਦੇ ਤਿਉਹਾਰ ਮਨਾਉਣ ’ਚ ਪੂਰਾ ਵਧ ਚੜ੍ਹ

ਕੇ ਹਿੱਸਾ ਲੈਣਾ ਚਾਹੀਦਾ ਹੈ। ਰੁੱਖ ਵਿਚਾਰੇ ਸਾਡੇ ਜਨਮ ਤੋਂ ਮਰਨ ਤਕ ਦੇ ਸਫ਼ਰ ਤੇ ਰੋਜ਼ਮਰ੍ਰਾ ਦੀ ਜ਼ਿੰਦਗੀ 'ਚ ਸਵੇਰ ਦੀ ਦਾਤਣ ਤੋਂ ਲੈ ਕੇ ਰਾਤ ਨੂੰ ਸੌਣ ਵਾਲੇ ਮੰਜੇ ਤਕ ਸਾਡੀ ਹਰ ਲੋੜ ਦੀ ਪੂਰਤੀ ਬਿਨਾਂ ਕੁਝ ਕਹੇ ਸੁਣੇ ਪੂਰੀ ਕਰਦੇ ਹਨ। ਅਸੀਂ ਸਭ ਹਵਾ 'ਚ ਵੱਖ-ਵੱਖ ਸਾਧਨਾਂ ਰਾਹੀਂ ਜ਼ਹਿਰਾਂ ਘੋਲਣ 'ਤੇ ਲੱਗੇ ਹੋਏ ਹਾਂ ਤੇ ਇਹ ਸੁਰਜੀਤ ਪਾਤਰ ਦੇ ਕਹਿਣ ਅਨੁਸਾਰ:

**ਏਹੋ ਹੈ ਮੇਰੀ ਮੈਅਕਸ਼ੀ, ਏਸੇ 'ਚ ਮਸਤ ਹਾਂ**
**ਪੌਣਾਂ 'ਚੋਂ ਜ਼ਹਿਰ ਪੀ ਰਿਹਾ ਹਾਂ, ਮੈਂ ਦਰੱਖਤ ਹਾਂ।**

'ਵਣ-ਮਹਾਂਉਤਸਵ' ਮਨਾਉਣ ਦੀ ਸ਼ੁਰੂਆਤ ਬਾਰੇ ਗੱਲ ਕਰੀਏ ਤਾਂ ਮੈਂ ਇਹ ਦੱਸਣਾ ਜ਼ਰੂਰੀ ਸਮਝਾਂਗਾ ਕਿ ਸ਼ੁਰੂਆਤੀ ਦਿਨ ਸਮੇਂ ਇਸ ਉਤਸਵ ਦਾ ਨਾਂਅ '**ਰੁੱਖ ਉਗਾਓ ਉਤਸਵ**' ਸੀ ਅਤੇ ਸਾਡੇ ਦੇਸ਼ ਵਿੱਚ ਪਹਿਲਾ 'ਰੁੱਖ ਉਗਾਓ ਉਤਸਵ' ਸੰਨ ੧੯੪੭ ਦੇ ਜੁਲਾਈ ਮਹੀਨੇ 'ਰੁੱਖ ਉਗਾਓ ਸਪਤਾਹ' ਦੇ ਤੌਰ 'ਤੇ ਮਨਾਇਆ ਗਿਆ। ਕੁਝ ਲੋਕਾਂ ਨੇ ਇਸ ਨੂੰ 'ਰੁੱਖ ਬੀਜਣ ਸਪਤਾਹ' ਵੀ ਕਿਹਾ। ਇਸ ਉਤਸਵ ਦਾ ਆਗਾਜ਼ ਸਾਡੇ ਦੇਸ਼ ਦੇ ਮਹਾਨ ਨੇਤਾਵਾਂ—ਪੰਡਿਤ ਜਵਾਹਰ ਲਾਲ ਨਹਿਰੂ, ਡਾ: ਰਾਜਿੰਦਰ ਪ੍ਰਸਾਦ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੀਆਂ ਅਹਿਮ ਸ਼ਖ਼ਸੀਅਤਾਂ ਨੇ 'ਕਚਨਾਰ' ਦੇ ਬੂਟੇ ਲਾ ਕੇ ਕੀਤਾ। ਸੰਨ ੧੯੫੦ ਵਿੱਚ ਸ੍ਰੀ ਕੇ. ਐਮ. ਮੁਨਸ਼ੀ ਜੋ ਉਸ ਸਮੇਂ ਭਾਰਤ ਦੇ ਖ਼ੁਰਾਕ ਅਤੇ ਖੇਤੀਬਾੜੀ ਮੰਤਰੀ ਸਨ, ਨੇ ਇਸ ਦਾ ਨਾਂਅ ਬਦਲ ਕੇ 'ਵਣ-ਮਹਾਂਉਤਸਵ' ਰੱਖਿਆ। ਉਨ੍ਹਾਂ ਰੁੱਖ ਲਾਉਣ ਦੀ ਲਹਿਰ ਕੌਮੀ ਪੱਧਰ 'ਤੇ ਚਲਾ ਕੇ ਆਮ ਲੋਕਾਂ ਦਾ ਧਿਆਨ ਵੀ ਇਸ ਵੱਲ ਦਿਵਾਇਆ। ਉਨ੍ਹਾਂ ਦੇ ਕਥਨ ਅਨੁਸਾਰ 'ਦੇਸ਼ ਦੀ ਸਧਾਰਨ ਆਰਥਿਕ ਦਸ਼ਾ ਵਿੱਚ ਰੁੱਖਾਂ ਦਾ ਆਪਣਾ ਸਥਾਨ ਹੁੰਦਾ ਹੈ। ਵਣ ਖੇਤੀਬਾੜੀ ਨਾਲ ਸੰਬੰਧਿਤ ਨਹੀਂ ਹੁੰਦੇ। ਸਾਡੇ ਵਣ ਅਜਿਹਾ ਅਮੁੱਕ ਸੋਮਾ ਹਨ ਜਿਨ੍ਹਾਂ ਤੋਂ ਅਸੀਂ ਆਪਣੇ ਲੱਖਾਂ ਦੀ ਗਿਣਤੀ ਵਿੱਚ ਵਧ ਰਹੇ ਲੋਕਾਂ ਵਾਸਤੇ ਖਾਧ ਖ਼ੁਰਾਕ ਪ੍ਰਾਪਤ ਕਰ ਸਕਦੇ ਹਾਂ। ਰੁੱਖਾਂ ਦੇ ਹੋਣ ਦਾ ਅਰਥ ਹੋਵੇਗਾ ਪਾਣੀ ਦਾ ਹੋਣਾ ਤੇ ਜੇ ਪਾਣੀ ਆਮ ਹੋਵੇ ਤਾਂ ਖ਼ੁਰਾਕ ਆਮ ਹੋ ਸਕਦੀ ਹੈ ਤੇ ਖ਼ੁਰਾਕ ਹੀ ਜ਼ਿੰਦਗੀ ਨੂੰ ਕਾਇਮ ਰੱਖਣ ਲਈ ਪ੍ਰਥਮ ਲੋੜ ਹੈ।'



ਵਣ-ਮਹਾਂਉਤਸਵ ਨਿਰੰਤਰ ਅੰਦੋਲਨ ਦੀ ਤਰ੍ਹਾਂ ਹੈ ਜੋ ਦਿਨ-ਪੁਰ-ਰਾਤ ਚੱਲਦਾ ਹੈ। ਇਸ ਦਿਨ ਜਾਂ ਮਹੀਨੇ ਰੁੱਖ ਲਾ ਕੇ ਕੰਮ ਖ਼ਤਮ ਨਹੀਂ ਕੀਤਾ ਜਾਂਦਾ ਬਲਕਿ ਸ਼ੁਰੂ ਕੀਤਾ ਜਾਂਦਾ ਹੈ ਜੋ ਕਦੇ ਖਾਦ ਪਾਉਣ, ਪਾਣੀ ਲਾਉਣ, ਪਸ਼ੂ-ਪੰਛੀਆਂ ਤੋਂ ਬਚਾਉਣ ਆਦਿ ਕਰਦਿਆਂ ਫਿਰ ਦੁਬਾਰ ਬਰਸਾਤ ਰੁੱਤ ਆ ਜਾਂਦੀ ਹੈ ਅਤੇ ਅਸੀਂ ਲਗਾਤਾਰ ਰੁੱਖਾਂ ਦੇ ਨਾਲ ਹੀ ਚੱਲਦੇ ਰਹਿੰਦੇ ਹਾਂ। ਜੇਕਰ ਰੁੱਖ ਲਾਉਣਾ ਬਹੁਤ ਮਹਾਨ ਕੰਮ ਹੈ ਤਾਂ ਉਸ ਨੂੰ ਸੰਭਾਲਣਾ ਉਸ ਤੋਂ ਵੀ ਵੱਡੀ ਮਹਾਨਤਾ ਹੈ; ਬਲਕਿ ਮੈਂ ਤਾਂ ਇਹ ਸਮਝਦਾ ਹਾਂ ਕਿ ਅੱਜ ਦੀ ਸਥਿਤੀ ਦੇ ਮੱਦੇਨਜ਼ਰ ਸਾਨੂੰ ਨਵੀਂ ਰੀਤ 'ਰੁੱਖ ਬਚਾਓ ਅੰਦੋਲਨ' ਵਰਗਾ ਵੀ ਕੁਝ ਕਰਨਾ ਚਾਹੀਦਾ ਹੈ। ਸਾਲਾਂਬੱਧੀ ਸਮਾਂ ਲੈ ਕੇ ਤਿਆਰ ਹੋਏ ਰੁੱਖ, ਲੋਕ ਅਨੇਕਾਂ ਤੱਥਾਂ ਦਾ ਸਹਾਰਾ ਲੈ ਕੇ ਖ਼ਤਮ ਕਰ ਰਹੇ ਹਨ। ਖ਼ਤਮ ਹੋ ਰਹੇ ਰੁੱਖਾਂ ਨੂੰ ਬਚਾਉਣ ਕਿਸੇ ਦੈਵੀ ਸ਼ਕਤੀ ਨੇ ਨਹੀਂ ਆਉਣਾ, ਬਲਕਿ ਸਾਨੂੰ ਹੀ ਕੁਝ ਕਰਨਾ ਪਵੇਗਾ।

ਵਿਸ਼ਵ ਪੱਧਰ 'ਤੇ ਜੇਕਰ ਵਣ-ਉਤਸਵ ਦੀ ਗੱਲ ਕਰੀਏ ਤਾਂ ਸਾਨੂੰ ਉਨ੍ਹਾਂ ਲੋਕਾਂ ਤੋਂ ਕੁਝ ਪ੍ਰੇਰਨਾ ਲੈਣੀ ਚਾਹੀਦੀ ਹੈ। ਕਈ ਦੇਸ਼ ਜੰਗਲਾਂ ਨਾਲ ਭਰੇ ਪਏ ਹਨ ਪਰ ਫਿਰ ਵੀ ਉਹ ਲੋਕ 'ਰੁੱਖ ਦਿਵਸ', 'ਰੁੱਖਾਂ ਦਾ ਮੇਲਾ' ਅਤੇ 'ਹਰਿਆਵਲ ਸਪਤਾਹ' ਆਦਿ ਖ਼ੂਬ ਮਨਾਉਂਦੇ ਹਨ। ਕੈਨੇਡਾ ਵਿੱਚ 'ਵਣ ਰਖਸ਼ਾ ਸਪਤਾਹ' ਅਨੇਕਾਂ ਅਦਾਰੇ ਮਨਾਉਂਦੇ ਹਨ ਅਤੇ ਆਮ ਲੋਕਾਂ ਨੂੰ ਜੰਗਲਾਂ ਵਿੱਚ ਲੱਗਣ ਵਾਲੀ ਅੱਗ ਤੋਂ ਬਚਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਆਸਟ੍ਰੇਲੀਆ, ਅਮਰੀਕਾ, ਇਜ਼ਰਾਈਲ ਆਦਿ ਦੇਸ਼ਾਂ ਵਿੱਚ ਵਾਤਾਵਰਣਿਕ ਹਾਲਤਾਂ ਅਨੁਸਾਰ ਸਾਲ ਦੇ ਕਿਸੇ ਨਾ ਕਿਸੇ ਮਹੀਨੇ ਰੁੱਖਾਂ ਦੀ ਸੰਭਾਲ ਅਤੇ ਬਚਾਓ ਖ਼ਾਤਰ ਉਤਸਵ ਮਨਾਏ ਜਾਂਦੇ ਹਨ। ਜਾਪਾਨ ਦੇ ਲੋਕ ਤਾਂ ਅਪ੍ਰੈਲ ਮਹੀਨੇ ਦੇ ਇਕ ਹਫ਼ਤੇ ਨੂੰ ਕੌਮੀ ਰੁੱਖ ਤਿਉਹਾਰ ਵਜੋਂ ਮਨਾਉਂਦੇ ਹਨ। 'ਹਰਿਆਵਲ ਸਪਤਾਹ' ਨਾਮੀ ਇਸ ਹਫ਼ਤੇ ਨੂੰ ਅੱਗੇ ਦਿਨਾਂ ਦੇ ਹਿਸਾਬ ਨਾਲ ਵੱਖ-ਵੱਖ ਸਥਾਨਾਂ ਅਨੁਸਾਰ ਜਿਵੇਂ ਕਿ 'ਮਾਰਗ ਹਰਿਆਵਲ ਦਿਵਸ', 'ਗ੍ਰਹਿ ਵਾਟਿਕਾ ਹਰਿਆਵਲ ਦਿਵਸ' ਅਤੇ 'ਸਕੂਲ ਹਰਿਆਵਲ ਦਿਵਸ' ਆਦਿ ਵੰਡ ਕੇ ਰੁੱਖ ਲਾਉਣ ਅਤੇ ਪਾਲਣ ਸੰਬੰਧੀ ਲੋਕਾਂ ਦਾ ਧਿਆਨ ਦਿਵਾਇਆ ਜਾਂਦਾ ਹੈ। ਦੁਨੀਆਂ 'ਤੇ ਅਨੇਕਾਂ ਅਜਿਹੇ ਲੋਕ ਵੀ ਹਨ, ਜਿਨ੍ਹਾਂ ਦਾ ਮੁੱਖ ਮਕਸਦ ਰੋਟੀ ਖਾ ਕੇ ਸੌਣਾ, ਆਉਣ ਵਾਲੀ ਪੀੜ੍ਹੀ

ਲਈ ਪੈਸਾ ਤੇ ਜ਼ਮੀਨ-ਜਾਇਦਾਦ ਇਕੱਠੀ ਕਰਨ ਦੀ ਬਜਾਏ ਲੋਕ ਭਲਾਈ ਵਾਲੇ ਕੰਮ ਕਰਨਾ ਹੁੰਦਾ ਹੈ। ਜੇਕਰ ਸਾਰਾ ਸੰਸਾਰ ਪੈਸੇ ਅਤੇ ਸ਼ੁਹਰਤ ਖ਼ਾਤਰ ਕੁਦਰਤ ਨਾਲ ਏਸੇ ਤਰ੍ਹਾਂ ਖਿਲਵਾੜ ਕਰਦਾ ਗਿਆ ਤਾਂ ਪਰਲੋ ਦੀ ਆਮਦ ਜ਼ਿਆਦਾ ਦੂਰ ਨਹੀਂ।

ਪਹਿਲਾਂ ਘਰ, ਗਲੀ, ਪਿੰਡ ਜਾਂ ਸਾਂਝੀਆਂ ਥਾਵਾਂ ਭਾਵ ਹਰ ਜਗ੍ਹਾ ਰੁੱਖਾਂ ਦੀ ਅਹਿਮੀਅਤ ਹੁੰਦੀ ਸੀ। ਲੋਕਾਂ ਦੇ ਘਰਾਂ ਦੀ ਨਿਸ਼ਾਨੀ ਦੀ ਉਦਾਹਾਰਨ ਇਸ ਤਰ੍ਹਾਂ ਲੋਕ ਗੀਤਾਂ 'ਚ ਆਉਂਦੀ ਹੈ:

**ਬਾਜ਼ਾਰ ਵਿਕੇਂਦੀ ਤਰ ਵੇ**

**ਮੇਰਾ ਸਾਹਮਣੀ ਗਲੀ ਵਿੱਚ ਘਰ ਵੇ**

**ਪਿੱਪਲ ਨਿਸ਼ਾਨੀ, ਜੀਵੇ ਢੋਲਾ, ਢੋਲ ਜਾਨੀ,**

**ਸਾਡੀ ਗਲੀ ਆਵੇਂ, ਤੇਰੀ ਮਿਹਰਬਾਨੀ।**

ਪ੍ਰੰਤੂ ਅੱਜ ਸਥਿਤੀ ਬਦਲ ਚੁੱਕੀ ਹੈ। ਸਾਡੇ ਵਣ, ਪੀਲੂ, ਜੰਡ, ਕਰੀਰ, ਲਸੂੜੇ, ਬਰਨੇ ਆਦਿ ਅਨੇਕਾਂ ਰੁੱਖ ਦਿਨ-ਬ-ਦਿਨ ਪੰਜਾਬ 'ਚੋਂ ਖ਼ਤਮ ਹੋ ਰਹੇ ਹਨ। ਸਾਨੂੰ ਰੁੱਖ ਲਾਉਣ ਵੇਲੇ ਉਨ੍ਹਾਂ ਰੁੱਖਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਜੋ ਲੋਪ ਹੋਣ ਦੀ ਸੂਚੀ ਵਿੱਚ ਸ਼ਾਮਲ ਹੋ ਚੁੱਕੇ ਹਨ। ਸਮਾਜ ਦੇ ਹਰ ਵਰਗ, ਹਰ ਬੱਚੇ, ਜਵਾਨ, ਬਜ਼ੁਰਗ ਭਾਵ ਹਰ ਰਿਸ਼ਤੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਹਿਲਾਂ ਲਾਏ ਰੁੱਖਾਂ ਨੂੰ ਸੁੱਕਣ/ਮੁੱਕਣ ਤੋਂ ਬਚਾਈਏ ਤੇ ਇਨ੍ਹਾਂ ਲਈ ਫਿਕਰਮੰਦ ਹੋਈਏ:

**ਪੀਲਾਂ ਮੁੱਕੀਆਂ, ਟਾਹਲੀਆਂ ਸੁੱਕੀਆਂ**

**ਸੁੱਕ ਜਾਣ ਨਾ ਰੁੱਖ ਹਰੇ ਭਰੇ**

**ਆਖ ਨੀ ਨਣਾਨੇ ਤੇਰੇ ਵੀਰ ਨੂੰ**

**ਕਦੇ ਤਾਂ ਭੋਰਾ ਫਿਕਰ ਕਰੇ।**

ਉਂਞ ਖ਼ੁਸ਼ੀ ਦੀ ਗੱਲ ਤਾਂ ਇਹ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਸੀਂ ਰੁੱਖਾਂ ਪ੍ਰਤੀ ਕਾਫ਼ੀ ਜਾਗਰੂਕ ਹੋਏ ਹਾਂ। ਅਮਲੀ ਰੂਪ ਵਿੱਚ ਧਰਤ ਉੱਪਰ ਰੁੱਖ ਲੱਗਣੇ ਸ਼ੁਰੂ ਹੋ ਗਏ ਹਨ। ਅਨੇਕਾਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਨੇ ਆਪਣਾ ਕਾਰਜ ਆਰੰਭਿਆ ਹੋਇਆ ਹੈ ਤੇ ਉਹ ਕਾਮਯਾਬ ਵੀ ਹੋ ਰਹੇ



ਹਨ। ਸਾਨੂੰ ਸਭ ਨੂੰ ਆਪਣਾ ਫ਼ਰਜ਼ ਪਹਿਚਾਣਦੇ ਹੋਏ ਰੁੱਖ ਲਾਉਣ ਅਤੇ ਸੰਭਾਲਣ ਸੰਬੰਧੀ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸਾਨੂੰ ਵੱਧ ਤੋਂ ਵੱਧ ਗਿਣਤੀ 'ਚ ਰੁੱਖ ਲਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

ਆਓ, ਅਸੀਂ ਸਭ ਰਲ ਕੇ ਇਸ ਵਣ-ਮਹਾਂਉਤਸਵ 'ਤੇ ਰੁੱਖ ਲਾਉਣ ਅਤੇ ਸੰਭਾਲਣ ਵਾਲੀ ਲਹਿਰ ਵਿੱਚ ਆਪਣਾ ਯੋਗਦਾਨ ਪਾ ਕੇ ਬੰਜਰ ਹੋ ਰਹੀ ਧਰਤ ਨੂੰ ਮੁੜ ਤੋਂ ਰੁੱਖਾਂ ਨਾਲ ਸ਼ਿੰਗਾਰ ਦੇਈਏ ਅਤੇ ਦੁਆ ਕਰੀਏ ਕਿ ਸਾਡੇ ਮਹਾਨ ਸਾਹਿਤਕਾਰਾਂ ਨੂੰ ਨਿਰਾਸ਼ਾ ਦੇ ਆਲਮ ਵਿੱਚ ਜਾ ਕੇ ਇਸ ਤਰ੍ਹਾਂ ਨਾ ਲਿਖਣਾ ਪਵੇ:

**ਇੱਥੋਂ ਕੁੱਲ ਪਰਿੰਦੇ ਹੀ ਉੜ ਗਏ**

**ਇੱਥੇ ਮੇਘ ਆਉਂਦੇ ਵੀ ਮੁੜ ਗਏ**

**ਇੱਥੇ ਕਰਨ ਅੱਜਕੱਲ੍ਹ ਬਿਰਖ ਵੀ**

**ਕਿਤੇ ਹੋਰ ਜਾਣ ਦੇ ਮਸ਼ਵਰੇ।**

ਡਾ: ਬਲਵਿੰਦਰ ਸਿੰਘ ਲੱਖੇਵਾਲੀ

-ਮੋਬਾਇਲ: 98142-39041

landscapingpeople@rediffmail.com

-o-

# ਬਾਬੇ ਬਿਰਖ ਤੇ ਬਿਰਖਾਂ ਵਾਲੇ ਬਾਬੇ

ਪ੍ਰੋ: ਹਮਦਰਦਵੀਰ ਨੌਸ਼ਹਿਰਵੀ

ਪਿੱਪਲ ਬੋਹੜ ਸਾਡੇ ਬਾਬੇ ਬਿਰਖ ਹਨ। ਪੁਰਾਣੇ ਹਨ। ਫੈਲੇ ਹੋਏ ਹਨ। ਸੰਘਣੀ ਛਾਂ ਹੈ। ਵਾਤਾਵਰਨ ਦੀ ਸੁਰੱਖਿਆ ਲਈ ਜੰਗਲਾਂ ਤੇ ਰੁੱਖਾਂ ਦੀ ਖ਼ਾਸ ਮਹੱਤਤਾ ਹੈ। ਰੁੱਖ, ਜੰਗਲ, ਸਾਡੇ ਮਿੱਤਰ ਹਨ। ਰੁੱਖਾਂ ਉੱਤੇ ਪੰਛੀਆਂ ਦੇ ਆਲ੍ਹਣੇ ਅਤੇ ਆਲ੍ਹਣਿਆਂ ਵਿੱਚ ਬੋਟਾਂ ਦੀ ਚਹਿਚਹਾਟ, ਚੀਂ-ਚੀਂ, ਵੀਰਾਨ ਜ਼ਿੰਦਗੀ ਵਿੱਚ ਸੰਗੀਤ ਭਰਦੇ ਹਨ। ਸਾਡੇ ਜਿਊਣ ਲਈ ਕੀਟਾਣੂ-ਰਹਿਤ ਸਾਫ਼ ਪਾਣੀ, ਜ਼ਹਿਰ ਭਰੀਆਂ ਗੈਸਾਂ ਤੋਂ ਮੁਕਤ ਸ਼ੁੱਧ ਹਵਾ, ਰੁੱਖਾਂ ਤੇ ਬਨਸਪਤੀ ਨਾਲ ਹਰੀ ਭਰੀ ਧਰਤੀ , ਮਿਲਾਵਟ ਰਹਿਤ ਪੌਸਟਿਕ ਖਾਣ ਪਦਾਰਥ ਅਤੇ ਧੂੰਏਂ ਗਰਦ ਰਹਿਤ ਖਿੜੀ ਧੁੱਪ ਜ਼ਰੂਰੀ ਨਿਆਮਤਾਂ ਹਨ। "ਸੂਰਜ ਵਿਖਾਵੇ ਆਪਣਾ ਚਿਹਰਾ ਤੇ ਧੁੱਪ। ਹਰ ਦੋ ਹੱਥਾਂ ਵਾਲਾ ਮਨੁੱਖ ਲਗਾਵੇ ਦੋ ਰੁੱਖ।" ਵਾਤਾਵਰਣ ਦੀ ਸੁਰੱਖਿਆ ਲਈ ੩੦ ਫ਼ੀਸਦੀ ਭੂਮੀ ਰੁੱਖਾਂ, ਜੰਗਲਾਂ ਨਾਲ ਭਰੀ ਹੋਣੀ ਚਾਹੀਦੀ ਹੈ। ਪਹਾੜੀ ਖੇਤਰਾਂ ਵਿੱਚ ੬੦ ਫ਼ੀਸਦੀ ਧਰਤੀ ਜੰਗਲਾਂ ਅਧੀਨ ਹੋਣੀ ਚਾਹੀਦੀ ਹੈ। ਭਾਰਤੀ ਸੁਪਰੀਮ ਕੋਰਟ ਨੇ ਬਹੁਤ ਵਾਜਬ ਫ਼ੈਸਲਾ ਸੁਣਾਇਆ ਸੀ ਕਿ ਜੰਗਲਾਤ ਦੇ ਇਲਾਕਿਆਂ ਵਿੱਚ ਕੋਈ ਮਨੁੱਖੀ ਸਰਗਰਮੀ ਨਹੀਂ ਹੋਣੀ ਚਾਹੀਦੀ । ਜੰਗਲਾਂ ਵਿੱਚ ਆਰਾ ਮਿੱਲਾਂ, ਕਾਰਖ਼ਾਨੇ ਆਦਿ ਨਹੀਂ ਹੋਣੇ ਚਾਹੀਦੇ। ਰੁੱਖਾਂ ਦੀ ਕਟਾਈ 'ਤੇ ਪੂਰੀ ਪਾਬੰਦੀ ਹੋਵੇ; ਪਰ ਅਫ਼ਸੋਸ ਕਿ ਭਾਰਤ ਵਿੱਚ ਹਰ ਸਾਲ ੪੦ ਲੱਖ ਏਕੜ ਧਰਤੀ ਉੱਤੇ ਜੰਗਲ ਕੱਟੇ ਜਾ ਰਹੇ ਹਨ।

ਪੂਰਬੀ ਤੋਂ ਉੱਤਰੀ ਰਾਜਾਂ ਵਿੱਚ ੯੦ ਫ਼ੀਸਦੀ ਜੰਗਲ ਹਨ ਜੋ ਬਚਾ ਕੇ ਰੱਖੇ ਜਾਣੇ ਚਾਹੀਦੇ ਹਨ। ਸੰਨ ੧੯੭੬ ਵਿੱਚ ਭਾਰਤੀ ਸੰਵਿਧਾਨ ਵਿੱਚ ੪੨ਵੀਂ ਤਰਮੀਮ ਕਰਕੇ ਧਾਰਾ ੪੮ ਏ ਸ਼ਾਮਲ ਕਰ ਲਈ ਗਈ ਸੀ। ਧਾਰਾ ੪੮ ਏ ਅਨੁਸਾਰ ਹਰ ਨਾਗਰਿਕ ਦਾ ਕਰਤੱਵ ਹੈ ਕਿ ਉਹ ਵਾਤਾਵਰਨ, ਜੰਗਲੀ ਜੀਵਾਂ ਤੇ ਰੁੱਖਾਂ ਦੀ ਸੁਰੱਖਿਆ ਲਈ ਵਚਨਬੱਧ ਹੋਵੇ। ਕੁਦਰਤੀ ਵਾਤਾਵਰਨ ਨੂੰ ਸੰਤੁਲਨ 'ਚ ਨਹੀਂ ਰੱਖਿਆ ਜਾ ਰਿਹਾ। ਧਰਤੀ ਹੇਠਲਾ ਪਾਣੀ ਘਟ ਰਿਹਾ ਹੈ। ਪਾਣੀ ਸੁੱਕ ਰਹੇ ਹਨ। ਰੁੱਖਾਂ ਦੀ ਕਟਾਈ ਜਾਰੀ ਹੈ। ਰਸਾਇਣਿਕ ਖਾਦਾਂ ਤੇ ਕੀਟ-ਨਾਸ਼ਕ ਦਵਾਈਆਂ ਦੀ ਭਰਮਾਰ ਹੈ। ਪਰਾਲੀ



ਤੇ ਨਾੜ ਨੂੰ ਅੱਗ ਲਾਈ ਜਾਂਦੀ ਹੈ। ਧਰਤੀ ਅੰਦਰ ਜ਼ਹਿਰ ਘੁਲ ਰਿਹਾ ਹੈ। ਤਪਸ਼ ਵਧ ਰਹੀ ਹੈ। ਬਰਫ਼ੀਲੀਆਂ ਚੋਟੀਆਂ 'ਤੇ ਗਲੇਸ਼ੀਅਰ ਪਿਘਲ ਰਹੇ ਹਨ। ਸ਼ੋਰ-ਪ੍ਰਦੂਸ਼ਣ ਵਧ ਰਿਹਾ ਹੈ। ਨਸ਼ਿਆਂ ਦਾ ਪ੍ਰਦੂਸ਼ਣ ਪਿੰਡਾਂ ਦੇ ਪਿੰਡਾਂ ਨੂੰ ਗਰਕ ਕਰ ਰਿਹਾ ਹੈ। ਮੈਰਿਜ ਪੈਲਸਾਂ, ਹੋਟਲਾਂ, ਢਾਬਿਆਂ, ਹਸਪਤਾਲਾਂ, ਡਾਕ ਘਰਾਂ ਦਾ ਗੰਦ ਸੜਕਾਂ ਮੱਲ ਰਿਹਾ ਹੈ। ਅਮੀਰ ਲੋਕ, ਮਾਇਆਧਾਰੀ ਹਉਮੈਂ ਆਕੜੇ ਮਨੁੱਖ, ਕਾਲੇ ਹਿਰਨਾਂ, ਬਾਘਾਂ, ਤੇਂਦੂਆਂ, ਸ਼ੇਰਾਂ ਦਾ ਕਤਲ ਕਰ ਰਹੇ ਹਨ।

ਪੰਛੀਆਂ ਦੀਆਂ ਰੱਖਾਂ ਭਰਤਪੁਰ (ਰਾਜਸਥਾਨ), ਥਾਨੇਸਰ (ਹਰਿਆਣਾ), ਹਰੀਕੇ ਰਾਸ਼ਟਰੀ ਰੱਖ 'ਚ ਪਰਵਾਸੀ ਪੰਛੀ ਆਪਣੀ ਆਮਦ ਘਟਾ ਰਹੇ ਹਨ। ਮੱਧ ਪ੍ਰਦੇਸ਼ ਦੇ ਮੋਰੀਨਾ ਇਲਾਕੇ ਵਿੱਚ ਮੋਰ ਮਾਰੇ ਜਾ ਰਹੇ ਹਨ। ਓਡੀਸ਼ਾ ਦੇ ਚਿੜੀਆ-ਘਰ, ਨੰਦਨ ਕਾਨਨ ਵਿੱਚ ਦੁਰਲੱਭ ਜਾਨਵਰ ਘਟ ਤੇ ਮਰ ਰਹੇ ਹਨ। ਰਾਜਸਥਾਨ ਦੀ ਵਿਸ਼ਾਲ ਸਰਿਸਕਾ ਰੱਖ ਵਿੱਚ ਸੰਸਾਰ ਚੰਦ ਵਰਗੇ ਬੰਦੇ, ਬਾਘਾਂ, ਚੀਤਿਆਂ ਦਾ ਸ਼ਿਕਾਰ ਕਰ ਕੇ ਅੰਗਾਂ ਦਾ ਕਰੋੜਾਂ ਦਾ ਵਪਾਰ ਕਰ ਰਹੇ ਹਨ। ਪੌਦੇ, ਰੁੱਖਾਂ, ਬਿਰਖਾਂ ਨਾਲ ਹੀ ਸਾਡਾ ਸੰਸਾਰ ਜੀਵਤ ਹੈ। ਕਈ ਕਿਸਮ ਦੇ ਪੌਦੇ ਹਨ, ਰੁੱਖ ਹਨ ਤੇ ਗਾਉਂਦੇ ਰੁੱਖ ਹਨ। ਸ਼ਰਮਾਕਲ ਪੌਦੇ ਹਨ। ਫੁੱਲ ਸਮੇਂ ਦੇ ਪਾਬੰਦ ਹਨ। ਪਿੱਪਲ ਦੀ ਛਾਂ ਹੇਠ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ। ਪਿੱਪਲ ਦੇਵਤਾ ਹੈ। ਪੂਜਾ ਕੀਤੀ ਜਾਂਦੀ ਹੈ। ਅਸ਼ੋਕ ਰੁੱਖ ਨੇ ਸੀਤਾ ਮਾਤਾ ਨੂੰ ਪਨਾਹ ਦਿੱਤੀ ਸੀ। ਜੰਡ ਬਿਨਾਂ ਮਿਰਜ਼ਾ-ਸਾਹਿਬਾਂ ਦਾ ਕਿੱਸਾ ਅਧੂਰਾ ਹੈ। ਨਿੰਮ ਦੀ ਦਵਾਈ ਬਣਦੀ ਹੈ। ਨਿੰਮ ਵਾਤਾਵਰਨ ਦੀ ਸ਼ੁੱਧਤਾ 'ਚ ਸਹਾਈ ਹੁੰਦੀ ਹੈ।

ਕਿੱਕਰ, ਟਾਹਲੀ ਤੇ ਪਲਾਹੀ ਦੀ ਦਾਤਣ ਵੀ ਮਸੂੜਿਆਂ ਨੂੰ ਮਜ਼ਬੂਤੀ ਦਿੰਦੇ ਹਨ। ਰਾਤ ਦੀ ਰਾਣੀ ਸਾਰੇ ਵਾਤਾਵਰਨ ਨੂੰ ਸੁਗੰਧਿਤ ਕਰ ਦਿੰਦੀ ਹੈ। ਤੁਲਸੀ ਅਨੇਕ ਬਿਮਾਰੀਆਂ ਦਾ ਇਲਾਜ ਹੈ। ਬੋਹੜ ਦੀ ਸੰਘਣੀ ਮਿੱਠੀ ਛਾਂ ਹੈ। ਦਵਾਈਆਂ ਲਈ ਜੜੀ ਬੂਟੀਆਂ, ਹਰਬਲਜ਼ ਹਨ। ਮੈਰੀ ਗੋਲਡ, ਰੋਜ਼ ਮੈਰੀ ਆਦਿ ਮੱਛਰ ਭਜਾਊ ਪੌਦੇ ਹਨ। ਸਜਾਵਟੀ ਰੁੱਖ ਹਨ। ਮਦਰਾਸ ਵਿਖੇ ਸੁਖਚੈਨ ਰੁੱਖ ਦੀ ਛਾਂ ਵਿੱਚ ਬੈਠ ਕੇ ਮੈਂ ਕਈ ਰਚਨਾਵਾਂ ਰਚੀਆਂ। ਤਿੰਨ ਸਾਲ ਮੈਂ ਮਦਰਾਸ ਰਿਹਾ। ਸੁਖਚੈਨ ਦਾ ਰੁੱਖ ਸੁਖ ਦਿੰਦਾ ਸੀ ਤੇ ਚੈਨ ਵੀ। ਰੁੱਖ ਭੂਮੀ ਖੋਰ ਤੋਂ ਭੂਮੀ ਨੂੰ ਸੁਰੱਖਿਅਤ ਰੱਖਦੇ ਹਨ। ਭੂਮੀ ਉਪਜਾਊ ਹੁੰਦੀ ਹੈ। ਰੁੱਖ ਪਾਣੀ ਦਾ ਬਚਾਅ ਕਰਦੇ ਹਨ। ਰੁੱਖ ਆਕਸੀਜਨ ਦਿੰਦੇ ਹਨ। ਰੁੱਖਾਂ ਉੱਤੇ

ਪੰਛੀਆਂ ਦਾ ਬਸੇਰਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਦੀ ਫ਼ਰਮਾਉਂਦੇ ਹਨ, '**ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥**' ਪੰਜਾਬ ਦਾ ਲੋਕ ਗੀਤ, ਕੋਇਲ ਤੇ ਅੰਬ ਦੇ ਮਿਲਨ ਬਾਰੇ ਗਾਉਂਦਾ ਹੈ, 'ਅੰਬਾਂ ਦੀ ਟੀਸੀ ਕੋਇਲ ਬੋਲੇ, ਬੋਲਦੀ ਮਿੱਠੜੇ ਬੋਲ।' ਰੁੱਖ ਘੱਟ ਰਹੇ ਹਨ। ਪੰਛੀ ਲੋਪ ਹੋ ਰਹੇ ਹਨ। ਕਿੱਥੇ ਗਏ ਇਹ ਪੰਛੀ-ਗਿਰਝਾਂ, ਗੁਟਾਰਾਂ, ਲਗਾੜ ਸ਼ਿਕਰਾ, ਉੱਲੂ, ਚੁਗਲ, ਪਹਾੜੀ ਬੁਲਬੁਲਾਂ, ਗਾਨੀਆਂ ਵਾਲੇ ਤੋਤੇ, ਕੂੰਜਾਂ ਦੀਆਂ ਡਾਰਾਂ, ਮੋਰਾਂ ਦੇ ਝੁੰਡ, ਹੰਸਾਂ ਦੇ ਕਾਫ਼ਲੇ, ਝੀਲਾਂ 'ਚ ਤਰਦੀਆਂ ਮੁਰਗਾਬੀਆਂ, ਸਿਆੜਾਂ 'ਚ ਗੁਟਕਦੇ ਬਗਲੇ। ਇੱਕ ਅਨੁਮਾਨ ਹੈ ਕਿ ਵਾਹਨਾਂ ਵਿੱਚ ਵਰਤੇ ਜਾ ਰਹੇ ੩੦ ਲਿਟਰ, ਪੈਟਰੋਲ ਤੋਂ ਪੈਦਾ ਹੋਣ ਵਾਲੀ ਪ੍ਰਦੂਸ਼ਿਤ ਹਵਾ ਨੂੰ ਇੱਕ ਭਰਵਾਂ ਰੁੱਖ ਸਾਫ਼ ਕਰਨ ਦੀ ਸ਼ਕਤੀ ਰੱਖਦਾ ਹੈ। ਰੁੱਖ ਕਾਰਬਨ ਡਾਇਆਕਸਾਈਡ ਦਾ ਜ਼ਹਿਰ ਚੂਸਦੇ ਹਨ। ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਦੇ ਹਨ।

ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਰੁੱਖਾਂ ਦੀ ਸੰਭਾਲ ਤੇ ਨਵੇਂ ਰੁੱਖ ਲਾਉਣ ਨੂੰ ਖ਼ਾਸ ਪਹਿਲ ਦਿੰਦੇ ਸਨ। ਉਨ੍ਹਾਂ ਦੇ ਉਤਰਾਧਿਕਾਰੀ ਡਾ: ਬੀਬੀ ਇੰਦਰਜੀਤ ਕੌਰ ਮਹਾਨ ਭਗਤ ਪੂਰਨ ਸਿੰਘ ਜੀ ਦੀ ਇਸ ਕੌਮੀ ਪਿਰਤ ਨੂੰ ਜਾਰੀ ਹੀ ਨਹੀਂ ਰੱਖ ਰਹੇ ਸਗੋਂ ਹੋਰ ਵਧਾ ਰਹੇ ਹਨ। ਭਗਤ ਜੀ ਦੇ ਹਰ ਜਨਮ ਦਿਨ ਮੌਕੇ ਸੇਵਕਾਂ ਨੂੰ ਹਜ਼ਾਰਾਂ ਪੌਦੇ ਪ੍ਰਸ਼ਾਦ ਵਜੋਂ ਵੰਡੇ ਜਾਂਦੇ ਹਨ, ਤਾਂ ਕਿ ਹਰ ਖ਼ਾਲੀ ਥਾਂ ਰੁੱਖਾਂ ਨਾਲ, ਛਾਵਾਂ ਨਾਲ, ਕੁਦਰਤ ਦੀ ਮਿਹਰ ਨਾਲ ਸਰਸ਼ਾਰ ਹੋਵੇ। ਸਕੂਲਾਂ, ਕਾਲਜਾਂ ਦੀਆਂ ਖੁੱਲ੍ਹੀਆਂ ਗਰਾਊਂਡਾਂ, ਫ਼ੌਜੀ ਤੇ ਹਵਾਈ ਅੱਡਿਆਂ, ਮਿੱਲਾਂ ਕਾਰਖ਼ਾਨਿਆਂ ਤੇ ਹਸਪਤਾਲਾਂ ਦੇ ਖੁੱਲ੍ਹੇ ਅਹਾਤਿਆਂ, ਪਿੰਡਾਂ ਦੀਆਂ ਫਿਰਨੀਆਂ ਓਪਨਏਅਰ ਜੇਲ੍ਹ ਅਹਾਤਿਆਂ ਵਿੱਚ ਰੁੱਖਾਂ ਦੀ ਭਰਮਾਰ ਹੋਵੇ। ਹੋਵੇ ਬਿਰਖਾਂ ਦੀ ਛਾਂ-ਘਟੇ ਗੁੱਸਾ, ਘਿਰਨਾ, ਦਿਮਾਗੀ ਤਣਾਅ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪ੍ਰਦੂਸ਼ਿਤ ਹੋ ਚੁੱਕੀ ਵੇਈਂ ਨਦੀ ਦੀ ਕਾਰ ਸੇਵਾ ਰਾਹੀਂ ਸਫ਼ਾਈ ਕਰਵਾ ਕੇ ਕਮਾਲ ਦਾ ਇਤਿਹਾਸਿਕ ਕੰਮ ਕੀਤਾ ਹੈ। ਇੱਕ ਸੌ ਪੈਂਹਠ ਕਿਲੋਮੀਟਰ ਵੇਈਂ ਨਦੀ ਵਿੱਚ ਸੈਂਕੜੇ ਟਨ ਬੂਟੀ ਤੇ ਕਾਈ ਕੱਢੀ। ਕੰਢੇ ਪੱਕੇ ਕੀਤੇ। ਹਜ਼ਾਰਾਂ ਰੁੱਖ ਲਾਏ। ਪੱਕੇ ਘਾਟ ਬਣਾਏ।

ਕਾਰ ਸੇਵਾ ਨੂੰ ਸਿਰਫ਼ ਧਾਰਮਿਕ ਇਮਾਰਤਾਂ, ਲੰਗਰਾਂ ਦੀ ਸੇਵਾ ਤੋਂ ਬਾਹਰ ਲਿਆ ਕੇ ਨਵੇਂ ਸਮਾਜਿਕ ਮਾਨਵੀ ਅਰਥ ਦਿੱਤੇ। ਬਾਬਾ ਸੇਵਾ ਸਿੰਘ ਨਿਰਮਲ ਆਸ਼ਰਮ, ਕਾਰ ਸੇਵਾ ਖਡੂਰ ਸਾਹਿਬ ਵਾਲੇ ਰੁੱਖਾਂ ਵਾਲਾ ਬਾਬਾ



ਕਰਕੇ ਪ੍ਰਸਿੱਧ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਵਿੱਤਰ ਨਗਰ ਖਡੂਰ ਸਾਹਿਬ ਵਿਖੇ ਰੁੱਖਾਂ ਵਾਲਾ ਬਾਬਾ ਸੇਵਾ ਸਿੰਘ ਨੇ ੧੯੯੦ ਵਿੱਚ ੨੦੦ ਪੱਕੇ ਸੇਵਾਦਾਰਾਂ ਅਤੇ ਸੈਂਕੜੇ ਹੋਰ ਸੇਵਾਦਾਰਾਂ ਵਾਲੀ ਕਾਰ-ਸੇਵਾ ਸੰਸਥਾ ਖਡੂਰ ਸਾਹਿਬ ਦੇ ਮੁਖੀ ਵਜੋਂ ਕਾਰਜ ਸੰਭਾਲਿਆ ਸੀ। ਬਾਬਾ ਸੇਵਾ ਸਿੰਘ ਖਡੂਰ ਸਾਹਿਬ ਅਤੇ ਮੱਧ-ਪ੍ਰਦੇਸ਼ ਦੇ ਸ਼ਹਿਰ ਗਵਾਲੀਅਰ ਵਿਖੇ ਕਈ ਵਿੱਦਿਅਕ ਸੰਸਥਾਵਾਂ ਚਲਾ ਰਹੇ ਹਨ। ਪੇਂਡੂ ਸੜਕਾਂ ਦਾ ਨਿਰਮਾਣ, ਨਹਿਰਾਂ, ਡਰੇਨਾਂ, ਰੋਹੀਆਂ, ਸੜਕਾਂ ਉੱਤੇ ਪੁਲਾਂ ਦੀ ਉਸਾਰੀ ਕਰਵਾ ਰਹੇ ਹਨ। ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਸਫ਼ਾਈ ਦੀ ਸੇਵਾ ਅਤੇ ਹੋਰ ਸਮਾਜ ਭਲਾਈ ਦੇ ਕੰਮ ਕਾਰ-ਸੇਵਾ ਰਾਹੀਂ ਕਰਵਾ ਰਹੇ ਹਨ। ਵਾਤਾਵਰਨ ਦੀ ਸ਼ੁੱਧਤਾ, ਖ਼ੁਸ਼ਗਵਾਰ ਪੌਣ, ਖਡੂਰ ਸਾਹਿਬ ਦਾ ਆਲਾ-ਦੁਆਲਾ ਪ੍ਰਦੂਸ਼ਣ ਰਹਿਤ ਬਣਾਉਣ, ਇਤਿਹਾਸਿਕ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵਰੋਸਾਏ ਸ਼ਹਿਰ ਖਡੂਰ ਸਹਿਬ ਦੀਆਂ ਸਾਰੀਆਂ ਸੜਕਾਂ ਕੰਢੇ ਛਾਂਦਾਰ, ਫੁੱਲਦਾਰ, ਫਲਦਾਰ ਰੁੱਖ ਲਗਵਾ ਰਹੇ ਹਨ। ਕਾਸ਼! ਐਸੇ ਬਿਰਖਾਂ ਵਾਲੇ ਬਾਬੇ ਹੋਰ ਵੀ ਹੋਣ। ਸਲਾਮਤ ਰਹਿਣ ਬਾਬੇ ਬਿਰਖ ਅਤੇ ਬਿਰਖਾਂ ਵਾਲੇ ਬਾਬੇ।

ਮੋਬਾਈਲ ਨੰ: 94638-08697
reponse@punjabi.jagran.com

(ਰੋਜ਼ਾਨਾ ਪੰ: ਜਾ: 27-7-2016 'ਚੋਂ ਧੰਨਵਾਦ ਸਹਿਤ !)

-o-

# ਆਉ ਹਰਿਆਲੀ ਮੋੜ ਲਿਆਈਏ

**ਪ੍ਰੋ: ਹਮਦਰਦਵੀਰ ਨੌਸ਼ਹਿਰਵੀ**

ਵਿਕਾਸ ਦੇ ਨਾਂ ਉੱਪਰ ਪਿਛਲੇ ਪੰਜ ਸਾਲਾਂ ਵਿੱਚ ੧੩੫੫ ਵਿਕਾਸ ਕਾਰਜਾਂ ਲਈ ੬੩੦੦ ਏਕੜ ਰਕਬੇ ਉੱਪਰੋਂ ਲੱਖਾਂ ਦਰੱਖ਼ਤ ਕੱਟ ਕੇ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਹੈ। ਪੰਜਾਬ ਵਿੱਚ ੨੦੧੨ ਦੌਰਾਨ ਗਰੀਨ ਪੰਜਾਬ ਮਿਸ਼ਨ ਸਕੀਮ ਤਹਿਤ ਰੁੱਖਾਂ ਹੇਠ ੬.੮੭ ਪ੍ਰਤੀਸ਼ਤ ਰਕਬਾ ਵਧਾ ਕੇ ੧੫ ਪ੍ਰਤੀਸ਼ਤ ਕਰਨ ਦਾ ਟੀਚਾ ਮਿਥਿਆ ਗਿਆ ਸੀ, ਪਰ ਹੋਇਆ ਕੁਝ ਨਹੀਂ। ੩੩ ਪ੍ਰਤੀਸ਼ਤ ਖੇਤਰ ਰੁੱਖਾਂ ਹੇਠ ਹੋਣਾ ਚਾਹੀਦਾ ਸੀ; ਪਰ ਪੰਜਾਬ ਵਿੱਚ ਸਿਰਫ਼ ੬.੧੨ ਪ੍ਰਤੀਸ਼ਤ ਧਰਤੀ ਉੱਤੇ ਹੀ ਜੰਗਲ ਬਚੇ ਹਨ। ਹੁਣ ਵੀ ਕੋਈ ਭਰੋਸਾ ਨਹੀਂ ਕਿ ਕਦੋਂ ਜੰਗਲ ਵਾਲੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਹੋ ਜਾਵੇ ਜਾਂ ਇਹ ਕਿਸੇ ਹੋਰ ਵਿਕਾਸ ਕੰਮ ਲਈ ਦਰੱਖ਼ਤ ਕੱਟ ਕੇ ਵੀਰਾਨ ਕਰ ਦਿੱਤੀ ਜਾਵੇ।

ਲੱਖਾਂ ਰੁੱਖਾਂ ਦੇ ਕੱਟੇ ਜਾਣ ਕਰਕੇ ਹੜ੍ਹਾਂ ਤੇ ਸੋਕੇ ਦਾ ਖ਼ਤਰਾ ਵਧ ਗਿਆ ਹੈ। ਉੱਛਲਦੇ ਦਰਿਆ ਆਪਣੇ ਕੰਢਿਆਂ ਤੋਂ ਬਾਹਰ ਵਗ ਜਾਂਦੇ ਹਨ। ਰੁੱਖ ਘੱਟ ਹੋਣ ਕਰਕੇ ਤੇਜ਼ ਪਾਣੀ ਸਾਹਮਣੇ ਕੋਈ ਰੁਕਾਵਟ ਨਹੀਂ ਹੁੰਦੀ। ਰੁੱਖ ਘੱਟ ਹੋਣਗੇ ਤਾਂ ਧਰਤੀ ਦੀ ਤਪਸ਼ ਹੋਰ ਵਧੇਗੀ। ਉਪਜਾਊ ਧਰਤੀ ਉੱਤੇ ਨਮੀ ਘਟੇਗੀ। ਸੁੱਕੀ ਧਰਤੀ ਰੇਤਲੀ ਹੁੰਦੀ ਜਾਵੇਗੀ। ਧਰਤੀ ਹੇਠਲਾ ਪਾਣੀ ਹੋਰ ਹੇਠਾਂ ਚਲਾ ਜਾਵੇਗਾ। ਫੁੱਲ, ਫਲ, ਬਨਸਪਤੀ, ਲੱਕੜੀ ਦੀ ਕਿੱਲਤ ਹੋ ਜਾਵੇਗੀ। ਪਿਛਲੀ ਸਰਕਾਰ ਸਮੇਂ ਪੰਜਾਬ ਵਿੱਚ ਜੰਗਲ ਹੇਠ ਰਕਬੇ ਨੂੰ ਵਧਾਉਣ ਲਈ ਕੇਂਦਰ ਸਰਕਾਰ ਨੇ ੬.੧੧ ਕਰੋੜ ਰੁਪਏ ਭੇਜੇ ਸਨ। ਪੰਜਾਬ ਸਰਕਾਰ ਨੇ ਆਪਣਾ ੪੦ ਪ੍ਰਤੀਸ਼ਤ ਹਿੱਸਾ ਨਹੀਂ ਪਾਇਆ। ਅਗਲੇ ਸਾਲ ਕੇਂਦਰੀ ਗਰਾਂਟ ਨਹੀਂ ਆਈ। ਕਰੋੜਾਂ ਰੁਪਏ ਤੀਰਥ ਯਾਤਰਾਵਾਂ ਉੱਤੇ ਲਾਏ ਗਏ ਪਰ ਰੁੱਖਾਂ ਹੇਠ ਰਕਬਾ ਨਹੀਂ ਵਧਾਇਆ ਗਿਆ।

ਜ਼ਮੀਨ, ਜਲ, ਜੰਗਲ, ਜ਼ਿੰਦਗੀ ਖ਼ਤਰੇ ਵਿੱਚ ਹੈ। ਬਿਰਖ ਕੱਟੇ ਜਾ ਰਹੇ ਹਨ। ਹਰਿਆਵਲ ਖ਼ਤਮ ਹੋ ਰਹੀ ਹੈ। ਟਾਹਲੀਆਂ, ਕਿੱਕਰਾਂ ਤਾਂ ਪਹਿਲਾਂ ਹੀ ਖ਼ਤਮ ਹੋ ਗਈਆਂ ਹਨ। ਪ੍ਰਦੂਸ਼ਿਤ ਹਵਾ ਤੇ ਪਾਣੀ ਕਰਕੇ ਹਰੇਕ ਮਿੰਟ ਵਿੱਚ ਔਸਤਨ ਦੋ ਭਾਰਤੀਆਂ ਦੀ ਮੌਤ ਹੋ ਰਹੀ ਹੈ।

ਪੌਣਪਾਣੀ ਬਾਰੇ ਇਤਿਹਾਸਿਕ ਸਮਝੌਤਾ, ਪੈਰਿਸ ਵਿਖੇ ੧੩ ਦਸੰਬਰ



੨੦੧੫ ਨੂੰ ਹੋਇਆ ਸੀ। ਇਸ ਮੌਕੇ ੧੯੬ ਦੇਸ਼ਾਂ ਦੇ ਨੁਮਾਇੰਦੇ ਹਾਜ਼ਰ ਸਨ। ਆਲਮੀ ਤਪਸ਼ ਘੱਟ ਕਰਨ ਲਈ ਸਹਿਮਤੀ ਤਹਿਤ ੨੦੨੦ ਤਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਬਾਰੇ ਫ਼ੈਸਲਾ ਹੋਇਆ ਸੀ। ਬਾਅਦ ਵਿੱਚ ਅਮਰੀਕਾ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਪੰਜਾਬ ਵਿੱਚ ਲੱਖਾਂ ਹਰੇ-ਭਰੇ ਦਰੱਖ਼ਤ ਕੱਟ ਦਿੱਤੇ ਗਏ ਹਨ। ਕਿਸੇ ਅਥਾਰਟੀ ਪਾਸੋਂ ਇਸ ਵਾਸਤੇ ਪ੍ਰਵਾਨਗੀ ਨਹੀਂ ਲਈ ਗਈ। ਹੁਣ ਸ਼ਿਕਾਇਤ ਮਿਲਣ ਉੱਤੇ ਕੌਮੀ ਗਰੀਨ ਟ੍ਰਿਬਿਊਨਲ ਸਰਗਰਮ ਹੋਇਆ ਹੈ। ਨਵੀਆਂ ਬਣ ਰਹੀਆਂ ਸੜਕਾਂ ਦੇ ਕਿਨਾਰਿਆਂ ਉੱਤੇ ਹੋਰ ਰੁੱਖ ਕੱਟਣ ਦੀ ਮਨਾਹੀ ਕਰ ਦਿੱਤੀ ਗਈ ਹੈ ਭਾਵੇਂ ਕਿ ਆਰਾ ਮਸ਼ੀਨਾਂ 'ਤੇ ਕੁਹਾੜਾ ਹਾਲੇ ਵੀ ਚੱਲ ਰਿਹਾ ਹੈ।

੧੭ ਅਗਸਤ ੨੦੧੭ ਨੂੰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਖ਼ਤ ਤਾੜਨਾ ਕੀਤੀ ਸੀ ਕਿ ਤਾਜ ਮਹੱਲ ਦੇ ਨੇੜੇ ੮੦ ਕਿਲੋਮੀਟਰ ਤਕ ੪੫੦ ਬਿਰਖ ਕਿਸੇ ਵੀ ਸੂਰਤ ਵਿੱਚ ਕੱਟੇ ਨਾ ਜਾਣ। ਸੁਪਰੀਮ ਕੋਰਟ ਸਾਹਮਣੇ ੪੫੦ ਰੁੱਖ ਕੱਟਣ ਦੀ ਆਗਿਆ ਲਈ ਪਟੀਸ਼ਨ ਸਾਹਮਣੇ ਆਈ ਸੀ। ਸਰਕਾਰ ਦੀ ਦਲੀਲ ਸੀ ਕਿ ਦਿੱਲੀ ਤੋਂ ਮਥੁਰਾ ਤਕ ਨਵੀਂ ਰੇਲ ਲਾਈਨ ਵਿਛਾਈ ਜਾਵੇ। ਸੁਪਰੀਮ ਕੋਰਟ ਨੇ ਕੇਂਦਰ ਨੂੰ ਪੁੱਛਿਆ ਕਿ ਤਾਜਮਹੱਲ ਵਰਗੀ ਅਦੁੱਤੀ ਕਲਾ ਕ੍ਰਿਤੀ ਨੂੰ, ਜਿਹੜੀ ਵਿਸ਼ਵ ਵਿਰਾਸਤ ਦਾ ਹਿੱਸਾ ਹੈ, ਕੀ ਖ਼ਤਮ ਕਰਨ ਦਾ ਵਿਚਾਰ ਹੈ? ਸੰਸਾਰ ਦੇ ਇਸ ਅਜੂਬੇ ਨੂੰ ਪਹਿਲਾਂ ਹੀ ਹਵਾ ਪ੍ਰਦੂਸ਼ਣ ਤੇ ਵਧ ਰਹੀ ਧਰਤ-ਤਪਸ਼ ਦਾ ਵੱਡਾ ਖ਼ਤਰਾ ਹੈ।

ਜੇ ਵੱਧ ਤੋਂ ਵੱਧ ਰੁੱਖ ਹੋਣਗੇ ਤਾਂ ਧਰਤੀ ਠੰਢੀ ਰਹੇਗੀ। ਵੱਧ ਤੋਂ ਵੱਧ ਹਰਿਆਵਲ ਹੋਵੇਗੀ। ਰੁੱਖ ਸਾਨੂੰ ਜੀਵਨਦਾਨੀ ਆਕਸੀਜਨ ਦਿੰਦੇ ਹਨ। ਜ਼ਹਿਰੀਲੀ ਕਾਰਬਨ ਡਾਇਆਕਸਾਈਡ ਚੂਸਦੇ ਹਨ। ਬਨਸਪਤੀ ਮੌਲਦੀ ਹੈ। ਜੇ ਇਸੇ ਗਤੀ ਨਾਲ ਸੜਕਾਂ ਉੱਤੇ ਵਾਹਨ ਵਧਦੇ ਜਾਣਗੇ, ਹੋਰ ਹੋਟਲ, ਮੈਰਿਜ ਪੈਲੇਸ ਬਣਦੇ ਜਾਣਗੇ, ਹੋਰ ਨਵੇਂ ਕਾਰਖ਼ਾਨੇ ਹਵਾ ਦੇ ਪਾਣੀ ਨੂੰ ਦੂਸ਼ਿਤ ਕਰਨਗੇ ਤਾਂ ਪ੍ਰਦੂਸ਼ਣ ਵਿੱਚ ਵਾਧਾ ਹੋਣਾ ਯਕੀਨੀ ਹੈ। ਧਰਤੀ ਉੱਤੇ ਰਹਿਣਾ ਮੁਸ਼ਕਲ ਹੋ ਜਾਵੇਗਾ। ਧਰਤੀ ਹੇਠਲੇ ਪਾਣੀ ਦੇ ਸੋਮੇ ਸੁੱਕਦੇ ਜਾਣਗੇ। ਸੋਕਾ ਤੇ ਕਾਲ ਦਾ ਖ਼ਤਰਾ ਵਧ ਜਾਵੇਗਾ। ਅਨੇਕਾਂ ਕਿਸਮ ਦੇ ਪਸ਼ੂ, ਪੰਛੀ, ਜੀਵ-ਜੰਤੂ, ਕੀੜੇ ਮਰ ਜਾਣਗੇ। ਬਰਫ਼ੀਲੇ ਪਹਾੜ ਸੁੰਗੜਦੇ ਜਾਣਗੇ। ਕੁਦਰਤ ਦਾ ਸਹਿਜ ਤੇ ਸੰਤੁਲਨ ਵਿਗੜ ਜਾਵੇਗਾ। ਅਮੀਰੀ ਦੀਆਂ ਹੋਰ ਸਿਖ਼ਰਾਂ

ਢੂਹਣ ਲਈ ਕਾਰਪੋਰੇਟ ਜਗਤ ਦੀ ਹਵਸ ਵਧਦੀ ਜਾਵੇਗੀ। ਪਹਾੜਾਂ ਜੰਗਲਾਂ ਵਿੱਚ ਸਦੀਆਂ ਤੋਂ ਵੱਸੇ ਆਦਿ-ਵਾਸੀਆਂ ਨੂੰ ਆਪਣੇ ਘਰਾਂ ਵਿੱਚੋਂ ਉਜਾੜ ਕੇ, ਪਹਾੜਾਂ ਜੰਗਲਾਂ ਉੱਤੇ ਕਬਜ਼ਾ ਕਰਕੇ, ਨਵੇਂ ਕਾਰਖ਼ਾਨੇ ਖੋਲ੍ਹੇ ਜਾਣਗੇ। ਕੁਦਰਤੀ ਵਾਤਾਵਰਨ ਵਿੱਚ ਵਿਗਾੜ ਪੈਦਾ ਹੋਵੇਗਾ। ਤਬਾਹਕੁਨ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਨਹੀਂ ਜਾ ਸਕੇਗਾ। ਪਾਣੀ ਦੇ ਸੋਮੇ ਸੁੱਕ ਜਾਣਗੇ। ਕਾਲ ਦਾ ਖ਼ਤਰਾ ਪੈਦਾ ਹੋਵੇਗਾ।

ਬਹੁਤ ਸਾਰੇ ਅਗਾਂਹਵਧੂ ਦੇਸ਼ਾਂ ਵਿੱਚ ਬਿਰਖ ਕੱਟਣ ਦੀ ਸਖ਼ਤ ਮਨਾਹੀ ਹੈ। ਕੈਨੇਡਾ ਦੇ ਕੌਮੀ ਝੰਡੇ ਵਿੱਚ ਉੱਥੋਂ ਦੇ ਕੌਮੀ ਬਿਰਖ ਮੈਪਲ ਦਾ ਪਤਾ ਸ਼ਾਮਲ ਹੈ। ਪੰਜਾਬ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਨਾਮ ਰੁੱਖਾਂ 'ਤੇ ਅਧਾਰਤ ਹਨ ਜਿਵੇਂ ਝਾੜ ਸਾਹਿਬ, ਜੰਡ ਸਾਹਿਬ, ਰੇਰੂ ਸਾਹਿਬ, ਟਾਹਲੀ ਸਾਹਿਬ ਆਦਿ। ਉਪਜਾਊ ਧਰਤੀ ਹੌਲੀ-ਹੌਲੀ ਘਟਦੀ ਜਾ ਰਹੀ ਹੈ। ਥਾਂ-ਥਾਂ ਰਿਹਾਇਸ਼ੀ ਬਸਤੀਆਂ ਉੱਸਰ ਰਹੀਆਂ ਹਨ। ਹਰੇ-ਭਰੇ ਜੰਗਲ ਕੱਟ ਕੇ, ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਧਰਤੀ ਸੁੰਗੜ ਰਹੀ ਹੈ। ਧਰਤੀ ਉੱਤੇ ਸੇਮ ਤੇ ਕੱਲਰ ਨੇ ਹਮਲਾ ਕੀਤਾ ਹੋਇਆ ਹੈ। ਜੇ ਧਰਤੀ ਘਟਦੀ ਗਈ ਤਾਂ ਰੁੱਖਾਂ ਲਈ ਵੀ ਥਾਂ ਘਟਦੀ ਜਾਵੇਗੀ। ਹਰਿਆਵਲ ਤਪਸ਼ ਵਿੱਚ ਬਦਲ ਜਾਵੇਗੀ। ਧਰਤੀ ਵਿੱਚ ਅਸੀਂ ਬਹੁਤ ਗੰਦ ਮਿਲਾ ਰਹੇ ਹਾਂ। ਧਰਤੀ ਹੇਠਾਂ ਤਾਰਾਂ, ਪਾਈਪਾਂ, ਸੀਵਰੇਜ ਦੀ ਗੰਦਗ਼ੀ, ਕਾਰਖ਼ਾਨਿਆਂ ਦਾ ਜ਼ਹਿਰੀਲਾ ਮਾਦਾ ਮਿਲਾਇਆ ਜਾ ਰਿਹਾ ਹੈ। ਧਰਤੀ ਉੱਪਰ ਫ਼ਸਲਾਂ ਦਾ ਰਹਿੰਦ-ਖੂੰਹਦ, ਘਾਹ-ਫੂਸ ਸਾੜਿਆ ਜਾ ਰਿਹਾ ਹੈ। ਧਰਤੀ ਦਾ ਸੀਨਾ ਅੰਦਰੋਂ ਵਿੰਨ੍ਹਿਆਂ ਜਾ ਰਿਹਾ ਹੈ। ਪਾਣੀ ਦੀਆਂ ਭਰੀਆਂ ਸਮੁੰਦਰੀ ਹਵਾਵਾਂ ਸਾਡੇ ਪਹਾੜਾਂ ਨਾਲ ਟਕਰਾਉਣ ਤੋਂ ਪਹਿਲਾ ਹੀ ਤਪ ਜਾਂਦੀਆਂ ਹਨ, ਬਾਰਸ਼ ਕਿਵੇਂ ਬਰਸੇ। ਪਾਣੀ ਭਰੇ ਮੇਘਲੇ ਸਾਡੇ ਨਾਲ ਪਹਿਲਾਂ ਹੀ ਰੁੱਸ ਗਏ ਹਨ। ਵੀਰਵਾਰ ਦੀਆਂ ਝੜੀਆਂ ਹਫ਼ਤਾ-ਹਫ਼ਤਾ ਤਕ ਬਰਸਦੀਆਂ ਸਨ। ਪਿੱਪਲ ਦੇ ਹਰੇ ਚੌੜੇ ਪੱਤੇ ਤੋੜ ਕੇ ਗਰਮ ਤਵੇ ਉੱਤੇ ਮਿੱਠੇ ਪੂੜੇ ਫੈਲਾਏ ਜਾਂਦੇ ਸਨ। ਹੁਣ ਤਾਂ ਵਾਤਾਵਰਣ ਦਾ ਸਾਵਾਂਪਨ ਹੀ ਨਹੀਂ ਰਿਹਾ। ਇਹ ਸਥਿਤੀ ਬਦਲਣੀ ਪਏਗੀ। ਸਾਨੂੰ ਦਰੱਖ਼ਤਾਂ ਹੇਠ ਰਕਬਾ ਵਧਾ ਕੇ ਮੁੜ ਹਰਿਆ-ਭਰਿਆ ਵਾਤਾਵਰਣ ਬਣਾਉਣਾ ਪਏਗਾ।

ਸੰਪਰਕ: 94638-08697

-o-



# ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ

**ਡਾ: ਰਾਜਿੰਦਰ ਸਿੰਘ ਕੁਰਾਲੀ**

ਰੁੱਖ ਸਾਡੇ ਅੰਗ-ਸੰਗ ਮਾਂ ਦੀ ਠੰਢੀ ਛਾਂ ਵਾਂਗ ਰਹਿੰਦੇ ਹਨ। ਕੁਰਾਲੀ ਤੋਂ ਖਰੜ ਰੋਡ 'ਤੇ ਸਵੇਰੇ ਜਦੋਂ ਮੈਂ ਲੰਘਦਾ ਸਾਂ, ਤਾਂ ਸੜਕ ਕਿਨਾਰੇ ਖੜ੍ਹੇ ਰੁੱਖ ਰਿਸ਼ੀਆਂ ਵਾਂਗ ਪ੍ਰਤੀਤ ਹੁੰਦੇ ਤੇ ਮਨ ਇਨ੍ਹਾਂ ਅੱਗੇ ਨਤਮਸਤਕ ਹੋ ਜਾਂਦਾ। ਸਫ਼ਰ ਤਾਜ਼ਗੀ ਬਣ ਜਾਂਦਾ, ਸ਼ਾਂਤੀ ਤੇ ਆਨੰਦ ਨਾਲ ਮਨ ਭਰ ਜਾਂਦਾ। ਰੁੱਖਾਂ ਉੱਪਰੋਂ ਨਿਕਲ ਰਹੇ ਸੂਰਜ ਦੀ ਲਾਲੀ ਸੰਦਲੀ ਸਵੇਰ ਦਾ ਸੁਨੇਹਾ ਦੇ ਜਾਂਦੀ।

ਕੁਝ ਮਹੀਨੇ ਪਹਿਲਾਂ ਇੱਕ ਦਿਨ ਜਿਵੇਂ ਅਸਮਾਨੀ ਬਿਜਲੀ ਡਿੱਗਦੀ ਹੈ ਜਾਂ ਭੁਚਾਲ ਨਾਲ ਕੰਬਣੀ ਛਿੜ ਜਾਂਦੀ ਹੈ ਵਾਂਗ ਵਾਪਰ ਗਿਆ। ਸ਼ਾਂਤੀ ਨੂੰ ਮਾਤਮ ਦੇ ਜ਼ਹਿਰੀਲੇ ਸੱਪ ਨੇ ਡੰਗ ਮਾਰ ਦਿੱਤਾ। ਜੇ.ਸੀ.ਬੀ. ਮਸ਼ੀਨਾਂ ਅਤੇ ਆਰੇ ਰੁੱਖਾਂ 'ਤੇ ਕਹਿਰ ਢਾਹੁਣ ਲੱਗੇ। ਰਿਸ਼ੀਆਂ ਵਰਗੇ ਅਡੋਲ ਰੁੱਖ ਧਰਤੀ 'ਤੇ ਡਿੱਗਣ ਲੱਗੇ। ਵਿਸ਼ਾਲ ਰੁੱਖ ਰਣ-ਤੱਤੇ ਵਿੱਚ ਜੌਹਰ ਦਿਖਾ ਕੇ ਟੋਟੇ-ਟੋਟੇ ਹੋਏ ਲਹੂ ਵਿੱਚ ਭਿੱਜੇ ਸੂਰਮਿਆਂ ਵਾਂਗ ਜਾਪਣ ਲੱਗੇ। ਹਵਾ ਉਦਾਸ ਹੋ ਗਈ। ਧਰਤੀ ਕਬਰਸਤਾਨ ਵਾਂਗ ਸੁੰਨੀ ਅਤੇ ਵੀਰਾਨ ਜਾਪਣ ਲੱਗੀ। ਸਫ਼ਰ ਦਾ ਸੁਖਾਂਤ ਦੁਖਾਂਤ ਬਣ ਗਿਆ। ਖੁਸ਼ੀ ਸੰਤਾਪ ਤੇ ਚਿੰਤਾ ਦੇ ਹਨੇਰਿਆਂ ਵਿੱਚ ਗੁਆਚ ਗਈ। ਦਿਲ ਬਚਪਨ ਵਿੱਚ ਮਾਂ ਦੀ ਛਾਂ ਦਾ ਪਿਆਰ ਗੁਆ ਬੈਠਣ ਵਾਲੇ ਬੱਚੇ ਵਾਂਗ ਕੁਰਲਾਉਣ ਲੱਗਾ। 'ਰੁੱਖ ਭਾਵੇਂ ਬੋਲ ਨਾ ਸਕਦੇ, ਬੰਦਿਆਂ ਦਾ ਦੁੱਖ ਪੁੱਛਦੇ' ਗੀਤ ਦੀਆਂ ਸਤਰਾਂ ਦਰਦ ਬਣ ਕੇ ਉਦਾਸ ਮਨ ਦੀ ਪਰਕਰਮਾ ਕਰਨ ਲੱਗੀਆਂ। ਸਾਡਾ ਦੁੱਖ ਮਹਿਸੂਸ ਕਰਨ ਵਾਲੇ ਰੁੱਖਾਂ ਦਾ ਦੁੱਖ ਕੀ ਮਨੁੱਖ ਮਹਿਸੂਸ ਕਰ ਰਿਹਾ ਹੈ? ਕੀ ਵਿਕਾਸ ਦੇ ਨਾਂ 'ਤੇ ਵਪਾਰਕ ਹਿੱਤਾਂ ਲਈ ਇਨ੍ਹਾਂ ਦਾ ਦਰਦਨਾਕ ਕਤਲੇਆਮ ਸੁਆਰਥੀ ਸੋਚ ਨੂੰ ਹਲੂਣੇਗਾ ਜਾਂ ਲਾਲਚ ਦੇ ਝੱਖੜਾਂ ਅੱਗੇ ਬੇਵੱਸ ਹੋ ਕੇ ਰਹਿ ਜਾਵੇਗਾ?

**ਮੈਂ ਸੌ ਸੌ ਰੁੱਖ ਪਈ ਲਾਵਾਂ ਰੁੱਖ ਤਾਂ ਹਰੇ ਭਰੇ,**
**ਮਾਵਾਂ ਠੰਢੀਆਂ ਛਾਵਾਂ ਛਾਵਾਂ ਕੌਣ ਕਰੇ।**

ਇਸ ਲੋਕ ਗੀਤ ਵਿੱਚ ਰੁੱਖ ਲਗਾਉਣ ਦਾ ਚਾਅ ਅਤੇ ਉਨ੍ਹਾਂ ਦੀ ਛਾਂ ਨੂੰ ਮਮਤਾ ਸਮਾਨ ਸਮਝਣ ਦਾ ਭਾਵ ਉੱਭਰਦਾ ਹੈ। ਅੱਜ ਸੌ-ਸੌ ਰੁੱਖ ਲਗਾਉਣ ਦੀ ਥਾਂ ਹਜ਼ਾਰਾਂ ਰੁੱਖ ਕੱਟਣ ਦੀ ਸੋਚ ਪ੍ਰਧਾਨ ਹੋ ਰਹੀ ਹੈ। ਰੁੱਖ ਪਰਉਪਕਾਰ ਦਾ ਦੂਜਾ ਨਾਂਅ ਹੈ। ਇਹ ਲੈਂਦੇ ਬਹੁਤ ਥੋੜ੍ਹਾ ਹਨ ਪਰ ਸਾਰੀ

ਉਮਰ ਵੰਡਦੇ ਹਨ। ਧੁੱਪ, ਝੱਖੜ, ਸਰਦੀ ਸਭ ਦੀ ਮਾਰ ਝੱਲ ਕੇ ਇਹ ਸਦਾ ਸੁੱਖ ਪ੍ਰਦਾਨ ਕਰਦੇ ਹਨ।ਵੱਢੇ ਜਾਣ ਪਿੱਛੋਂ ਵੀ ਉਪਯੋਗੀ ਰਹਿੰਦੇ ਹਨ। ਇਨ੍ਹਾਂ ਦੀ ਉਪਯੋਗਤਾ ਇਨ੍ਹਾਂ ਲਈ ਕਹਿਰ ਬਣ ਗਈ ਹੈ। ਮਨੁੱਖੀ ਸੁਆਰਥਾਂ ਦਾ ਕੁਹਾੜਾ ਗ਼ਜ਼ਬ ਬਣ ਕੇ ਇਨ੍ਹਾਂ ’ਤੇ ਟੁੱਟ ਪਿਆ ਹੈ। ਸ਼ੇਖ ਫਰੀਦ ਜੀ ਨੇ ਦਰਵੇਸ਼ਾਂ ਨੂੰ ਰੁੱਖਾਂ ਵਾਂਗ ਪਰਉਪਕਾਰੀ ਬਣਨ ਲਈ ਪ੍ਰੇਰਿਤ ਕੀਤਾ ਹੈ:

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥**
**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥**

ਲਾਲਚ ਦਾ ਸ਼ਿਕਾਰ ਹੋਏ ਮਨੁੱਖ ਨੂੰ ਇਹ ਭੁੱਲ ਗਿਆ ਹੈ ਕਿ ਰੁੱਖ ਉਸ ਦੀ ਸਾਹ ਰਗ ਹਨ। ਉਸ ਦੇ ਪ੍ਰਾਣ ਹਨ, ਨੱਚਦੀ-ਗਾਉਂਦੀ ਜ਼ਿੰਦਗੀ ਦੀ ਧੜਕਣ ਹਨ। ਉਹ ਕੁਹਾੜਾ ਰੁੱਖਾਂ ’ਤੇ ਨਹੀਂ ਆਪਣੇ ਭਵਿੱਖ ’ਤੇ ਚਲਾ ਰਿਹਾ ਹੈ।ਰੁੱਖ ਧਰਤੀ ’ਤੇ ਕੁਦਰਤ ਦੀ ਸੁੰਦਰਤਾ ਹਨ। ਕੁਦਰਤ ਦੇ ਸਿਰ ਦੀ ਫੁਲਕਾਰੀ ਤੇ ਸਦਾ-ਬਹਾਰ ਹਰਾ ਘੱਗਰਾ ਰੁੱਖਾਂ ਤੇ ਫੁੱਲਾਂ ਨੇ ਸਿਰਜਿਆ ਹੈ:

**ਧਰਤੀ ਲਾਡ ਕਰੇਂਦੀਏ ਤੇਰਾ ਮੱਥਾ ਨੂਰੋ-ਨੂਰ,**
**ਸਿਰ ’ਤੇ ਸੁੱਭਰ ਸੋਂਹਦਾ ਹਰਾ-ਭਰਾ ਕਚੂਰ।**

ਜ਼ਿੰਦਗੀ ਲਈ ਵਿਕਾਸ ਜ਼ਰੂਰੀ ਹੈ। ਹਰ ਚੀਜ਼ ਵਿੱਚ ਤਬਦੀਲੀ ਹੁੰਦੀ ਹੈ। ਹਰ ਪ੍ਰਭਾਤ, ਹਰ ਪਲ ਨਵਾਂ ਕਰਨ ਦਾ ਸੁਨੇਹਾ ਦਿੰਦੀ ਹੈ। ਇਹ ਤਬਦੀਲੀ ਤੇ ਨਵੀਨਤਾ ਭਵਿੱਖਮੁਖੀ ਹੋਣੀ ਜ਼ਰੂਰੀ ਹੈ। ਅੱਜ ਦੇ ਲਏ ਸਹੀ ਫ਼ੈਸਲੇ ਕੱਲ੍ਹ ਦਾ ਬਿਹਤਰ ਭਵਿੱਖ ਸਿਰਜਦੇ ਹਨ। ਜੋ ਅੱਜ ਕਿੱਕਰਾਂ ਬੀਜ ਰਿਹਾ ਹੈ ਉਸਨੂੰ ਕੱਲ੍ਹ ਸੰਧੂਰੀ ਅੰਬਾਂ ਦੀ ਆਸ ਨਹੀਂ ਕਰਨੀ ਚਾਹੀਦੀ। ਅੱਜ ਦਾ ਮਨੁੱਖ ਕੱਲ੍ਹ ਬਾਰੇ ਬੇਖ਼ਬਰ ਹੈ। ਉਹ ਸੜਕਾਂ, ਗੱਡੀਆਂ ਅਤੇ ਵੱਡੀਆਂ ਇਮਾਰਤਾਂ ਦੀ ਦੌੜ ਵਿੱਚ ਹੈ। ਇਹ ਦੌੜ ਝੁੱਗਾ-ਚੌੜ ਵਾਲੀ ਸਾਬਤ ਹੋ ਰਹੀ ਹੈ। ਸੜਕਾਂ ਕੱਢਣ ਨਾਲ ਰੁੱਖਾਂ ਤੇ ਖੇਤਾਂ ਦਾ ਵਿਕਰਾਲ ਉਜਾੜਾ ਹੋ ਰਿਹਾ ਹੈ। ਰੁੱਖਾਂ ਦੇ ਵੱਢਣ ਨਾਲ ਹਵਾ ਦੀ ਨਿਰਮਲਤਾ ਪ੍ਰਭਾਵਿਤ ਹੋਈ ਹੈ। ਇਨ੍ਹਾਂ ’ਤੇ ਆਲ੍ਹਣੇ ਪਾਉਣ ਵਾਲੇ ਪੰਛੀ ਬੇਘਰ ਹੋ ਗਏ ਹਨ। ਰੁੱਖ ਘਟਣ ਨਾਲ ਮੀਂਹ ਪੈਣ ਦੀ ਸੰਭਾਵਨਾ ਘਟਦੀ ਹੈ। ਇਹ ਧਰਤੀ ਨੂੰ ਨਾ ਕੇਵਲ ਹੜ੍ਹਾਂ ਤੋਂ ਬਚਾਉਂਦੇ ਹਨ ਸਗੋਂ ਧਰਤੀ ਹੇਠਲੇ ਪਾਣੀ ਨੂੰ ਸ਼ੁੱਧ ਵੀ ਕਰਦੇ ਹਨ। ਅੱਜ ਰੁੱਖਾਂ ਦੀ ਘਟੀ ਗਿਣਤੀ ਤੇ ਮਨੁੱਖ ਦੀ ਭੋਗਵਾਦੀ ਰੁਚੀ, ਜਿਸ ਵਿੱਚ ਵ੍ਹੀਕਲਾਂ ਦੀ ਅੰਧਾ-ਧੁੰਦ ਵਰਤੋਂ ਫੈਕਟਰੀਆਂ ਤੇ ਕੀਟਨਾਸ਼ਕਾਂ ਦਾ ਪ੍ਰਦੂਸ਼ਣ ਸ਼ਾਮਲ ਹੈ, ਤਾਪਮਾਨ ਤੇ ਵਾਤਾਵਰਣ ਨੂੰ ਪ੍ਰਭਾਵਿਤ ਕਰ ਰਹੇ ਹਨ।

ਤਾਪਮਾਨ ਵਧਣ ਨਾਲ ਮੀਂਹ ਤੇ ਮੌਸਮ ਬੇਵਕਤ ਹੋ ਗਏ ਹਨ।



ਬੱਦਲ ਫਟਣ ਜਿਹੇ ਹਾਦਸੇ ਵਧ ਰਹੇ ਹਨ। ਜਿਨ੍ਹਾਂ ਇਲਾਕਿਆਂ ਵਿੱਚ ਕਿਸੇ ਨੇ ਹੜ੍ਹ ਦੀ ਕਲਪਨਾ ਤਕ ਨਹੀਂ ਸੀ ਕੀਤੀ ਉੱਥੇ ਹੜ੍ਹ ਆ ਰਹੇ ਹਨ। ਕਈ ਇਲਾਕਿਆਂ ਵਿੱਚ ਲੋਕ ਮੀਂਹ ਲਈ ਤਰਸਣ ਲੱਗੇ ਹਨ। ਸੜਕ ਕਿਨਾਰੇ ਦੇ ਘਰ, ਪਿੰਡ ਤੇ ਕਸਬੇ ਸਭ ਮਿੱਟੀ ਨਾਲ ਭਰ ਰਹੇ ਹਨ। ਅੱਗੇ ਨਿਕਲਣ ਦੀ ਕਾਹਲ ਵਿੱਚ ਜਦੋਂ ਵ੍ਹੀਕਲ ਸੜਕ ਨਾਲ ਬਣੀ ਕੱਚੀ ਪੱਟੜੀ ’ਤੇ ਦੌੜਦੇ ਹਨ ਤਾਂ ਧੂੜ ਅਸਮਾਨ ਤਕ ਜਾ ਚੜ੍ਹਦੀ ਹੈ। ਇਸ ਨਾਲ ਸਕੂਲ ਜਾ ਰਹੇ ਵਿਦਿਆਰਥੀ ਖ਼ਾਸ ਕਰਕੇ ਪੈਦਲ ਜਾ ਰਹੀਆਂ ਬੇਟੀਆਂ ਤੇ ਸਾਈਕਲਾਂ ’ਤੇ ਜਾ ਰਹੇ ਲੋਕਾਂ ਦਾ ਧੂੜ ਨਾਲ ਬੁਰਾ ਹਾਲ ਹੋਣ ਦੇ ਨਾਲ-ਨਾਲ ਉਹ ਹਾਦਸਿਆਂ ਦਾ ਸ਼ਿਕਾਰ ਵੀ ਬਣ ਜਾਂਦੇ ਹਨ।

ਪੰਜਾਬ ਵਿੱਚ ਰੁੱਖਾਂ ਥੱਲੇ, ਕੁੱਲ ਜ਼ਮੀਨ ੬ ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ। ਕਿਸੇ ਸਮੇਂ ਰੁੱਖ ਕਿਸੇ ਇਲਾਕੇ ਦੀ ਪਛਾਣ ਹੁੰਦੇ ਸਨ। ਰੂਪਨਗਰ ਜ਼ਿਲ੍ਹੇ ਵਿੱਚ ਮੋਰਿੰਡਾ ਕਸਬੇ ਦਾ ਨਾਂਅ ਬਾਗ਼ਾਂ ਵਾਲਾ ਹੁੰਦਾ ਸੀ। ਬਜ਼ੁਰਗਾਂ ਅਨੁਸਾਰ ਅੰਬਾਲਾ ਦਾ ਨਾਂਅ ਵੀ ਅੰਬਾਂ ਕਰਕੇ ਅੰਬਾਂਵਾਲਾ ਤੋਂ ਅੰਬਾਲਾ ਪਿਆ ਸੀ। ਗੁਰਦੁਆਰਿਆਂ ਤੇ ਮੰਦਰਾਂ ਦੀ ਰੁੱਖ ਪਛਾਣ ਰਹੇ ਹਨ। ਪਿੱਪਲ ਨੂੰ ਵਿਸ਼ਨੂੰ ਅਤੇ ਬੋਹੜ ਨੂੰ ਸ਼ਿਵ ਦਾ ਰੂਪ ਮੰਨਿਆ ਜਾਂਦਾ ਹੈ। ਪਾਵਨ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਨੇ ਆਪਣੇ ਆਪ ਨੂੰ ਰੁੱਖਾਂ ਵਿੱਚ ਪਿੱਪਲ ਦਾ ਰੁੱਖ ਮੰਨਿਆ ਹੈ। ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ ਵਿੱਚ ਬੇਰੀਆਂ ਵਿਲੱਖਣ ਸਥਾਨ ਰੱਖਦੀਆਂ ਹਨ। ਕਈ ਗੁਰਧਾਮਾਂ ਦੇ ਨਾਂ ਰੁੱਖਾਂ ਦੇ ਨਾਂ ’ਤੇ ਰੱਖੇ ਗਏ ਹਨ। ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿੱਚ ਗੁਰਦੁਆਰਾ ਅੰਬ ਸਾਹਿਬ ਇਸਦੀ ਉੱਘੀ ਮਿਸਾਲ ਹੈ।

ਰਾਜੇ-ਮਹਾਰਾਜੇ ਰੁੱਖ ਤੇ ਬਾਗ਼ ਲਵਾਉਣ ਨੂੰ ਪੁੰਨ ਦਾ ਕੰਮ ਸਮਝਦੇ ਸਨ।ਮਤੱਸਿਆ ਪੁਰਾਣ ਅਨੁਸਾਰ ਦਸ ਚੰਗੇ ਪੁੱਤਰਾਂ ਦੀ ਪ੍ਰਾਪਤੀ ਇੱਕ ਰੁੱਖ ਲਗਾਉਣ ਦੇ ਸਾਮਾਨ ਮੰਨੀ ਗਈ ਹੈ। ਅਸਲ ਵਿੱਚ ਵਿਅਕਤੀ ਨਾਲੋਂ ਰੁੱਖਾਂ ਦੀ ਉਮਰ ਕਿਤੇ ਲੰਮੀ ਹੁੰਦੀ ਹੈ ਤੇ ਉਪਯੋਗਤਾ ਕਿਤੇ ਵੱਡੀ। ਇੱਕੋ ਤਰ੍ਹਾਂ ਦੇ ਰੁੱਖ ਲਗਾਉਣ ਦੀ ਥਾਂ ਭਿੰਨ-ਭਿੰਨ ਤਰ੍ਹਾਂ ਦੇ ਰੁੱਖ ਲਗਾਏ ਜਾਣੇ ਚਾਹੀਦੇ ਹਨ। ਸ੍ਰੀ ਰਾਮ, ਸੀਤਾ ਤੇ ਲਛਮਣ ਸਮੇਤ ਪੰਚਵਟੀ ਵਿੱਚ ਉਸ ਰਮਣੀਕ ਸਥਾਨ ਨੂੰ ਨਿਵਾਸ ਲਈ ਚੁਣਦੇ ਹਨ, ਜਿੱਥੇ ਤਰ੍ਹਾਂ-ਤਰ੍ਹਾਂ ਦੇ ਹਰੇ-ਭਰੇ ਫਲਦਾਰ ਰੁੱਖ ਮਹਿਕ ਰਹੇ ਸਨ। ਬਾਲਮੀਕ ਰਾਮਾਇਣ ਅਨੁਸਾਰ ਇਹ ਥਾਂ ਸਾਲ, ਤਾਲ, ਤਮਾਲ,ਖਜ਼ੂਰ, ਕਟਹਲ, ਜਲਕਦੰਬ, ਤਨਿਸ਼, ਪੁਨਾਗ, ਅੰਬ, ਅਸ਼ੋਕ, ਤਿਲਕ, ਕੇਵੜਾ, ਚੰਪਾ, ਸਯੰਦਰ, ਚੰਦਨ, ਕਦੰਬ, ਪਰਣਸ, ਲਕੁਚ, ਧਵ,

ਅਸ਼ਵਕਰਣ, ਖੈਰ, ਸ਼ਮੀ, ਪਲਾਸ ਤੇ ਪਾਟਲ ਜਿਹੇ ਸੁੰਦਰ ਰੁੱਖਾਂ ਨਾਲ ਸ਼ੋਭ ਰਹੀ ਸੀ।

ਕਈ ਧਾਰਮਿਕ/ਸਮਾਜਿਕ ਹਸਤੀਆਂ ਤੇ ਸੰਸਥਾਵਾਂ ਰੁੱਖ ਲਗਾ ਰਹੀਆਂ ਹਨ। ਰੁੱਖ ਲਗਾਉਣ ਦੇ ਨਾਲ ਇਨ੍ਹਾਂ ਦੀ ਸੰਭਾਲ ਅਤਿ ਜ਼ਰੂਰੀ ਹੈ। ਜੋ ਸੰਸਥਾਵਾਂ ਰੁੱਖ ਵੰਡਦੀਆਂ ਹਨ ਉਨ੍ਹਾਂ ਨੂੰ ਇਸ ਦਾ ਰਿਕਾਰਡ ਰੱਖਣਾ ਚਾਹੀਦਾ ਹੈ। ਰੁੱਖ ਲੈਣ ਵਾਲੇ ਲੋਕਾਂ ਦੇ ਪਤੇ ਤੇ ਮੋਬਾਈਲ ਨੰਬਰ ਨੋਟ ਕਰਕੇ ਇਨ੍ਹਾਂ ਰੁੱਖਾਂ ਦੀ ਪਰਵਰਿਸ਼ ਅਤੇ ਕਾਮਯਾਬੀ ਯਕੀਨੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕਈ ਸ਼ਰਾਰਤੀ ਅਨਸਰ ਜਾਂ ਨਾਸਮਝ ਬੱਚੇ ਸਕੂਲਾਂ 'ਤੇ ਹੋਰ ਥਾਵਾਂ 'ਤੇ ਲਾਏ ਨਵੇਂ ਪੌਦਿਆਂ ਨੂੰ ਪੁੱਟ ਦਿੰਦੇ ਹਨ। ਇਸ ਪੱਖੋਂ ਬਜ਼ੁਰਗਾਂ ਅਤੇ ਸਮਝਦਾਰ ਲੋਕਾਂ ਨੂੰ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਅਜਿਹੇ ਲੋਕਾਂ 'ਤੇ ਨਜ਼ਰ ਵੀ ਰੱਖਣੀ ਚਾਹੀਦੀ ਹੈ। ਕੁਝ ਲੋਕ ਲੱਕੜ ਦੇ ਲਾਲਚ ਵਿੱਚ ਰੁੱਖਾਂ ਨੂੰ  ਛਾਂਗਦੇ ਤੇ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾਂ ਨੂੰ ਨੱਥ ਪਾਉਣੀ ਜ਼ਰੂਰੀ ਹੈ।

ਅੱਜ ਸੜਕਾਂ ਨੂੰ ਚੌੜਾ ਕਰਨ ਜਾਂ ਨਵੇਂ ਮਾਰਗ ਕੱਢਣ ਨਾਲ ਰੁੱਖਾਂ ਦਾ ਬੇਹੱਦ ਨੁਕਸਾਨ ਹੋ ਰਿਹਾ ਹੈ। ਅੰਨ੍ਹੇਵਾਹ ਰੁੱਖਾਂ ਦੀ ਕਟਾਈ ਹੋ ਰਹੀ ਹੈ। ਸਰਕਾਰ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਇਸ ਦੀ ਪੂਰਤੀ ਕਰਨੀ ਚਾਹੀਦੀ ਹੈ। ਨਵੇਂ ਬਣੇ ਮਾਰਗਾਂ  ਕਿਨਾਰੇ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਜਨਤਕ ਥਾਵਾਂ 'ਤੇ ਲੱਗੇ ਰੁੱਖਾਂ ਦੀ ਰਾਖੀ ਯਕੀਨੀ ਬਣਾਉਣੀ ਚਾਹੀਦੀ ਹੈ। ਅੱਜ ਵੱਡੀ ਗਿਣਤੀ ਵਿੱਚ ਕਾਰਾਂ ਦੀ ਵਰਤੋਂ ਲੋੜ ਦੀ ਥਾਂ ਦਿਖਾਵੇ ਲਈ ਹੋ ਰਹੀ ਹੈ। ਬੱਚੇ ਮਾਤਾ ਪਿਤਾ ਨਾਲ ਜ਼ਿੱਦ ਕਰਕੇ ਕਾਰਾਂ ਤੇ ਮੋਟਰਸਾਈਕਲਾਂ ਦੀ ਮੰਗ ਕਰ ਰਹੇ ਹਨ। ਇਸ ਬਿਰਤੀ ਨੂੰ ਬਦਲਣ ਲਈ ਸਮਾਜ ਅੰਦਰ ਭੋਗ ਦੀ ਥਾਂ ਉਪਯੋਗ ਦਾ ਸੁਨੇਹਾ ਦੇਣਾ ਅਤੀ ਜ਼ਰੂਰੀ ਹੈ। ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਹਾਦਸਿਆਂ ਤੋਂ ਮੁਕਤ ਹਰੇ-ਭਰੇ ਸੁਹਾਵਣੇ ਵਾਤਾਵਰਨ ਵਿੱਚ ਸਾਹ ਲੈ ਸਕਣਗੀਆਂ।

-ਨਵਾਂ ਵਾਰਡ ਨੰ: 11, ਟੀਚਰ ਕਾਲੋਨੀ, ਕਾਲੋਨੀ ਕੁਰਾਲੀ, (ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ) ਮੋ: 9781488725

-o-



## ਰੁੱਖ

ਸਉਣ ਮਹੀਨੇ ਦੇ ਵਿੱਚ ਮਿਲਕੇ
ਇਕ ਇਕ ਰੁੱਖ ਲਗਾਈਏ ।
ਖੁਰਦੀ ਜਾਂਦੀ ਪਰਤ ਧਰਤ ਦੀ
ਮਿਲ ਕੇ ਅਸੀਂ ਬਚਾਈਏ ।
ਹਰਾ ਭਰਾ ਹੈ ਚੰਗਾ ਲੱਗਦਾ
ਸ਼ੁੱਧ ਹਵਾ ਹੋ ਜਾਂਦੀ,
ਜਿੱਥੇ ਜੰਗਲ ਬੇਲੇ ਹੁੰਦੇ
ਬਾਰਸ਼ ਮੁੜ ਮੁੜ ਆਂਦੀ ।
ਬੂਟੇ ਸਾਨੂੰ ਫਲ ਫੁੱਲ ਦਿੰਦੇ
ਨਾਲੇ ਦਿੰਦੇ ਛਾਵਾਂ,
ਕਈ ਬੂਟੇ ਗੁਣਕਾਰੀ ਹੁੰਦੇ,
ਜਿੱਥੋਂ ਮਿਲਣ ਦਵਾਵਾਂ ।
ਕਈ ਪੰਛੀ ਤਾਂ ਰੁੱਖਾਂ ਉੱਪਰ
ਰਹਿਣ ਆਲ੍ਹਣੇ ਪਾਉਂਦੇ,
ਮੀਂਹ ਹਨੇਰੀ ਝੱਖੜ ਦੇ ਵਿੱਚ
ਆਪਣਾ ਆਪ ਬਚਾਉਂਦੇ ।
ਰੁੱਖ ਅਸਾਡੀ ਬਰਕਤ ਨੇ
ਤੇ ਰੁੱਖ ਅਸਾਡਾ ਗਹਿਣਾ,
ਨਾ ਕੱਟੀਏ ਨਾ ਕੱਟਣ ਦਈਏ
ਪਹਿਰਾ ਦਿੰਦੇ ਰਹਿਣਾ ।
ਇਕ ਰੁੱਖ ਤੇ ਸੌ ਸੁੱਖ ਵਾਲਾ
ਆਉ ਫ਼ਰਜ਼ ਨਿਭਾਈਏ,
ਵਾਧੂ ਰੁੱਖ ਲਗਾ ਕੇ 'ਜੱਸਿਆ'
ਹਰੀ-ਕ੍ਰਾਂਤੀ ਲਿਆਈਏ ।

- ਜੈ ਸਿੰਘ 'ਜੱਸਾ'
ਪ੍ਰਸ਼ਾਸਕ ਮਾਨਾਂਵਾਲਾ ਕੰਪਲੈਕਸ, ਪਿੰਗਲਵਾੜਾ ਅੰਮ੍ਰਿਤਸਰ।
ਮੋ: 97814-001142

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਦੀ ਤਰਫੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ-ਸੰਭਾਲ ਲਈ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਦੇ ਲਈ ਸਹੀ ਇਮਾਰਤ ਅਤੇ ਨਾ ਹੀ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਇਸ ਕਠਿਨ ਰਾਹ ’ਤੇ ਚੱਲ ਪਏ; ਲੇਕਿਨ ਲੋਕ ਮਿਲਦੇ ਗਏ ਅਤੇ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉੱਤਰਾਧਿਕਾਰੀ ਡਾਕਟਰ ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਦੇ ਕਾਰਜਾਂ ’ਤੇ ਇੱਕ ਝਾਤ:-**

**1. ਨਿਵਾਸ ਅਤੇ ਸੰਭਾਲ** :-1803 ਤੋਂ ਵਧੇਰੇ ਨਿਵਾਸੀਆਂ ਦੇ ਰਹਿਣ ਲਈ ਪ੍ਰਬੰਧ ਅਤੇ ਬਜ਼ੁਰਗਾਂ ਦੇ ਰਹਿਣ ਲਈ ‘ਆਪਣਾ ਘਰ’। ਪਿੰਗਲਵਾੜਾ ਸੰਸਥਾ ਦੀਆਂ ਅਲੱਗ-ਅਲੱਗ ਬ੍ਰਾਂਚਾਂ ਵਿੱਚ ਬਿਮਾਰੀ ਗ੍ਰਸਤ ਰੋਗੀਆਂ ਦੇ ਰਹਿਣ ਦਾ ਬਹੁਤ ਚੰਗਾ ਪ੍ਰਬੰਧ ਹੈ:-

31 ਅਕਤੂਬਰ 2018 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ:-

| | | | |
|---|---|---|---|
| ਮਾਨਸਿਕ ਰੋਗੀ | 376 | ਏਡਜ਼ ਵਾਲੇ | 21 |
| ਅਧਰੰਗ/ ਪੋਲੀਏ ਵਾਲੇ | 148 | ਮਿਰਗੀ ਵਾਲੇ | 201 |
| ਮੰਦ-ਬੁੱਧੀ ਵਾਲੇ | 441 | ਕੈਂਸਰ ਵਾਲੇ | 01 |
| ਗੂੰਗੇ ਬਹਿਰੇ | 173 | ਸ਼ੂਗਰ ਵਾਲੇ | 87 |
| ਬਜ਼ੁਰਗ | 143 | ਸਕੂਲੀ ਬੱਚੇ | 90 |
| ਜ਼ਖ਼ਮਾਂ ਵਾਲੇ | 29 | ਲਾਵਾਰਸ ਬੱਚੇ | 03 |
| ਟੀ.ਬੀ. ਵਾਲੇ | 17 | ਠੀਕ ਹੋ ਚੁੱਕੇ ਰੋਗੀ | 32 |
| ਨੇਤਰਹੀਣ | 41 | **ਕੁੱਲ ਰੋਗੀ** | **1803** |



| ਸ਼ਾਖਾਵਾਂ | ਰੋਗੀ/ਨਿਵਾਸੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 337 |
| 2. ਮਾਨਾਂਵਾਲਾ ਕੰਪਲੈਕਸ | 886 |
| 3. ਪੰਡੋਰੀ ਵੜੈਚ ਸ਼ਾਖਾ | 111 |
| 4. ਗੋਇੰਦਵਾਲ ਸ਼ਾਖਾ | 98 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 212 |
| 7. ਪਲਸੋਰਾ ਸ਼ਾਖਾ (ਚੰਡੀਗੜ੍ਹ) | 118 |
| | **ਕੁੱਲ ਰੋਗੀ 1803*** |

2. **ਇਲਾਜ ਅਤੇ ਸਹੂਲਤਾਂ** :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**: ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬੋਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ੲ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬੋਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ ’ਤੇ 5 ਅਗਸਤ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ

---

* ਰੋਗੀਆਂ ਦੀ ਗਿਣਤੀ ਹਰ ਸਾਲ ਵਧਦੀ ਜਾ ਰਹੀ ਹੈ, ਪਰੰਤੂ ਠੀਕ ਹੋ ਕੇ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਵਾਪਸ ਭੇਜ ਦਿੱਤੇ ਗਏ ਹਨ/ਜਾਂਦੇ ਹਨ ।

ਸਿੰਘ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਰਾਹੀਂ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 11618 ਬਣਾਵਟੀ ਅੰਗ ਲਗਾਏ ਗਏ ਹਨ।

(ਕ) **ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਬਧ ਰਹਿੰਦੀ ਹੈ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

(ਖ) **ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲਿਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ Bera Test ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

(ਗ) **ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ ਅਤੇ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

(ਘ) **ਦੰਦਾਂ ਦਾ ਕਲਿਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਦੇ ਲਈ ਦੰਦਾਂ ਦਾ ਕਲਿਨਿਕ ਵੀ ਸਥਾਪਿਤ ਕੀਤਾ ਗਿਆ ਹੈ।

(ਙ) **ਫਿਜ਼ਿਓਥਿਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਿਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਿਰੈਪੀ ਕੀਤੀ ਜਾਂਦੀ ਹੈ।

(ਚ) **ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Centre) :-** ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory centre ਸਥਾਪਿਤ ਕੀਤਾ ਗਿਆ ਹੈ।

(ਛ) **ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

(ਜ) **ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੀ Rehabilitation ਲਈ ਕੇਂਦਰ ਹੈ।

(ਝ) **ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਨਾਗਰਿਕਾਂ ਵਾਲਾ ਜੀਵਨ ਜਿਉਣ ਦੇ ਕਾਬਲ ਹੋਣ।

**2. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇੱਥੇ ਗ਼ਰੀਬ ਅਤੇ ਝੁੱਗੀ-ਝੌਂਪੜੀ ਵਾਲੇ 723 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਦੁਆਰਾ ਪਾਲੇ-ਪੋਸੇ ਜਾ ਰਹੇ ਹਨ।

(ਅ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 156 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ ।

ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 18 ਬੱਚੇ ਸਿੱਖਿਆ ਲੈ ਰਹੇ ਹਨ ।

(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਪਿੰਗਲਵਾੜਾ ਦੇ 205 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :**

ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ ਛਾਇਆ ਹੇਠ 452 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਕ) ਦਸਤਕਾਰੀ ਸਿੱਖਿਆ ਕੇਂਦਰ :-**

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ਖ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) ।**

ਇੱਥੇ 37 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਗ) ਕੰਪਿਊਟਰ ਸਿੱਖਿਆ :-**

ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਘ) ਹੋਸਟਲ ਦਾ ਪ੍ਰਬੰਧ :-**

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਦੇ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**3. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਦੇ ਲਈ ਬਹੁਤ ਚਿੰਤਿਤ ਰਹਿੰਦੇ ਸਨ; ਇਸ ਲਈ ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ Soil Erosion (ਮਿੱਟੀ ਖੁਰਨ) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਦਰਖਤ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਦਰਖਤ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਲਗਭਗ ਹਰ ਸਾਲ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) Water Harvesting (ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ।

(ਕ) ਸੋਲਰ ਪਾਵਰ ਊਰਜਾ

**4. ਪੂਰਨ ਪ੍ਰਿੰਟਿੰਗ ਪ੍ਰੈੱਸ :-**

ਇਸ ਛਾਪੇਖ਼ਾਨੇ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਕਈ ਸਾਲਾਂ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ 'ਪੂਰਨ ਪ੍ਰਿੰਟਿੰਗ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚਲਦੇ ਇਸ ਪ੍ਰੈਸ ਦੀ ਬੜੀ ਵੱਡੀ ਦੇਣ ਹੈ।

**5. ਸਮਾਜ ਕਲਿਆਣ ਸੰਬੰਧੀ ਕਾਰਜ:-**

(ੳ) **ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ, ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫਟਣ ਨਾਲ ਲੇਹ-ਲੱਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

(ਅ) **ਲਾਵਾਰਸ ਲਾਸ਼ਾਂ ਦਾ ਦਾਹ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

(ੲ) **ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚੱਲ ਰਿਹਾ ਹੈ। ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

(ਸ) **ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ



ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਮੁੱਖ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)*

(iii) Pingalwara-Home for Homeless

(iv) Pingalwara-A selfless Home (Documentry by Gurmeet Sodhi—a famous American Media personality)

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

* ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਹਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(ix) **ਗੁਰਬਾਣੀ ਕੀਰਤਨ ਪਿੰਗਲਵਾੜਾ ਦੇ ਬੱਚਿਆਂ ਦੁਆਰਾ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

(x) **ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ 'ਭਗਤ ਪੂਰਨ ਸਿੰਘ

ਸਮਾਰਕ' ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xi) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 180 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।
2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।
3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regional Department) ਰਜਿਸਟਰਾਰ ਨੰ. 115210002 ਹੈ।
4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੱਧ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਿਹ ॥**



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |


**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Society of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**




# ਸਾਵਧਾਨ ! ਸਾਵਧਾਨ !! ਸਾਵਧਾਨ !!

ਭਾਰਤ ਵਿੱਚ ਹਰ ਸਾਲ ਦਸ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਹਿਸਾਬ ਨਾਲ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ । ਜੰਗਲਾਂ ਦੇ ਐਡੇ ਵੱਡੇ ਰਕਬੇ ਦੀ ਹਰ ਸਾਲ ਦੀ ਕਟਾਈ ਨੂੰ ਜੇ ਛੇਤੀ ਤੋਂ ਛੇਤੀ ਰੋਕ ਨਾ ਪਾਈ ਗਈ ਤੇ ਜੰਗਲਾਂ ਦਾ ਰਕਬਾ ਛੇਤੀ ਤੋਂ ਛੇਤੀ ਤੇ ਵੱਧ ਤੋਂ ਵੱਧ ਨਾ ਵਧਾਇਆ ਗਿਆ ਤਾਂ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕੇ ਵਿੱਚ 100 ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਅਤੇ ਪਹਾੜੀ ਇਲਾਕੇ ਵਿੱਚ 100 ਵਿੱਚੋਂ 66 ਹਿੱਸੇ ਦੇ ਹਿਸਾਬ ਨਾਲ ਜੰਗਲ ਲੱਗੇ ਹੋਏ ਹੋਣ । ਸੰਨ 1930 ਵਿੱਚ ਭਾਰਤ ਦਾ ਸਮੁੰਦਰ ਤੋਂ ਬਾਹਰੀ ਧਰਤੀ ਦਾ ਤੀਜਾ ਹਿੱਸਾ ਜੰਗਲਾਂ ਨਾਲ ਕੱਜਿਆ ਹੋਇਆ ਸੀ । 1951 ਵਿੱਚ ਉਸ ਰਕਬੇ ਵਿੱਚ 100 ਵਿੱਚੋਂ 23 ਹਿੱਸੇ ਦੇ ਹਿਸਾਬ ਨਾਲ ਜੰਗਲ ਬਾਕੀ ਰਹਿ ਗਏ ਸਨ ; ਪਰ 1989 ਵਿੱਚ ਜੰਗਲਾਂ ਦਾ ਇਹ ਰਕਬਾ ਘਟ ਕੇ 100 ਵਿੱਚੋਂ 10 ਹਿੱਸੇ ਹੀ ਰਹਿ ਗਿਆ ਹੈ । ਜੇ ਇਨ੍ਹਾਂ ਜੰਗਲਾਂ ਦੀ ਅੰਨ੍ਹੇਵਾਹ ਹੋ ਰਹੀ ਕਟਾਈ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤੇ ਰੁੱਖ ਲਾ ਕੇ ਧਰਤੀ ਨੂੰ ਉੱਤੇ ਦਿੱਤੇ ਗਏ ਹਿਸਾਬ ਨਾਲ ਨਾ ਕੱਜਿਆ ਗਿਆ ਤਾਂ ਸੋਕੇ ਆਉਣਗੇ, ਕਾਲ ਆਉਣਗੇ, ਧਰਤੀ ਖੁਰੇਗੀ ਤੇ ਰੇਤ ਦਾ ਮਾਰੂਥਲ ਬਣ ਜਾਵੇਗੀ ।

## ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖੁਸ਼ਹਾਲੀ ਦਾ ਅਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।



### ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ